ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 1 | 06 January 2021 to 12 January 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

**3** ਖ਼ਬਰਸਾਰ
ਅਗਲੇ 10 ਸਾਲਾਂ ਵਿੱਚ ਹੀ ਭਾਰਤ ਦੇ ਅਸਲ ਮਾਲਿਕ ਅੰਬਾਨੀ-ਅਡਾਨੀ ਵਰਗੇ ਕਾਰਪੋਰੇਟ ਹੋਣਗੇ ਨਾਂ ਕਿ ਲੋਕ-ਤੰਤਰ



**11** ਕਵਰ ਸਟੋਰੀ
ਮੋਦੀ ਸਰਕਾਰ ਕਿਸਾਨੀ ਮਸਲਾ ਹਲ ਕਰਨ ਦੇ ਮੂਡ ਵਿਚ ਨਹੀਂ



**23** ਵਿਸ਼ੇਸ਼ ਰਿਪੋਰਟ
ਪੁਰਾਤਨ ਸਿੰਘਾਂ ਦਾ ਇਤਿਹਾਸ ਚੇਤੇ ਕਰਵਾ ਰਿਹਾ ਏ ਸੋਚ 'ਸਿੰਘੂ ਬਾਰਡਰ'



**25** ਵਿਸ਼ੇਸ਼ ਰਿਪੋਰਟ
ਖਾਲਸਾ ਏਡ ਦਾ ਕਿਸਾਨ ਮਾਲ ਬਣਿਆ ਖਿਚ ਦਾ ਕੇਂਦਰ




# ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੋਹਨਸਨ ਨੇ 26 ਜਨਵਰੀ ਸਮਾਗਮਾਂ ਵਿਚ ਸ਼ਾਮਲ ਹੋਣ ਤੋਂ ਨਾਹ ਕੀਤੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੋਹਨਸਨ ਨੇ ਭਾਰਤ ਦੇ 26 ਜਨਵਰੀ ਗਣਤੰਤਰ ਦਿਹਾੜੇ ਸਬੰਧੀ ਸਮਾਗਮਾਂ ਵਿਚ ਸ਼ਾਮਲ ਹੋਣ ਤੋਂ ਨਾਹ ਕਰ ਦਿੱਤੀ ਹੈ। ਬੋਰਿਸ ਜੋਹਨਸ ਦੀ ਇਸ ਨਾਹ ਨੇ ਭਾਰਤ ਦੀਆਂ ਤਿਆਰੀਆਂ ਨੂੰ ਮੂੰਧੇ ਮੂੰਹ ਸੁੱਟ ਦਿੱਤਾ ਹੈ। ਭਾਵੇਂ ਕਿ ਬਰਤਾਨਵੀ ਪ੍ਰਧਾਨ ਮੰਤਰੀ ਨੇ ਇਸ ਨਾਹ ਦਾ ਕਾਰਨ ਬਰਤਾਨੀਆ ਵਿਚ ਕੋਰੋਨਾਵਾਇਰਸ ਦੇ ਹਾਲਾਤਾਂ ਨੂੰ ਦੱਸਿਆ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਿਹਾ ਕਿਸਾਨ ਸੰਘਰਸ਼ ਵੀ ਇਸ ਨਾਹ ਦਾ ਵੱਡਾ ਕਾਰਨ ਹੈ। ਜ਼ਿਕਰਯੋਗ ਹੈ ਕਿ ਬਰਤਾਨੀਆ ਦੇ



ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ

ਕਈ ਸੰਸਦ ਮੈਂਬਰਾਂ ਨੇ ਭਾਰਤ ਸਰਕਾਰ ਦੇ ਕਿਸਾਨ ਵਿਰੋਧੀ ਕਾਨੂੰਨਾਂ ਦਾ ਹਵਾਲਾ ਦਿੰਦਿਆਂ ਪ੍ਰਧਾਨ ਮੰਤਰੀ ਬੋਰਿਸ ਜੋਹਨਸਨ ਨੂੰ ਭਾਰਤ ਦਾ ਦੌਰਾ ਰੱਦ ਕਰਨ ਲਈ ਕਿਹਾ ਸੀ। ਇਸ ਵਾਰ ਦੀ 26 ਜਨਵਰੀ ਪਰੇਡ ਲਈ ਬੋਰਿਸ ਜੋਹਨਸਨ ਹੀ ਮੁੱਖ ਮਹਿਮਾਨ ਸਨ। ਦੌਰਾ ਰੱਦ ਹੋਣ ਸਬੰਧੀ ਬਰਤਾਨੀਆ ਦੇ ਵਿਦੇਸ਼ ਮਹਿਕਮੇ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫੋਨ 'ਤੇ ਗੱਲ ਕੀਤੀ ਅਤੇ ਆਪਣਾ ਦੌਰਾ ਰੱਦ ਕਰਨ ਸਬੰਧੀ ਜਾਣਕਾਰੀ ਦਿੱਤੀ।

## ਛੋਟਾ ਜਹਾਜ਼ ਇਕ ਘਰ ਉਪਰ ਡਿੱਗਕੇ ਹੋਇਆ ਤਬਾਹ- ਪਾਇਲਟ ਸਣੇ 3 ਮੌਤਾਂ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਓਕਲੈਂਡ ਕਾਊਂਟੀ ਦੇ ਮਿਸ਼ੀਗਨ ਵਿਚ ਡੈਟਰਾਇਟ ਦੇ ਬਾਹਰਵਾਰ ਇਕ ਘਰ ਉਪਰ ਛੋਟਾ ਜਹਾਜ਼ ਡਿੱਗ ਕੇ ਤਬਾਹ ਹੋ ਗਿਆ। ਓਕਲੈਂਡ ਕਾਊਂਟੀ ਦੇ ਸ਼ੈਰਿਫ ਦੇ ਦਫਤਰ ਅਨੁਸਾਰ ਸਮਝਿਆ ਜਾਂਦਾ ਹੈ ਕਿ ਪਾਇਲਟ ਸਮੇਤ ਇਸ ਵਿਚ ਸਵਾਰ ਦੋ ਹੋਰ ਵਿਅਕਤੀਆਂ ਦੀ ਮੌਤ ਹੋ ਗਈ ਹੈ। ਇਹ ਹਾਦਸਾ ਡੈਟਰਾਇਟ ਦੇ ਪੱਛਮ ਵਿਚ ਤਕਰੀਬਨ 40 ਕਿਲੋਮੀਟਰ ਦੂਰ ਲਾਇਨ ਟਾਊਨਸ਼ਿੱਪ ਵਿਚ ਵਾਪਰਿਆ। ਘਰ ਉਪਰ ਡਿੱਗਦਿਆਂ ਸਾਰ ਹੀ ਜਹਾਜ਼ ਨੂੰ ਅੱਗ ਲੱਗ ਗਈ ਤੇ ਘਰ ਵੀ ਅੱਗ ਦੀ ਲਪੇਟ ਵਿਚ ਆ ਗਿਆ। ਘਰ ਵਿਚ ਮੌਜੂਦ ਪਰਿਵਾਰ ਦੇ 5 ਮੈਂਬਰ ਕਿਸੇ ਤਰਾਂ ਭੱਜ ਕੇ ਬਾਹਰ ਆ ਗਏ। ਉਹ ਸਾਰੇ ਸੁਰੱਖਿਅਤ ਦੱਸੇ ਜਾਂਦੇ ਹਨ।



ਕਿਸਾਨ ਮੋਰਚੇ ਦੀ ਅਵਾਜ਼ ਬਣਿਆ ਮੋਰਚਾ ਅਖਬਾਰ

# ਕਿਸਾਨਾਂ ਅਤੇ ਸਰਕਾਰ ਦਰਮਿਆਨ ਗੱਲਬਾਤ ਕਿਸੇ ਹੱਲ ਵੱਲ ਵੱਧਦੀ ਨਹੀਂ ਦਿਖ ਰਹੀ: ਸੁਪਰੀਮ ਕੋਰਟ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਦੇ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨੀ ਸੰਘਰਸ਼ ਵਿਚ ਸੁਪਰੀਮ ਕੋਰਟ ਦੀ ਦਖਲ ਹੋਰ ਵੱਧਦੀ ਜਾ ਰਹੀ ਹੈ। ਅੱਜ ਕਿਸਾਨੀ ਸੰਘਰਸ਼ ਸਬੰਧੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਭਾਰਤੀ ਸੁਪਰੀਮ ਕੋਰਟ ਨੇ ਕਿਹਾ ਕਿ ਨਵੇਂ ਖੇਤੀ ਕਾਨੂੰਨਾਂ ਨੂੰ ਚੁਣੌਤੀ ਦੇਣ ਵਾਲੀ ਤੇ ਦਿੱਲੀ ਦੀਆਂ ਸਰਹੱਦਾਂ 'ਤੇ ਡਟੇ ਕਿਸਾਨਾਂ ਦੇ ਪ੍ਰਦਰਸ਼ਨ ਨਾਲ ਸਬੰਧਤ ਪਟੀਸ਼ਨਾਂ 'ਤੇ ਸੁਪਰੀਮ ਕੋਰਟ 11 ਜਨਵਰੀ ਨੂੰ ਸੁਣਵਾਈ ਕਰੇਗੀ।

ਅੱਜ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਦੇ ਮੁੱਖ ਜੱਜ ਐਸ ਏ ਬੋਬਦੇ ਨੇ ਕਿਹਾ ਕਿ ਕਿਸਾਨੀ ਸੰਘਰਸ਼ ਬਾਰੇ ਕਿਸਾਨ ਜਥੇਬੰਦੀਆਂ ਅਤੇ ਸਰਕਾਰ ਦਰਮਿਆਨ ਚੱਲ ਰਹੀ ਗੱਲਬਾਤ ਕਿਸੇ ਸਾਰਥਕ ਹੱਲ ਵੱਲ ਨਹੀਂ ਵੱਧਦੀ ਦਿਖ ਰਹੀ। ਇਸ ਦੇ ਜਵਾਬ ਵਿਚ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਕਿਹਾ ਕਿ ਕਿਸਾਨਾਂ ਨਾਲ ਖੇਤੀ ਕਾਨੂੰਨਾਂ ਉਪਰ ਗੱਲਬਾਤ ਉਸਾਰੂ ਹੋ ਰਹੀ ਹੈ, ਜਿਸ 'ਤੇ ਅਦਾਲਤ ਨੇ ਕਿਹਾ ਕਿ ਉਹ ਗੱਲਬਾਤ ਨੂੰ ਜਾਰੀ ਰੱਖਣ ਦੇ ਹੱਕ ਵਿੱਚ ਹੈ।

ਅਟਾਰਨੀ ਜਨਰਲ ਕੇਕੇ ਵੇਣੂਗੋਪਾਲ ਨੇ ਕਿਹਾ ਕਿ ਨੇੜ ਭਵਿੱਖ ਵਿੱਚ ਦੋਵਾਂ ਧਿਰਾਂ ਵਿੱਚ





ਸਹਿਮਤੀ ਹੋਣ ਦੀ ਚੰਗੀ ਸੰਭਾਵਨਾ ਹੈ ਅਤੇ ਨਵੇਂ ਖੇਤੀਬਾੜੀ ਕਾਨੂੰਨਾਂ ਨੂੰ ਚੁਣੌਤੀ ਦੇਣ ਵਾਲੀਆਂ ਪਟੀਸਨਾਂ 'ਤੇ ਕੇਂਦਰ ਦਾ ਜਵਾਬ ਦੇਣਾ ਕਿਸਾਨਾਂ ਅਤੇ ਸਰਕਾਰ ਦਰਮਿਆਨ ਗੱਲਬਾਤ ਵਿੱਚ ਰੁਕਾਵਟ ਬਣ ਸਕਦਾ ਹੈ।

ਸਾਲਿਸਟਰ ਜਨਰਲ ਤੁਸਾਰ ਮਹਿਤਾ ਨੇ ਬੈਂਚ ਨੂੰ ਦੱਸਿਆ ਕਿ ਸਰਕਾਰ ਅਤੇ ਕਿਸਾਨਾਂ ਦਰਮਿਆਨ "ਸਾਂਤ ਮਾਹੌਲ" ਵਿੱਚ ਗੱਲਬਾਤ ਜਾਰੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪਟੀਸਨਾਂ 'ਤੇ 8 ਜਨਵਰੀ ਨੂੰ ਵਿਚਾਰ ਨਹੀਂ ਕੀਤਾ ਜਾਣਾ ਚਾਹੀਦਾ। ਬੈਂਚ ਨੇ ਕਿਹਾ, "ਅਸੀਂ ਸਥਿਤੀ ਨੂੰ ਸਮਝਦੇ ਹਾਂ ਅਤੇ ਗੱਲਬਾਤ ਨੂੰ ਉਤਸਾਹਤ ਕਰਦੇ ਹਾਂ। ਜੇ ਤੁਸੀਂ ਚੱਲ ਰਹੀ ਗੱਲਬਾਤ ਬਾਰੇ ਲਿਖਤੀ ਰੂਪ ਵਿੱਚ ਇਸ ਨੂੰ ਦਿੰਦੇ ਹੋ ਤਾਂ ਅਸੀਂ ਕੇਸ ਦੀ ਸੁਣਵਾਈ ਸੋਮਵਾਰ 11 ਜਨਵਰੀ ਤੱਕ ਮੁਲਤਵੀ ਕਰ ਸਕਦੇ ਹਾਂ।"

# ਸੈਨ ਫਰਾਂਸਿਸਕੋ ਦੀ ਭਾਰਤੀ ਅੰਬੈਸੀ ਅੱਗੇ ਮੁਜਾਹਰਾ 26 ਜਨਵਰੀ ਨੂੰ

**ਫਰੀਮਾਂਟ/ਏ.ਟੀ.ਨਿਊਜ਼: ਕੈਲੇਫੋਰਨੀਆਂ ਦੇ ਸਿੱਖਾਂ ਵੱਲੋਂ ਕਿਸਾਨ ਯੂਨੀਅਨਾਂ ਦੀ ਕਾਲ ਤੇ ਸੈਨ ਫਰਾਂਸਿਸਕੋ ਵਿਖੇ ਸਥਿਤ ਭਾਰਤੀ ਅੰਬੈਸੀ ਅੱਗੇ ਭਾਰਤ ਦੇਗਣਤੰਤਰ ਦਿਵਸ ਤੇ ਮਾਰਚ ਕੱਢਣ ਦਾ ਫੈਸਲਾ ਕੀਤਾ ਹੈ। ਕੈਲੇਫੋਰਨੀਆਂ ਦੇ ਨੌਜਵਾਨਾਂ ਨੇ ਸਿੱਖ ਸੰਸਥਾਂਵਾਂ ਅਤੇ ਗੁਰਦੁਆਰਾ ਸਾਹਿਬ ਨੂੰਬੇਨਤੀ ਕੀਤੀ ਹੈ ਕਿ ਇਸ ਵਿੱਚ ਉਹਨਾਂ ਦਾ ਸਹਿਯੋਗ ਦੇਣ। ਸਿੱਖ ਯੂਥ ਆਫ ਅਮਰੀਕਾ ਦੇ ਸੰਦੀਪ ਸਿੰਘ ਨੇ ਕਿਹਾ ਕਿ ਇਹ ਮਾਰਚ ਕਾਰਰੈਲੀ ਦੀ ਬਜਾਏ ਤੁਰ ਕੇ ਅੰਬੈਸੀ ਵੱਲ ਜਾਏਗਾ ਅਤੇ ਪੂਰੇ ਵੇਰਵੇ ਜਲਦੀ ਹੀ ਸਾਂਝੇ ਕੀਤੇ ਜਾਣਗੇ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿਕੈਲੇਫੋਰਨੀਆਂ ਵਿੱਚ ਰਹਿੰਦੇ ਭਾਰਤੀ ਮੂਲ ਦੇ ਹੋਰ ਰਾਜਾਂ ਦੇ ਲੋਕ ਜਿਹੜੇ ਕਿਸਾਨ ਸੰਘਰਸ ਕਰ ਰਹੇ ਹਨ ਨੂੰ ਵੀ ਪ੍ਰੇਰ ਕੇ ਇਸ ਵਿੱਚ ਸਾਮਿਲਹੋਣ ਦੀ ਬੇਨਤੀ ਕੀਤੀ ਜਾਵੇਗੀ।**




## ਟੋਰਾਂਟੋ ਦੇ ਭਾਰਤੀ ਕੌਂਸਲੇਟ ਦਫ਼ਤਰ ਅੱਗੇ ਹੋਏ ਰੋਸ ਭਰੇ ਮੁਜ਼ਾਹਰੇ









**ਨਿਊਯਾਰਕ/ ਟੋਰਾਂਟੋ, (ਰਾਜ ਗੋਗਨਾ):** ਟੋਰਾਂਟੋ ਦੇ ਭਾਰਤੀ ਕੌਂਸਲੇਟ ਦਫ਼ਤਰ ਅੱਗੇ ਅੱਜ ਵਿਸਾਲ ਰੋਸ ਮੁਜ਼ਾਹਰਾ ਹੋਇਆ ਹੈ ਜਿਸ ਵਿੱਚ ਬੱਚਿਆਂ ਤੋਂ ਲੈ ਕੇ ਨੌਜਵਾਨ ਅਤੇ ਬਜ਼ੁਰਗਾਂ ਸਾਰਿਆਂ ਵੱਲੋਂ ਭਾਗ ਲਿਆ ਗਿਆ ਹੈ, ਬੀਤੇ ਦਿਨ ਕਿਸਾਨਾਂ ਦੇ ਤਿੰਨ ਥੋਪੇ ਗਏ ਕਾਲੇ ਕਾਨੂੰਨਾਂ ਨੂੰ ਲੈ ਕੇ ਰੋਸ ਵਜੋਂ ਇਹ ਮੁਜ਼ਾਹਰਾ ਟੋਰਾਂਟੋ ਦੇ ਭਾਰਤੀ ਕੌਂਸਲੇਟ ਦਫ਼ਤਰ ਅੱਗੇ ਹੋਇਆ। ਇਹੋ ਜਿਹੇ ਹੀ ਹੋਰ ਮੁਜ਼ਾਹਰੇ ਬਰੈਂਪਟਨ ਵਿਖੇ ਵੀ ਹੋਏ ਹਨ। ਇਹ ਮੁਜ਼ਾਹਰੇ ਭਾਰਤ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਕੀਤੀ ਗਈ ਅਪੀਲ ਬਾਬਤ ਕੀਤੇ ਗਏ ਹਨ। ਇਨਾਂ ਮੁਜ਼ਾਹਰਿਆਂ ਦਾ ਸੱਦਾ ਵੱਖ-ਵੱਖ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਤੇ ਦਿੱਤਾ ਗਿਆ ਸੀ। ਮੁਜ਼ਾਹਰਾਕਾਰੀਆਂ ਦੇ ਹੱਥਾਂ ਵਿੱਚ ਵੱਖੋ-ਵੱਖਰੇ ਬੈਨਰ ਸਨ ਜਿਨਾਂ ਉੱਤੇ ਕਿਸਾਨੀ ਸੰਘਰਸ਼ ਨੂੰ ਹਮਾਇਤ ਦਿੰਦੇ ਨਾਅਰੇ ਲਿਖੇ ਹੋਏ ਸਨ। ਇਨਾਂ ਮੁਜ਼ਾਹਰਿਆਂ ਨੂੰ ਭਾਈਚਾਰੇ ਨਾਲ ਜੁੜੇ ਹੋਏ ਵੱਖ-ਵੱਖ ਨੁਮਾਇੰਦਿਆਂ ਨੇ ਸੰਬੋਧਤ ਵੀ ਕੀਤਾ ਹੈ। ਭਾਈਚਾਰੇ ਵੱਲੋਂ ਦਿੱਲੀ ਵਿਖੇ ਵੱਧ ਰਹੀ ਠੰਢ ਤੇ ਲਗਾਤਾਰ ਹੋ ਰਹੀਆਂ ਕਿਸਾਨਾਂ ਦੀਆਂ ਮੌਤਾਂ ਉੱਤੇ ਚਿੰਤਾ ਜਤਾਈ ਗਈ ਹੈ ਅਤੇ ਨਰਿੰਦਰ ਮੋਦੀ ਸਰਕਾਰ ਦੇ ਗੈਰ ਜਿੰਮੇਵਾਰਾਨਾ ਰਵੱਵੀਏ ਉੱਤੇ ਰੋਸ ਵੀ ਪ੍ਰਗਟਿਆ ਗਿਆ ਹੈ। ਇੱਥੋਂ ਦੇ ਕੁੱਝ ਸੰਗਠਨਾਂ ਵੱਲੋਂ ਭਾਰਤ ਵਿਖੇ ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਦਿੱਲੀ ਜਾ ਕੇ ਆਪਣੀ ਹਾਜ਼ਰੀ ਲਵਾਉਣ ਦੀ ਗੱਲ ਵੀ ਕੀਤੀ ਜਾ ਰਹੀ ਹੈ।



# ਅਗਲੇ 10 ਸਾਲਾਂ ਵਿੱਚ ਹੀ ਭਾਰਤ ਦੇ ਅਸਲ ਮਾਲਿਕ ਅੰਬਾਨੀ-ਅਡਾਨੀ ਵਰਗੇ ਕਾਰਪੋਰੇਟ ਹੋਣਗੇ ਨਾਂ ਕਿ ਲੋਕ-ਤੰਤਰ

ਭਾਰਤ ਦੀ ਸਰਕਾਰ ਨੇ ਵਿਕਾਸ ਦੀ ਆੜ ਹੇਠ ਸਾਰੇ ਭਾਰਤ ਨੂੰ ਵੇਚਣ ਦਾ ਰੁੱਖ ਅਖਤਿਆਰ ਕੀਤਾ ਹੋਇਆ ਹੈ। ਅਸਲ ਵਿੱਚ ਇਹ ਨੀਤੀ ਬਦਲਣ ਦਾ ਅਸਲ ਕਾਰਣ ਹੈ ਕਿ ਕਾਰਪੋਰੇਟ ਨੇ ਮੋਦੀ-ਸਾਹ ਨੂੰ ਖਰੀਦ ਲਿਆ ਤੇ ਉਹ ਦੇ ਤੇ ਹੀ ਨੱਚ ਰਹੇ ਹਨ। ਉਹਨਾਂ ਨੂੰ ਚੋਣਾਂ ਜਿੱਤਣ ਲਈ ਪੈਸਾ ਤੇ ਮੀਡੀਆ ਚਾਹੀਦਾ ਹੈ ਜਿਹੜਾ ਕਿ ਸਿਰਫ ਅਡਾਨੀ-ਅੰਬਾਨੀ ਤੋਂ ਹੀ ਆ ਸਕਦਾ ਹੈ।

ਭਾਜਪਾ ਅਟੱਲ ਬਿਹਾਰੀ ਬਾਜਪਾਈ ਤੋਂ ਬਾਅਦ ਅਡਵਾਨੀ ਨੂੰ ਆਪਣਾ ਲੀਡਰ ਤੇ ਅਗਲਾ ਪ੍ਰਧਾਨ ਮੰਤਰੀ ਬਣਾਈ ਬੈਠੀ ਸੀ ਜਦੋਂ ਮੋਦੀ ਨੇ ਕਾਰਪੋਰੇਟ ਦੀ ਮਦਦ ਨਾਲ ਲੀਡਰਾਂ ਤੇ ਮੀਡੀਏ ਦੀ ਖਰੀਦੋਫਰੋਖਤ ਕਰਕੇ ਅਡਵਾਨੀ ਵਰਗੇ ਕੁੱਝ ਮਹੀਨੀਆਂ ਵਿੱਚ ਹੀ ਹੁੰਝ ਦਿੱਤੇ ਅਤੇਅਡਵਾਨੀ ਦੀ ਉਸ ਤੋਂ ਬਾਅਦ ਖਬਰ ਲੱਭਣੀ ਵੀ ਮੁਸਕਲ ਹੋ ਗਈ।

ਮੋਦੀ ਦੇ ਪ੍ਰਧਾਨ ਮੰਤਰੀ ਬਨਣ ਤੋਂ ਬਾਅਦ ਫੇਰ ਇਸਨੇ ਆਪਣਾ ਵਾਇਦਾ ਕਾਰਪੋਰੇਟ ਦੀਆਂ ਮੰਗਾ ਵੱਲ ਕੀਤਾ। ਹੁਣ ਸਥਿਤੀ ਇਹ ਹੈ ਕਿਕਾਰਪੋਰੇਟ ਹੀ ਦੇਸ ਚਲਾ ਰਹੇ ਹਨ ਮੋਦੀ ਤਾਂ ਗੇਟਕੀਪਰ ਹੀ ਹੈ।

ਅਡਾਨੀ ਨੂੰ ਮਦਦ ਦੇਣ ਲਈ ਪਹਿਲਾਂ ਸਾਰੇ ਸੀਪੋਰਟ (ਬੰਦਰਗਾਹ) ਉਹਨੂੰ ਦਿੱਤੀਆਂ ਗਈਆਂ ਫੇਰ ਹੁਣ ਏਅਰਪੋਰਟਾਂ ਦਾ ਸਿਲਸਿਲਾ ਚੱਲ ਰਿਹਾ ਹੈ। ਨਾਲ ਦੀ ਨਾਲ ਹੀ ਉਸਨੇ ਫੀਡ ਕਾਰਪੋਰੇਸਨ ਆਫ ਇੰਡੀਆਂ ਦੇ ਬਦਲ ਵਿੱਚ ਵੇਅਰਹਾਊਸ ਤੇ ਕੰਟਰੋਲ ਸੁਰੂ ਕਰ ਦਿੱਤਾ ਹੈ। ਇਸਤੋਂ ਅੱਗੇ ਉਸੇ ਰੇਲਵੇ ਬਾਰੇ ਸਰਕਾਰ ਕੋਲ ਮੰਗ ਰੱਖ ਦਿੱਤੀ ਹੈ ਅਤੇ ਉਸਨੂੰ ਵੀ ਮੋਦੀ ਸਰਕਾਰ ਨੇ ਹਰੀ ਝੰਡੀ ਦੇ ਦੇਣੀ ਹੈ। ਇਸ ਨਾਲ ਅਡਾਨੀ ਦਾ ਭਾਰਤ ਦੀਆਆਵਾਜਾਈ, ਸਟੋਰੇਜ ਤੇ ਢੋਆਢੁਆਈ ਤੇ ਪੂਰਾ ਕੰਟਰੋਲ ਹੋ ਜਾਵੇਗਾ ਅੱਜ ਅਸੀਂ ਜਮੀਨਾਂ ਬਚਾਉਣ ਨੂੰ ਫਿਰਦੇ ਹਾਂ ਤੇ ਕੱਲ ਨੂੰ ਟਰੱਕਾਂ ਦਾ ਕਾਰੋਬਾਰ ਵਿੱਚੋਂ ਬਾਹਰ ਹੋਣਾ ਤਹਿ ਹੈ। ਭਾਰਤ ਨਾਲ ਕਾਰੋਬਾਰ ਕਰਣ ਵਾਲੇ ਸਾਰੇ ਅਡਾਨੀ ਦੇ ਕੰਟਰੋਲ ਵਿੱਚ ਹੋਣਗੇ। ਅਡਾਨੀ ਅਸਟ੍ਰੇਲੀਆ ਤੱਟ ਤੇ ਵੀ ਪਹੁੰਚ ਚੁੱਕਾ ਹੈ ਪਰ ਉੱਥੇ ਦੇ ਲੋਕਾਂ ਨੇ ਮੁਜਾਹਰੇ ਕਰਨੇ ਸੁਰੂ ਕਰ ਦਿੱਤੇ ਹਨ।



ਉਦਾਹਰਣ ਵਜੋਂ ਭਾਰਤ ਨੇ ਕੋਲੇ ਦੀਆਂ ਖਾਣਾ ਦਾ ਕੰਮ ਬੰਦ ਕਰ ਦਿੱਤਾ ਹੈ ਕਿਉਂ ਕਿ ਅਡਾਨੀ ਨੇ ਕੋਲਾ ਮਲੇਸੀਆ ਅਤੇ ਯੂ ਐਸ ਏ ਤੋਂਲਿਆਉਣਾ ਸੁਰੂ ਕਰ ਦਿੱਤਾ ਹੈ ਕਿਉਂ ਕਿ ਉੱਥੋਂ ਲਿਆਉਣਾ ਭਾਰਤ ਨਾਲੋਂ ਵੀ ਸਸਤਾ ਪੈਂਦਾ ਹੈ।

ਇਸੇ ਤਰਾਂ ਖੇਤੀ ਦੀਆਂ ਫਸਲਾਂ ਨਾਲ ਵੀ ਇਹੀ ਹੋਣ ਜਾ ਰਿਹਾ ਹੈ। ਅਡਾਨੀ ਕੋਲ ਸਟੋਰੇਜ ਦਾ ਕੰਟਰੋਲ ਹੋਵੇਗਾ ਅਤੇ ਜਿਹੜੀਆਂ ਵਸਤਾਂਬਾਹਰਲੇ ਦੇਸਾਂ ਵਿੱਚ ਸਸਤੀਆਂ ਹੋਣਗੀਆਂ ਉਹ ਭਾਰਤ ਖਰੀਦੇਗਾ ਚਾਹੇ ਉਹ ਭਾਰਤ ਵਿੱਚ ਪੈਦਾ ਵੀ ਹੁੰਦੀਆਂ ਹੋਣ। ਸਸਤੇ ਭਾਅ ਤੇ ਚੀਜਾਂ ਪੈਦਾ ਕਰਣ ਵਿੱਚ ਭਾਰਤ ਵਿਸਵ ਮੰਡੀ ਵਿੱਚ ਮੁਕਾਬਲਾ ਨਹੀਂ ਕਰ ਸਕੇਗਾ , ਇਸਦਾ ਮਤਲਬ ਭਾਰਤ ਵਿੱਚ ਪੈਦਾਵਾਰ ਬੰਦ ਹੋ ਜਾਵੇਗੀ ਅਤੇ ਸਾਰਾ ਕਾਰੋਬਾਰ ਕਾਰਪੋਰੇਟ ਦੇ ਹੱਥ ਵਿੱਚ ਹੋਵੇਗਾ।

ਕਾਰਪੋਰੇਟ ਦਾ ਸਿਧਾਂਤ ਮੁਨਾਫਾ ਹੁੰਦਾ ਹੈ ਜਦੋਂ ਕਿ ਦੇਸ ਦਾ ਕੰਮ ਆਪਦੇ ਨਾਗਰਿਕਾਂ ਦੀ ਸੁਰਖਿਆ, ਆਮਦਨ ਅਤੇ ਵਿੱਦਿਆ ਮੁੱਖ ਹੁੰਦੇ ਹਨ।ਭਾਰਤ ਇਸ ਵਿਸਵੀਕਰਣ ਦੀ ਖੇਡ ਵਿੱਚ ਪੈ ਕੇ ਆਪਣਾ ਵਿਰਸਾ ਅਤੇ ਇਤਿਹਾਸ ਤਾਂ ਗੁਆਏਗਾ ਹੀ ਪਰ ਆਪਣੇ ਨਾਗਰਿਕਾਂ ਨੂੰ ਭਾਰਤਛੱਡਕੇ ਵਿਦੇਸਾਂ ਵਿੱਚ ਪੱਕੇ ਤੌਰ ਤੇ ਵਸਨੀਕ ਹੋ ਕੇ ਮਜਦੂਰ ਬਨਣ ਲਈ ਮਜਬੂਰ ਕਰੇਗਾ। ਪੰਜਾਬ ਵਿੱਚ ਖੇਤੀ ਤੇ ਟਰਾਂਸਪੋਰਟ ਪੰਜਾਬੀਆਂ ਦੇ ਹੱਥ ਨਹੀਂ ਰਹੇਗੀ। ਇਹ ਕਹਾਣੀ ਤਿੰਨ ਕਨੂੰਨਾਂ ਨੂੰ ਰੱਦ ਕਰਾਉਣ ਨਾਲ ਸਮਾਪਤ ਨਹੀਂ ਹੋਣੀ, ਇਸਲਈ ਤਾਂ ਭਾਰਤ ਦੀ ਨੀਤੀ ਬਦਲਣ ਨਾਲ ਹੀ ਇਹ ਵਹਾ ਰੁਕੇਗਾ। ਵਿਸਵੀਕਰਣ ਵਿੱਚ ਨੀਤੀ ਬਦਲਣਾ ਭਾਰਤ ਲਈ ਏਨਾ ਸੌਖਾ ਨਹੀਂ ਜਿੰਨੀ ਦੇਰ ਲੋਕ ਨਵੀਂ ਰਾਜਨੀਤਿਕ ਪਾਰਟੀ ਉਸਾਰ ਕੇ ਪੁਰਾਣੇ ਨਾਹਰੇ ਤੇ ਪਹਿਰਾ ਨਹੀਂ ਦਿੰਦੀ ਜਿਹੜਾ ਕਿ ਇਸ ਵਿਸਵੀਕਰਣ ਵਿੱਚ ਕੋਈ ਸੌਖਾ ਕੰਮ ਨਹੀਂ।

## 26 ਜਨਵਰੀ ਤਕ ਪਹੁੰਚਦਾ ਦਿਖ ਰਿਹਾ ਕਿਸਾਨ ਸੰਘਰਸ਼



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸੋਮਵਾਰ ਨੂੰ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਦਰਮਿਆਨ ਹੋਈ ਬੈਠਕ ਦੇ ਬੇਸਿੱਟਾ ਰਹਿਣ ਮਗਰੋਂ ਹੁਣ ਸੰਘਰਸ਼ 26 ਜਨਵਰੀ ਤਕ ਪਹੁੰਚਦਾ ਨਜ਼ਰ ਆ ਰਿਹਾ ਹੈ। ਕਿਸਾਨ ਜਥੇਬੰਦੀਆਂ ਨੇ ਵੀ 26 ਜਨਵਰੀ ਤਕ ਦੇ ਪ੍ਰੋਗਰਾਮਾਂ ਦਾ ਐਲਾਨ ਕਰ ਦਿੱਤਾ ਹੈ। 26 ਜਨਵਰੀ ਨੂੰ ਦਿੱਲੀ ਵਿਚ ਟ੍ਰੈਕਟਰ ਪਰੇਡ ਕਰਨ ਦਾ ਐਲਾਨ ਕੀਤਾ ਗਿਆ ਹੈ। ਸਰਕਾਰ ਨੇ ਇਕ ਵਾਰ ਫੇਰ ਉਹੀ ਲਕੀਰ ਕੁੱਟੀ ਹੈ ਕਿ ਉਹ ਕਿਸਾਨ ਕਾਨੂੰਨਾਂ ਨੂੰ ਰੱਦ ਨਹੀਂ ਕਰੇਗੀ। ਜਥੇਬੰਦੀਆਂ ਨੇ ਸਪਸ਼ਟ ਕਿਹਾ ਹੈ ਕਿ ਕਿਸਾਨ ਕਾਨੂੰਨ ਰੱਦ ਕਰਨ ਤੋਂ ਬਿਨ੍ਹਾਂ ਉਹ ਕਿਸੇ ਹੋਰ ਪਹਿਲੂ 'ਤੇ ਸਰਕਾਰ ਨਾਲ ਵਿਚਾਰ ਨਹੀਂ ਕਰਨਗੇ। ਸੋਮਵਾਰ ਦੀ ਬੈਠਕ ਬੇਸਿੱਟਾ ਰਹਿਣ ਮਗਰੋਂ ਹੁਣ 8 ਜਨਵਰੀ ਨੂੰ ਅਗਲੀ ਬੈਠਕ ਰੱਖੀ ਗਈ ਹੈ। ਸੋਮਵਾਰ ਦੀ ਬੈਠਕ ਵਿਚ ਸਰਕਾਰ ਵੱਲੋਂ ਕੇਂਦਰੀ ਮੰਤਰੀਆਂ ਨਰੇਂਦਰ ਸਿੰਘ ਤੋਮਰ, ਪਿਊਸ਼ ਗੋਇਲ ਤੇ ਸੋਮ ਪ੍ਰਕਾਸ਼ ਨੇ ਭਾਗ ਲਿਆ। ਵਿਗਿਆਨ ਭਵਨ 'ਚ ਵਾਰਤਾ ਸ਼ੁਰੂ ਹੋਣ ਤੋਂ ਪਹਿਲਾਂ ਅੰਦੋਲਨ 'ਚ ਜਾਨਾਂ ਗੁਆਉਣ ਵਾਲੇ ਕਿਸਾਨਾਂ ਨੂੰ ਸ਼ਰਧਾਂਜਲੀ ਦਿੰਦਿਆਂ ਦੋ ਮਿੰਟ ਦਾ ਮੌਨ ਧਾਰਿਆ ਗਿਆ। ਸਰਕਾਰੀ ਬਿਆਨ 'ਚ ਕਿਹਾ ਗਿਆ ਕਿ ਮੰਤਰੀਆਂ ਨੇ ਵੀ ਕਿਸਾਨਾਂ ਦੀ ਮੌਤ 'ਤੇ ਦੁੱਖ ਪ੍ਰਗਟਾਇਆ ਹੈ। ਉਨ੍ਹਾਂ ਬੈਠਕ ਦੇ ਸ਼ੁਰੂ 'ਚ ਕਿਸਾਨ ਆਗੂਆਂ ਨੂੰ ਨਵੇਂ ਵਰ੍ਹੇ ਦੀਆਂ ਵਧਾਈਆਂ ਵੀ ਦਿੱਤੀਆਂ।

ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਮਸਲੇ ਦਾ ਹੱਲ ਕਰਨ ਦੀ ਬਜਾਏ ਕਿਸਾਨਾਂ ਨੂੰ ਥਕਾਉਣ ਦੀ ਨੀਤੀ ਵਰਤ ਰਹੀ ਹੈ। ਉਹਨਾਂ ਕਿਸਾਨਾਂ ਨੂੰ ਸਬਰ ਨਾਲ ਸੰਘਰਸ਼ 'ਤੇ ਟੇਕ ਰੱਖਣ ਦਾ ਸੱਦਾ ਦਿੱਤਾ ਹੈ।

ਕਿਸਾਨ ਆਗੂਆਂ ਨੇ ਦੱਸਿਆ ਕਿ ਕੇਂਦਰੀ ਖੇਤੀ ਮੰਤਰੀ ਨਰੇਂਦਰ ਤੋਮਰ ਨੇ ਬੈਠਕ ਵਿਚ ਕਿਹਾ ਕਿ ਜੇਕਰ ਕਿਸਾਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਿਨਾਂ ਕਿਸੇ ਗੱਲ 'ਤੇ ਸਹਿਮਤ ਨਹੀਂ ਹੁੰਦੇ ਹਨ ਤਾਂ ਸਰਕਾਰ ਨੂੰ ਹੋਰ ਸੋਚ ਲੈਣ ਦਿਓ ਤੇ ਅਗਲੀ ਮੀਟਿੰਗ 8 ਜਨਵਰੀ ਨੂੰ 2 ਵਜੇ ਮੁੜ ਹੋਵੇਗੀ। ਉਸੇ ਬੈਠਕ ਵਿੱਚ ਫਸਲਾਂ ਦੀ ਖਰੀਦ ਗਾਰੰਟੀ ਦੇ ਕਾਨੂੰਨ ਬਾਰੇ ਵੀ ਗੱਲਬਾਤ ਹੋਵੇਗੀ। ਮੀਟਿੰਗ ਦੇ ਅਖ਼ੀਰ 'ਚ ਕਿਸਾਨ ਆਗੂਆਂ ਨੇ ਕੇਂਦਰੀ ਮੰਤਰੀਆਂ ਨੂੰ ਆਪਣੇ ਹੱਥ ਖੜ੍ਹੇ ਕਰਕੇ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਤੋਂ ਬਿਨ੍ਹਾਂ ਕਿਸੇ ਹੋਰ ਗੱਲ 'ਤੇ ਮੰਨਣ ਤੋਂ ਇਨਕਾਰ ਕਰ ਦਿੱਤਾ। ਵਾਰਤਾ ਦੇ ਕਈ ਦੌਰ ਚੱਲੇ। ਪਹਿਲਾਂ ਤਿੰਨੋਂ ਮੰਤਰੀਆਂ ਨੇ ਕੇਂਦਰੀ ਅਧਿਕਾਰੀਆਂ ਨਾਲ ਬੈਠਕ ਕੀਤੀ ਜਿਸ ਕਰਕੇ ਕਿਸਾਨਾਂ ਨਾਲ ਮੀਟਿੰਗ 35 ਮਿੰਟ ਦੇਰੀ ਨਾਲ ਸ਼ੁਰੂ ਹੋਈ। ਕਿਸਾਨ ਆਗੂਆਂ ਨੇ ਦੱਸਿਆ ਕਿ ਮੰਤਰੀ ਬੈਠਕ ਵਿੱਚੋਂ ਉੱਠ ਕੇ ਬਾਹਰ ਆਉਂਦੇ-ਜਾਂਦੇ ਰਹੇ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕੇਂਦਰੀ ਮੰਤਰੀਆਂ ਕੋਲ ਹਰਿਆਣਾ ਪੁਲੀਸ ਵੱਲੋਂ ਜੈਪੁਰ-ਦਿੱਲੀ ਮਾਰਗ 'ਤੇ ਅੰਦੋਲਨਕਾਰੀ ਕਿਸਾਨਾਂ ਨਾਲ ਕੀਤੇ ਗਏ ਸਲੂਕ ਦਾ ਮੁੱਦਾ ਉਠਾਉਂਦਿਆਂ ਕਿਹਾ ਕਿ ਕੇਂਦਰ ਇਸ ਬਾਰੇ ਸਖ਼ਤ ਰੁਖ਼ ਅਪਨਾਏ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਬੈਠਕਾਂ ਨਾਲ ਕੁਝ ਨਹੀਂ ਹੋਣ ਵਾਲਾ ਹੈ। ਉਨ੍ਹਾਂ 26 ਜਨਵਰੀ ਦੇ ਟਰੈਕਟਰ ਮਾਰਚ ਲਈ ਕਿਸਾਨ ਨੂੰ ਤਿਆਰੀ ਕਰਨ ਲਈ ਕਿਹਾ ਹੈ।

ਇਸ ਬੈਠਕ ਵਿਚ ਵੀ ਕਿਸਾਨ ਆਗੂ ਆਪਣਾ ਲੰਗਰ ਲੈ ਕੇ ਗਏ ਸਨ। ਹਲਾਂਕਿ ਇਸ ਵਾਰ ਕੇਂਦਰੀ ਮੰਤਰੀਆਂ ਨੇ ਪਿਛਲੀ ਵਾਰ ਵਾਂਗ ਕਿਸਾਨ ਆਗੂਆਂ ਨਾਲ ਲੰਗਰ ਨਹੀਂ ਛਕਿਆ।



# 10 ਲੱਖ ਲੋਕਾਂ ਨੂੰ ਲੱਗਿਆ ਅਮਰੀਕਾ 'ਚ ਕੋਰੋਨਾ ਦਾ ਟੀਕਾ

## ✪ ਸਿਹਤ ਵਿਭਾਗ ਦੇ ਨਿਰਦੇਸ਼ਕ ਰਾਬਰਟ ਰੈਡਫੀਲਡ ਨੇ ਪੁਸ਼ਟੀ ਕੀਤੀ ✪ ਤੇਜ਼ੀ ਨਾਲ ਫੈਲ ਰਿਹਾ ਹੈ ਦਿਮਾਗ ਨੂੰ ਖਾ ਜਾਣ ਵਾਲਾ ਅਮੀਬਾ

**ਵਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕਾ ਵਿਚ 10 ਲੱਖ ਤੋਂ ਵੱਧ ਲੋਕਾਂ ਨੂੰ ਕੋਰੋਨਾ ਦੀ ਵੈਕਸੀਨ ਲੱਗ ਚੁੱਕੀ ਹੈ। ਸਿਹਤ ਵਿਭਾਗ ਦੇ ਨਿਰਦੇਸ਼ਕ ਰਾਬਰਟ ਰੈਡਫੀਲਡ ਨੇ ਪੁਸ਼ਟੀ ਕੀਤੀ ਹੈ ਕਿ ਅਮਰੀਕਾ ਵਿਚ 10 ਦਿਨ ਪਹਿਲਾਂ ਕੋਰੋਨਾ ਦੀ ਸਪਲਾਈ ਅਤੇ ਟੀਕਾਕਰਨ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਬਾਅਦ ਹੁਣ ਤੱਕ 10 ਲੱਖ ਤੋਂ ਵੱਧ ਲੋਕਾਂ ਨੂੰ ਟੀਕੇ ਲਗਾਏ ਗਏ ਹਨ।

ਅਮਰੀਕਾ ਵਿਚ ਹੈਲਥ ਵਿਭਾਗ ਵੱਲੋਂ ਅਪੀਲ ਕੀਤੀ ਗਈ ਹੈ ਕਿ ਹਮੇਸ਼ਾ ਮਾਸਕ ਪਹਿਨ ਕੇ ਹੀ ਬਾਹਰ ਨਿਕਲੋ ਅਤੇ ਇੱਕ ਦੂਜੇ ਤੋਂ ਦੂਰੀ ਬਣਾ ਕੇ ਰੱਖੋ। ਉਨਾਂ ਨੇ ਕਿਹਾ ਕਿ ਕੋਰੋਨਾ ਤੋਂ ਬਚਣ ਵਾਲੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਅਮਰੀਕਾ ਵਿਚ ਦਵਾਈ ਦੀ ਮੰਗ ਨੂੰ ਪੂਰਾ ਕਰਨ ਲਈ ਦਵਾਈਆਂ ਬਣਾਉਣ ਵਾਲੀਆ ਕੰਪਨੀਆਂ ਕੰਮ ਕਰ ਰਹੀਆਂ ਹਨ। ਜ਼ਿਕਰਯੋਗ ਹੈ ਕਿ ਅਮਰੀਕਾ ਰਾਸ਼ਟਰਪਤੀ ਜੋਅ ਬਾਈਡੇਨ, ਉਪ ਰਾਸ਼ਟਰਪਤੀ ਮਾਈਕ ਪੇਂਸ ਤੇ ਕਈ ਹੋਰ ਪ੍ਰਮੁੱਖ ਅਧਿਕਾਰੀ ਵੀ ਲਾਈਵ ਪ੍ਰਸਾਰਨ ਦੌਰਾਨ ਕੋਰੋਨਾ ਵੈਕਸੀਨ ਲਗਵਾ ਰਹੇ ਹਨ ਤਾਂ ਕਿ ਇਸ ਨੂੰ ਦੇਖ ਕੇ ਲੋਕ ਵੈਕਸੀਨ ਲਗਾਉਣ ਲਈ ਉਤਸ਼ਾਹਿਤ ਹੋਣ। ਜ਼ਿਕਰਯੋਗ ਹੈ ਕਿ ਚੀਨ ਅਤੇ ਇਟਲੀ ਤੋਂ ਬਾਅਦ ਅਮਰੀਕਾ ਵਿਚ ਕੋਰੋਨਾ ਦਾ ਪ੍ਰਕੋਪ ਵਧੇਰੇ ਦੇਖਣ ਨੂੰ ਮਿਲਿਆ ਹੈ।

**ਨਵੀਂ ਬਿਮਾਰੀ ਫੈਲਣੀ ਸ਼ੁਰੂ**

ਕੋਰੋਨਾ ਵਾਇਰਸ ਮਹਾਂਮਾਰੀ ਮੁੜ ਆਪਣਾ ਕਹਿਰ ਵਰਾ ਰਿਹਾ ਹੈ। ਕੋਰੋਨਾਵਾਇਰਸ ਦੇ ਮਾਮਲੇ ਅਮਰੀਕਾ ਵਿਚ ਨਿਰੰਤਰ ਵੱਧ ਰਹੇ ਹਨ, ਇਸ ਦੌਰਾਨ ਇਕ ਨਵੀਂ ਬਿਮਾਰੀ ਫੈਲਣੀ ਸ਼ੁਰੂ ਹੋ ਗਈ ਹੈ। ਇਸ ਨਵੀਂ ਬਿਮਾਰੀ ਦੇ ਫੈਲਣ ਨਾਲ ਵਿਗਿਆਨੀਆਂ, ਡਾਕਟਰਾਂ ਆਦਿ ਦੀ ਚਿੰਤਾ ਵੱਧ ਗਈ ਹੈ। ਇਹ ਇਕ ਰੋਗਾਣੂ ਹੈ ਜੋ ਮਨੁੱਖ ਦੇ ਦਿਮਾਗ ਵਿਚ ਪੁੱਜ ਕੇ ਨੁਕਸਾਨ ਦਾ ਕਾਰਨ ਬਣਦਾ ਹੈ। ਇਹ ਰੋਗਾਣੂ 'ਦਿਮਾਗੀ-ਖਾਣ' ਵਾਲੀ ਅਮੀਬਾ ਹੈ, ਜੋ ਕਿ ਸੰਯੁਕਤ ਰਾਜ ਦੇ ਦੱਖਣ ਵਿੱਚ ਪਾਇਆ ਗਿਆ ਹੈ, ਪਰ ਉੱਤਰੀ ਰਾਜਾਂ



ਵਿੱਚ ਤੇਜ਼ੀ ਨਾਲ ਆਪਣੇ ਪੈਰ ਪਸਾਰ ਰਿਹਾ ਹੈ।

ਨੈਗਲਰੀਆ ਫਾਉਲੇਰੀ ਅਮੀਬਾ ਅਮਰੀਕਾ ਦੇ ਦੱਖਣੀ ਰਾਜਾਂ ਵਿੱਚ ਫੈਲ ਰਿਹਾ ਹੈ। ਮੌਸਮ ਵਿੱਚ ਤਬਦੀਲੀ ਲਾਗ ਦਾ ਮੁੱਖ ਕਾਰਨ ਹੈ। ਰਿਪੋਰਟ ਦੇ ਅਨੁਸਾਰ, ਨੇਗਲੇਰੀਆ ਫੋਲੇਰੀ ਨਾਮ ਦਾ ਇਹ ਮਾਰੂ ਅਮੀਬਾ ਦਿਮਾਗ ਨੂੰ ਖਾ ਜਾਂਦਾ ਹੈ। ਵਿਗਿਆਨੀਆਂ ਅਨੁਸਾਰ, ਅਮੀਬਾ ਦੀ ਇਹ ਪ੍ਰਜਾਤੀ ਅਕਸਰ ਝੀਲ, ਨਦੀ ਜਾਂ ਤਲਾਅ ਦੇ ਤਾਜ਼ੇ ਅਤੇ ਗਰਮ ਪਾਣੀ ਵਿੱਚ ਪਾਈ ਜਾਂਦੀ ਹੈ। ਸਿਹਤ ਵਿਭਾਗ ਨੇ ਲੋਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਅਜਿਹੇ ਪਾਣੀ ਨਾਲ ਭਰੇ ਕਿਸੇ ਵੀ ਜਗਾ 'ਤੇ ਨਾ ਜਾਣ। ਇਹ ਪਾਣੀ ਵਿੱਚ ਤੈਰਾਕੀ ਕਰਦਿਆਂ ਅਸਾਨੀ ਨਾਲ ਸਾਡੀ ਨੱਕ ਰਾਹੀਂ ਦਿਮਾਗ ਵਿੱਚ ਦਾਖਲ ਹੋ ਸਕਦਾ ਹੈ। ਇੱਕੋ ਸੈੱਲ ਹੋਣ ਕਰਕੇ ਇਹ ਬਹੁਤ ਸੂਖਮ ਹੈ ਅਤੇ ਸਾਨੂੰ ਇਹ ਵੀ ਨਹੀਂ ਪਤਾ ਕਿ ਇਹ ਸਾਡੇ ਸਰੀਰ ਵਿਚ ਕਦੋਂ ਦਾਖਲ ਹੁੰਦੀ ਹੈ।

ਅਮੀਬਾ ਦੀ ਲਾਗ ਤੋਂ ਬਾਅਦ ਸਰੀਰ ਵਿਚ ਕੁਝ ਲੱਛਣ ਦਿਖਾਈ ਦਿੰਦੇ ਹਨ। ਇਸ ਨਾਲ ਵਿਅਕਤੀ ਨੂੰ ਭਿਆਨਕ ਸਿਰ ਦਰਦ, ਉਲਟੀਆਂ, ਬੁਖਾਰ ਤੋਂ ਪੀੜਤ ਹੋ ਜਾਂਦਾ ਹੈ। ਜਿਵੇਂ ਕਿ ਇਹ ਲਾਗ ਦਿਮਾਗ ਵਿੱਚ ਵਧਦੀ ਜਾਂਦੀ ਹੈ, ਲੱਛਣ ਹੋਰ ਵੀ ਭਿਆਨਕ ਹੋ ਜਾਂਦੇ ਹਨ। ਗਲੇ ਵਿਚ ਸੋਜ ਅਤੇ ਦੌਰੇ ਪੈਣੇ ਸ਼ੁਰੂ ਹੋ ਜਾਂਦੇ ਹਨ। ਗੰਭੀਰ ਹਾਲਤਾਂ ਵਿੱਚ, ਵਿਅਕਤੀ ਕੋਮਾਂ ਵਿੱਚ ਚਲਾ ਜਾਂਦਾ ਹੈ. ਲੱਛਣ ਦਿਖਾਉਣ ਦੇ 1 ਤੋਂ 8 ਦਿਨਾਂ ਦੇ ਅੰਦਰ ਵਿਅਕਤੀ ਦੀ ਮੌਤ ਵੀ ਹੋ ਸਕਦੀ ਹੈ।

# ਜੇਕਰ ਸਾਡੀ ਖੇਤੀ ਨਾ ਰਹੀ ਤਾਂ ਪੰਜਾਬ ਨਹੀਂ ਰਹੇਗਾ : ਗਾਇਕ ਕਨਵਰ ਗਰੇਵਾਲ ਕਿਸਾਨ ਅੰਦੋਲਨ 'ਚ ਭਰ ਰਿਹਾ ਏ ਨੌਜਵਾਨਾਂ ਵਿਚ ਜੋਸ਼

**ਸਿੰਘੂ ਬਾਰਡਰ/ਏ.ਟੀ.ਨਿਊਜ਼:** ਪੰਜਾਬੀ ਗਾਇਕ ਕਨਵਰ ਗਰੇਵਾਲ ਕਿਸਾਨ ਅੰਦੋਲਨ ਵਿਚ ਸ਼ੁਰੂ ਤੋਂ ਲੈ ਕੇ ਹੁਣ ਤਕ ਡਟੇ ਹੋਏ ਹਨ। ਨੌਜਵਾਨਾਂ 'ਚ ਜੋਸ਼ ਭਰਨ ਵਿਚ ਕਨਵਰ ਗਰੇਵਾਲ ਨੇ ਵੱਡੀ ਭੂਮਿਕਾ ਨਿਭਾਈ ਹੈ। ਦਿੱਲੀ ਵਿਖੇ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਬੈਠੇ ਕਨਵਰ ਗਰੇਵਾਲ ਨੇ ਕਿਹਾ, 'ਮੈਨੂੰ ਕਈ ਵਾਰ ਸੁਣਨ ਨੂੰ ਮਿਲਦਾ ਹੈ ਕਿ ਮੈਂ ਬਹੁਤ ਵਧੀਆ ਕੰਮ ਕਰ ਰਿਹਾ ਹਾਂ। ਹਾਲਾਂਕਿ ਮੈਨੂੰ ਲੱਗਦਾ ਹੈ ਕਿ ਇਹ ਮੇਰਾ ਫ਼ਰਜ਼ ਸੀ। ਲੋਕ ਪਹਿਲਾਂ ਕਲਾਕਾਰਾਂ ਨਾਲ ਇੰਨੇ ਹੀ ਜੁੜੇ ਸਨ ਕਿ ਉਨਾਂ ਦੇ ਗੀਤ ਸੁਣ ਲੈਂਦੇ ਸਨ, ਉਨਾਂ ਨੂੰ ਸ਼ੋਅ 'ਚ ਬੁਲਾ ਲੈਂਦੇ ਸਨ ਤੇ ਕਲਾਕਾਰ ਵੀ 5-7 ਬਾਊਂਸਰਾਂ ਨਾਲ ਸ਼ੋਅ ਲਗਾ ਕੇ ਚਲਾ ਜਾਂਦਾ ਸੀ। ਜਦੋਂ ਤੋਂ ਮੈਂ ਗਾਇਕੀ ਕਰਨ ਲੱਗਾ ਹਾਂ, ਉਦੋਂ ਤੋਂ ਲੋਕ ਮੈਨੂੰ 'ਲੋਕ ਗਾਇਕ' ਕਹਿੰਦੇ ਹਨ ਤੇ ਲੋਕ ਗਾਇਕ ਉਹੀ ਹੁੰਦਾ ਹੈ, ਜੋ ਲੋਕਾਂ 'ਚ ਰਹਿ ਕੇ ਗਾਵੇ।' ਕਨਵਰ ਗਰੇਵਾਲ ਨੇ ਅੱਗੇ ਕਿਹਾ, 'ਅੱਜ ਮੇਰੇ ਸੂਬੇ ਤੇ ਮੇਰੇ ਪਰਿਵਾਰ 'ਤੇ ਇੰਨੀ ਵੱਡੀ ਮੁਸੀਬਤ ਸੀ, ਜੇ ਮੈਂ ਘਰ ਬੈਠਾ ਰਹਿੰਦਾ ਤਾਂ ਮੇਰੀ ਜ਼ਮੀਰ ਨੇ ਇਸ ਗੱਲ ਦੀ ਇਜਾਜ਼ਤ ਨਹੀਂ ਦੇਣੀ ਸੀ। ਸੱਚੇ ਪਾਤਸ਼ਾਹ ਦੀ ਮਿਹਰਬਾਨੀ




ਹੈ ਕਿ ਉਸ ਨੇ ਮੈਨੂੰ ਕਿਸਾਨ ਅੰਦੋਲਨ ਵਿਚ ਭੇਜਿਆ, ਮੇਰੇ ਕੋਲੋਂ ਅੱਜ ਦੇ ਮਾਹੌਲ 'ਤੇ ਗੀਤ ਗਵਾ ਲਏ ਤੇ ਅੰਦੋਲਨ 'ਚ ਹਰਫ ਚੀਮਾ ਦੇ ਰੂਪ ਵਿਚ ਭਰਾਵਾਂ ਵਰਗਾ ਯਾਰ ਮਿਲਾ ਦਿੱਤਾ।'

**ਜ਼ਮੀਨ ਤੇ ਖੇਤੀ ਬਿਨਾਂ ਪੰਜਾਬ ਨੂੰ ਨਹੀਂ ਦੇਖ ਸਕਦੇ**

ਕਨਵਰ ਗਰੇਵਾਲ ਨੇ ਇਸ ਦੌਰਾਨ ਇਹ ਵੀ ਕਿਹਾ ਕਿ ਪੰਜਾਬ 'ਚ ਮਸਲੇ ਤੇ ਅੰਦੋਲਨ ਬਹੁਤ ਸਾਰੇ ਚੱਲ ਰਹੇ ਹਨ ਪਰ ਜਦੋਂ ਮਿੱਟੀ ਦੀ ਗੱਲ ਆਈ ਤਾਂ ਉਨਾਂ ਕੋਲੋਂ ਰਿਹਾ ਨਹੀਂ ਗਿਆ। ਉਨਾਂ ਕਿਹਾ ਕਿ ਮਿੱਟੀ ਨੂੰ ਮਾਂ ਮੰਨਿਆ ਜਾਂਦਾ ਹੈ ਤੇ ਜੇ ਸਾਡੀ ਮਿੱਟੀ ਨਹੀਂ ਰਹੇਗੀ ਤਾਂ ਪੰਜਾਬ ਵੀ ਨਹੀਂ ਰਹੇਗਾ, ਕਿਉਂਕਿ ਜ਼ਮੀਨ ਤੇ ਖੇਤੀ ਤੋਂ ਬਿਨਾਂ ਅਸੀਂ ਪੰਜਾਬ ਨੂੰ ਨਹੀਂ ਦੇਖ ਸਕਦੇ। ਹਰ ਇਕ ਖਿੱਤੇ ਨੂੰ ਰੰਗ ਮਿੱਟੀ ਦਾ ਹੀ ਚੜ੍ਹਿਆ ਹੈ। ਬਚਪਨ ਦੇ ਦਿਨਾਂ ਨੂੰ ਯਾਦ ਕਰਦਿਆਂ ਕਨਵਰ ਗਰੇਵਾਲ ਨੇ ਕਿਹਾ, 'ਮੈਂ ਖੇਤੀ ਨਹੀਂ ਕੀਤੀ ਪਰ ਮੈਂ ਆਪਣੇ ਪਿਤਾ ਲਈ ਛੋਟੇ ਹੁੰਦੇ ਦੁਪਹਿਰ ਦੀ ਰੋਟੀ ਤੇ ਸ਼ਾਮ ਦੀ ਚਾਹ ਖੇਤਾਂ 'ਚ ਲੈ ਕੇ ਜਾਂਦਾ ਸੀ। ਉਦੋਂ ਮੈਂ ਇਹੀ ਦੇਖਦਾ ਸੀ ਕਿ ਕਿਵੇਂ ਖੇਤੀ ਹੁੰਦੀ ਹੈ, ਕਿਵੇਂ ਪਾਣੀ ਲੱਗਦਾ ਹੈ, ਕਿਵੇਂ ਸਪ੍ਰੇਅ ਹੁੰਦੀ ਹੈ ਤੇ ਕਿਵੇਂ ਰੇਹਾਂ ਹੁੰਦੀਆਂ ਹਨ। ਸਾਡੇ ਕੋਲ 5 ਕਿੱਲੇ ਹੁੰਦੇ ਸਨ ਤੇ ਇਨਾਂ 5 ਕਿੱਲਿਆਂ ਨਾਲ ਘਰ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਹੁੰਦਾ ਸੀ। ਹਾਲਾਂਕਿ ਜਦੋਂ ਮੈਂ ਯੂਨੀਵਰਸਿਟੀ 'ਚ ਸੀ ਤਾਂ ਸਾਡੇ 5 ਕਿੱਲੇ ਵਿਕ ਗਏ ਤੇ ਘਰ ਵੀ ਵਿਕ ਗਿਆ।'

# ਤੇਜੀ ਨਾਲ ਫੈਲ ਰਹੇ ਨਵੇਂ ਵਾਇਰਸ ਕੋਵਿਡ-19 ਸਟਰੇਨ ਨੇ ਵਧਾਈ ਚਿੰਤਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਕੋਵਿਡ -19 ਦਾ ਨਵਾਂ ਰੂਪ ਜੋ ਸਭ ਤੋਂ ਪਹਿਲਾਂ ਯੂ. ਕੇ ਵਿਚ ਪਾਇਆ ਗਿਆ ਸੀ, ਤੇਜੀ ਨਾਲ ਫੈਲ ਰਿਹਾ ਹੈ ਜਿਸ ਕਾਰਨ ਅਮਰੀਕਾ ਦੀ ਸਿਹਤ ਪ੍ਰਣਾਲੀ ਜੋ ਪਹਿਲਾਂ ਹੀ ਕੋਵਿਡ-19 ਦੇ ਮਰੀਜ਼ਾਂ ਨੂੰ ਸਾਂਭਣ ਦੇ ਮਾਮਲੇ ਵਿਚ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ, ਉਪਰ ਹੋਰ ਦਬਾਅ ਪੈਣ ਦੀ ਸੰਭਾਵਨਾ ਹੈ। ਬੀ.1.1.7 ਦੇ ਨਾਂ ਨਾਲ ਜਾਣੇ ਜਾਂਦੇ ਇਸ ਵਾਇਰਸ ਨੇ ਘੱਟੋ ਘੱਟ 3 ਅਮਰੀਕੀ ਰਾਜਾਂ ਤੇ ਵਿਸ਼ਵ ਦੇ 33 ਦੇਸ਼ਾਂ ਵਿਚ ਦਸਤਕ ਦੇ ਦਿੱਤੀ ਹੈ। ਇਹ ਵਾਇਰਸ ਜੋ ਸਭ ਤੋਂ ਪਹਿਲਾਂ ਦੱਖਣੀ ਅਫਰੀਕਾ ਵਿਚ ਪਾਇਆ ਗਿਆ ਸੀ, ਸਮਝਿਆ ਜਾਂਦਾ ਹੈ ਕਿ ਬਹੁਤ ਅਸਾਨੀ ਨਾਲ ਲੋਕਾਂ ਨੂੰ ਆਪਣੀ ਲਪੇਟ ਵਿਚ ਲੈ ਸਕਦਾ ਹੈ। 'ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ੈਨ ਕੋਵਿਡ-19' ਦੇ ਕੇਂਦਰ ਦੇ ਮੈਨੇਜਰ ਡਾ. ਹੈਨਰੀ ਵਾਲਕ ਅਨੁਸਾਰ ਕਿਉਂਕਿ ਇਹ ਵਾਇਰਸ ਬਹੁਤ ਤੇਜੀ ਨਾਲ ਫੈਲਦਾ ਹੈ ਇਸ ਲਈ ਮਾਮਲੇ ਹੋਰ ਵਧ ਸਕਦੇ ਹਨ ਜਿਸ ਕਾਰਨ ਪਹਿਲਾਂ ਹੀ ਦਬਾਅ ਹੇਠ ਆਈ ਅਮਰੀਕੀ ਸਿਹਤ ਪ੍ਰਣਾਲੀ ਲਈ ਨਵੀਆਂ ਮੁਸ਼ਕਿਲਾਂ ਖੜੀਆਂ ਹੋਣਗੀਆਂ।' ਉਨਾਂ ਕਿਹਾ ਕਿ ਸਾਨੂੰ ਕੋਵਿਡ-19 ਤੇ ਵਾਇਰਸ ਦੇ ਇਸ ਨਵੇਂ ਰੂਪ ਤੋਂ ਬਚਾਅ ਲਈ ਹੋਰ ਸਾਵਧਾਨੀ ਵਰਤਣੀ ਪਵੇਗੀ। ਸੈਂਟਰ ਫਾਰ ਡਸੀਜ਼ ਕੰਟਰੋਲ ਅਨੁਸਾਰ ਵਾਇਰਸ ਦਾ ਇਹ ਨਵਾਂ ਰੂਪ 'ਸਟਰੇਨ' ਸਤੰਬਰ ਵਿਚ ਦੱਖਣ ਪੂਰਬ ਇੰਗਲੈਂਡ ਵਿਚ ਪਾਇਆ ਗਿਆ ਸੀ। ਲੰਡਨ ਵਿਚ ਨਵੰਬਰ ਤੱਕ ਇਸ ਦੇ 4 ਮਾਮਲੇ ਸਾਹਮਣੇ ਆਏ ਸਨ। ਬਾਅਦ ਵਿਚ ਇਹ ਤੇਜੀ ਨਾਲ ਫੈਲਿਆ ਤੇ 9 ਦਸੰਬਰ ਤੱਕ ਇਸ ਵਾਇਰਸ ਦੇ ਮਾਮਲੇ ਵਧ ਕੇ 60% ਹੋ ਗਏ ਸਨ।

# ਮਾਤਾ ਉਪਕਾਰ ਕੌਰ ਦੇ ਅਕਾਲ ਚਲਾਣੇ 'ਤੇ ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਵੱਲੋਂ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ

**ਲੰਡਨ/ਏ.ਟੀ.ਨਿਊਜ਼:** ਦਮਦਮੀ ਟਕਸਾਲ ਦੇ ਜਥੇਦਾਰ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਹੋਏ ਸਿੱਖ ਸੰਘਰਸ਼ ਦੇ ਨਾਇਕ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੇ ਸਤਿਕਾਰਯੋਗ ਮਾਤਾ ਅਤੇ ਸ਼ਹੀਦ ਭਾਈ ਬਲਵੰਤ ਸਿੰਘ ਦੇ ਧਰਮ ਸੁਪਤਨੀ ਬੀਬੀ ਉਪਕਾਰ ਕੌਰ ਦੇ ਅਕਾਲ ਚਲਾਣੇ ਤੇ ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਅਰਦਾਸ ਕੀਤੀ ਗਈ ਕਿ ਅਕਾਲ ਪੁਰਖ ਵਾਹਿਗੁਰੂ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਮਾਤਾ ਉਪਕਾਰ ਕੌਰ ਦੀ ਆਤਮਾ ਨੂੰ ਸਦੀਵ ਕਾਲ ਵਾਸਤੇ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ। ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਵੱਲੋਂ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਅਤੇ ਸਮੁੱਚੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਸ਼ਰੀਕ ਹੁੰਦਿਆਂ ਤਹਿ ਦਿਲੋਂ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਸਿੱਖ



ਕੌਮ ਪ੍ਰਤੀ ਕੁਰਬਾਨੀ ਮਹਾਨ ਹੈ। ਉੱਥੇ ਮਾਤਾ ਉਪਕਾਰ ਕੌਰ ਨੇ ਬਹੁਤ ਹੀ ਮਹਾਨ ਘਾਲਣਾ ਘਾਲੀ ਅਤੇ ਬਿਖੜੇ ਪੈਂਡਿਆਂ ਦਾ ਸਫ਼ਰ ਤਹਿ ਕੀਤਾ ਜਿਸ 'ਤੇ ਕੌਮ ਨੂੰ ਮਾਣ ਰਹੇਗਾ। ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਨੇ ਸਿੱਖ ਸੰਘਰਸ਼ ਦੌਰਾਨ ਵੱਡਾ ਯੋਗਦਾਨ ਪਾਇਆ ਹੈ ਅਤੇ ਲੰਬਾ ਸਮਾਂ ਜੇਲਾਂ ਵਿੱਚ ਬਤੀਤ ਕੀਤਾ ਹੈ।

ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਵੱਲੋਂ ਸਿੱਖ ਵਿਰੋਧੀ ਲਾਬੀ ਨੂੰ ਆਖਿਆ ਗਿਆ ਕਿ ਖ਼ਾਲਸਾ ਪੰਥ ਕੌਮੀ ਹੱਕਾਂ, ਹਿਤਾਂ ਅਤੇ ਕੌਮੀ ਅਜ਼ਾਦੀ ਲਈ ਚੱਲ ਰਿਹਾ ਸੰਘਰਸ਼ ਜਾਰੀ ਰਹੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਠੰਢ ਤੇ ਮੀਂਹ ਦੇ ਬਾਵਜੂਦ ਦਿੱਲੀ ਦੀਆਂ ਸਰਹੱਦਾਂ 'ਤੇ ਡਟੇ ਕਿਸਾਨ

## ਮੀਂਹ ਨੇ ਕਿਸਾਨਾਂ ਦੀਆਂ ਵਧਾਈਆਂ ਮੁਸ਼ਕਲਾਂ ਪਰ ਹੌਂਸਲੇ ਬੁਲੰਦ







**ਨਵੀਂ ਦਿੱਲੀ /ਏ.ਟੀ.ਨਿਊਜ਼:** ਦਿੱਲੀ ਦੀਆਂ ਸਰਹੱਦਾਂ ਉੱਪਰ ਸਿੰਘੂ ਬਾਰਡਰ, ਟਿਕਰੀ ਬਾਰਡਰ, ਸ਼ਾਹਜਹਾਂਪੁਰ ਗਾਜ਼ੀਪੁਰ ਵਿਖੇ ਕੜਾਕੇ ਦੀ ਸਰਦੀ ਤੇ ਬਾਰਿਸ਼ ਕਾਰਨ ਜਿੱਥੇ ਠੰਢ 'ਚ ਅਥਾਹ ਵਾਧਾ ਹੋ ਗਿਆ ਹੈ, ਉੱਥੇ ਬਾਰਿਸ਼ ਦਾ ਪਾਣੀ ਖੜ੍ਹਾ ਹੋਣ ਨਾਲ ਕਿਸਾਨਾਂ ਦੀਆਂ ਦਿੱਕਤਾਂ ਵੀ ਵਧ ਗਈਆਂ ਹਨ ਪਰ ਕਿਸਾਨਾਂ ਦਾ ਸਬਰ ਤੇ ਹਿੰਮਤ ਇਸ ਮੌਸਮੀ ਕਰੋਪੀ ਨੂੰ ਬੰਨ ਮਾਰੀ ਬੈਠਾ ਹੈ । ਵੱਖ-ਵੱਖ ਰਾਜਾਂ ਦੇ ਕਿਸਾਨ ਪਿਛਲੇ 40 ਦਿਨਾਂ ਤੋਂ ਕੜਾਕੇ ਦੀ ਸਰਦੀ ਦੇ ਮੌਸਮ ਵਿਚ ਦਿੱਲੀ ਦੀਆਂ ਸਰਹੱਦਾਂ 'ਤੇ ਹਨ। ਸਿੰਘੂ ਬਾਰਡਰ ਤੇ ਟਿਕਰੀ ਬਾਰਡਰ ਵਿਖੇ ਪਾਣੀ ਭਰਨ 'ਤੇ ਦਰੀਆਂ, ਤਰਪਾਲਾਂ ਆਦਿ ਭਿੱਜ ਜਾਣ ਕਾਰਨ ਭਾਵੇਂ ਪ੍ਰਬੰਧਕਾਂ ਨੂੰ ਸਟੇਜ ਚਲਾਉਣ ਵਿਚ ਭਾਰੀ ਦਿੱਕਤ ਪੇਸ਼ ਆਈ, ਪਰ ਕਿਸਾਨਾਂ ਨੇ ਹਿੰਮਤ ਨਾਲ ਪਾਣੀ ਬਾਹਰ ਕੱਢ ਕੇ ਨਵੀਆਂ ਤਰਪਾਲਾਂ ਵਿਛਾ ਕੇ ਸਟੇਜ ਦੀ ਕਾਰਵਾਈ ਚਾਲੂ ਰੱਖੀ । ਕੁੰਡਲੀ ਬਾਰਡਰ ਉੱਪਰ ਤਾਂ ਦਿਨ ਸਮੇਂ ਮੌਸਮ ਖੁੱਲ ਜਾਣ ਬਾਅਦ ਜੀਟੀ. ਰੋਡ ਹੀ ਖੇਡ ਮੈਦਾਨ ਬਣਾ ਕੇ ਲੜਕੀਆਂ ਦੀ ਕਬੱਡੀ ਦੇ ਮੈਚ ਵੀ ਕਰਵਾਏ ਗਏ। ਇਨਾਂ ਵਿੱਚੋਂ ਜ਼ਿਆਦਾ ਕਿਸਾਨ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਹਿਰ ਦੇ ਸਿੰਘੂ ਬਾਰਡਰ 'ਤੇ ਬਾਰਸ਼ ਤੋਂ ਕਿਸਾਨਾਂ ਨੂੰ ਬਚਾਉਣ ਲਈ ਟੈਂਟਾਂ ਵਿਚ ਅਸਥਾਈ ਉੱਚੇ ਬੈੱਡ ਮੁਹੱਈਆ ਕਰਵਾਏ ਹਨ।

ਵਰਨਣਯੋਗ ਗੱਲ ਇਹ ਸੀ ਕਿ ਥਾਂ-ਥਾਂ ਆਪੋ-ਆਪਣਾ ਜੁਗਾੜ ਲਗਾ ਕੇ ਕਿਸਾਨਾਂ ਨੇ ਲੰਗਰਾਂ ਦੇ ਚੁੱਲੇ ਮਘਦੇ ਰੱਖੇ ਹੋਏ ਸਨ । ਬਹੁਤ ਸਾਰੇ ਕਿਸਾਨਾਂ ਦੀਆਂ ਟਰਾਲੀਆਂ ਉੱਪਰ ਲਗਾਏ ਤੰਬੂਆਂ ਵਿਚੋਂ ਪਾਣੀ ਚੋਅ ਰਿਹਾ ਸੀ। ਬਾਲਣ ਗਿੱਲਾ ਹੋਣ ਕਾਰਨ ਚੁੱਲੇ ਮਘਾਉਣ 'ਚ ਵੀ ਭਾਰੀ ਪ੍ਰੇਸ਼ਾਨੀ ਝੱਲਣੀ ਪੈ ਰਹੀ ਸੀ । ਸਭ ਤੋਂ ਵੱਡੀ ਸਮੱਸਿਆ ਚਿੱਕੜ ਹੋਣ ਕਾਰਨ ਸਾਫ਼-ਸਫ਼ਾਈ ਦੀ ਆ ਰਹੀ ਹੈ ਪਰ ਨੌਜਵਾਨ ਕਿਸਾਨ ਸਫ਼ਾਈ ਤੇ ਆਵਾਜਾਈ ਨੂੰ ਸੁਚਾਰੂ ਰੱਖਣ ਲਈ ਥਾਂ-ਥਾਂ ਸਰਗਰਮ ਨਜ਼ਰ ਆ ਰਹੇ ਸਨ ।

**ਲੋਕਾਂ ਦੀ ਆਮਦ ਵਧੀ**

ਐਤਵਾਰ ਛੁੱਟੀ ਵਾਲੇ ਦਿਨ ਹਮੇਸ਼ਾ ਸਿੰਘੂ ਬਾਰਡਰ ਦੇ ਕਿਸਾਨ ਮੋਰਚੇ ਵਿਚ ਲੋਕਾਂ ਦੀ ਆਮਦ ਵਧ ਜਾਂਦੀ ਹੈ ਪਰ ਇਸ ਵਾਰ ਠੰਢ 'ਚ ਵਾਧੇ ਤੇ ਉੱਪਰੋਂ ਬਾਰਿਸ਼ ਹੋਣ ਕਾਰਨ ਆਮਦ ਘਟਣ ਦੀ ਆਸ ਸੀ ਪਰ ਲਗਦਾ ਹੈ ਕਿ ਕਿਸਾਨ ਮੋਰਚੇ ਦੀ ਲੋਕਾਂ ਦੇ ਮਨਾਂ 'ਚ ਕਸਹਿ ਏਨੀ ਵੱਧ ਗਈ ਹੈ ਕਿ ਹੁਣ ਹਰ ਕਿਸੇ ਲਈ ਆਪਣੀ ਮੁਸ਼ਕਿਲ ਛੋਟੀ ਤੇ ਕਿਸਾਨਾਂ ਦੀ ਔਕੜ ਵੱਡੀ ਲੱਗ ਰਹੀ ਹੈ । ਇਹੀ ਕਾਰਨ ਹੈ ਕਿ ਅੱਜ ਚਿੱਕੜ ਦੇ ਬਾਵਜੂਦ 14 ਕਿਲੋਮੀਟਰ ਸਿੰਘੂ ਬਾਰਡਰ ਮੋਰਚੇ 'ਚ ਕਿਧਰੇ ਵੀ ਤਿਲ ਸੁੱਟਣ ਨੂੰ ਜਗਾ ਨਹੀਂ ਸੀ । ਪੰਜਾਬ, ਹਰਿਆਣਾ ਤੇ ਦਿੱਲੀ ਤੋਂ ਵੱਡੀ ਗਿਣਤੀ ਵਿਚ ਲੋਕ ਪਰਿਵਾਰਾਂ ਸਮੇਤ ਸ਼ਾਮਲ ਹੋਣ ਲਈ, ਨਜ਼ਰ ਆ ਰਹੇ ਸਨ । ਜਲੰਧਰ ਦੇ ਕੁਝ ਗੁਰਦੁਆਰਿਆਂ ਵੱਲੋਂ ਬੀਤੇ ਐਤਵਾਰ ਵੱਡੀ ਗਿਣਤੀ ਸੰਗਤ ਨੇ ਜਾ ਕੇ 11 ਕੁਇੰਟਲ ਅਲਸੀ ਤੇ ਦੇਸੀ ਘਿਓ ਦੀਆਂ ਪਿੰਨੀਆਂ ਤੇ 500 ਜੋੜੇ ਗਰਮ ਜੁਰਾਬਾਂ ਕਿਸਾਨਾਂ ਨੂੰ ਭੇਟ ਕੀਤੀਆਂ। ਗੁਰਦੁਆਰਾ ਕਮੇਟੀ ਦੇ ਆਗੂ ਅਰਵਿੰਦਰ ਸਿੰਘ ਰੇਰੂ ਨੇ ਦੱਸਿਆ ਕਿ ਮੋਰਚੇ 'ਚ ਲੋਕ ਪਰਿਵਾਰਾਂ ਸਮੇਤ ਵੱਡੀ ਗਿਣਤੀ ਵਿਚ ਸ਼ਾਮਿਲ ਹੋਣ ਆਏ ਸਨ। ਸਿੰਘੂ ਬਾਰਡਰ ਕਮੇਟੀ 'ਚ ਔਰਤਾਂ ਦੀ ਰਿਹਾਇਸ਼ ਤੇ ਸੁਰੱਖਿਆ ਲਈ 1000 ਦੀ ਸਮਰੱਥਾ ਵਾਲਾ ਵਾਟਰ ਪਰੂਫ਼ ਟੈਂਟ ਤੇ ਰਜਾਈਆਂ, ਗੱਦਿਆਂ ਦਾ ਪ੍ਰਬੰਧ ਕੀਤਾ ਗਿਆ ਹੈ । ਸੰਯੁਕਤ ਕਿਸਾਨ ਮੋਰਚਾ ਦੇ ਆਗੂ ਮਨਜੀਤ ਸਿੰਘ ਰਾਏ ਨੇ ਦੱਸਿਆ ਕਿ ਸਿੰਘੂ ਬਾਰਡਰ ਵਿਖੇ ਕੇਐੱਫ਼ਸੀ. ਦੇ ਨਾਲ ਵਿਸ਼ੇਸ਼ ਟੈਂਟ ਲਗਾਇਆ ਗਿਆ। ਉੱਥੇ ਲੰਗਰ ਤੇ ਸੁਰੱਖਿਆ ਦਾ ਵਿਸ਼ੇਸ਼ ਖ਼ਿਆਲ ਰੱਖਿਆ ਜਾ ਰਿਹਾ ਹੈ । ਕਿਸਾਨ ਆਗੂ ਨੇ ਕਿਹਾ ਕਿ ਜਿਨਾਂ ਟੈਂਟਾਂ ਵਿੱਚ ਕਿਸਾਨ ਰਹਿ ਰਹੇ ਹਨ, ਉਹ ਵਾਟਰ ਪਰੂਫ਼ ਹਨ ਪਰ ਉਹ ਠੰਢ ਤੇ ਪਾਣੀ ਖੜਨ ਦੀ ਸਮੱਸਿਆ ਤੋਂ ਉਹ ਬਚਾਅ ਨਹੀਂ ਕਰ ਸਕਦੇ। ਮੀਂਹ ਕਾਰਨ ਪ੍ਰਦਰਸ਼ਨ ਵਾਲੀਆਂ ਥਾਵਾਂ ਦੀ ਹਾਲਤ ਕਾਫੀ ਖ਼ਰਾਬ ਹੋ ਗਈ ਹੈ। ਥਾਂ ਥਾਂ ਪਾਣੀ ਖੜਿਆ ਹੈ ਤੇ ਠੰਢ ਵੀ ਵੱਧ ਗਈ ਹੈ। ਸਿੰਘੂ ਬਾਰਡਰ 'ਤੇ ਕਿਸਾਨ ਗੁਰਵਿੰਦਰ ਸਿੰਘ ਨੇ ਕਿਹਾ ਕਿ ਕੁੱਝ ਥਾਵਾਂ 'ਤੇ ਪਾਣੀ ਭਰ ਗਿਆ ਹੈ ਤੇ ਪਖਾਨਿਆਂ ਦੇ ਵੀ ਢੁਕਵੇਂ ਪ੍ਰਬੰਧ ਨਹੀਂ ਹਨ। ਉਸ ਨੇ ਕਿਹਾ ਕਿ ਭਾਵੇਂ ਹਾਲਾਤ ਮੁਸ਼ਕਲਾਂ ਭਰੇ ਹਨ ਪਰ ਉਹ ਆਪਣੀਆਂ ਮੰਗਾਂ ਮਨਵਾਏ ਬਗ਼ੈਰ ਵਾਪਸ ਨਹੀਂ ਜਾਣਗੇ।

**ਕੜਾਕੇ ਦੀ ਠੰਢ 'ਚ ਲੜਕੀਆਂ ਦੇ ਕਬੱਡੀ ਮੈਚਾਂ ਦੀ ਧਮਾਲ**

ਦਿੱਲੀ ਸਰਹੱਦਾਂ ਉੱਪਰ ਮੋਰਚਾ ਲਗਾਈ ਬੈਠੇ ਕਿਸਾਨਾਂ ਦੀ ਸਿਦਕ ਦਿਲੀ ਤੇ ਹਿੰਮਤ ਦੇ ਨਵੇਂ ਤੋਂ ਨਵੇਂ ਕ੍ਰਿਸ਼ਮੇ ਸਾਹਮਣੇ ਆ ਰਹੇ ਹਨ। ਕੁੰਡਲੀ ਬਾਰਡਰ ਵਿਖੇ ਜੀ.ਟੀ. ਰੋਡ ਉੱਪਰ ਮੇਟ ਵਿਛਾ ਕੇ ਕੜਾਕੇ ਦੀ ਠਾਰੀ ਵਿਚ ਲੜਕੀਆਂ ਦੇ ਹੋਏ ਕਬੱਡੀ ਮੈਚਾਂ ਨੇ ਨਵਾਂ ਹੀ ਇਤਿਹਾਸ ਰਚ ਦਿੱਤਾ । ਕਿਸਾਨ ਮੋਰਚੇ ਦੀ ਵਿਲੱਖਣ ਪਛਾਣ ਹੀ ਇਹ ਹੈ ਕਿ ਇਹ ਅਨਿਆਂ ਵਿਰੁੱਧ ਸੰਘਰਸ਼ ਹੈ ਤੇ ਹੱਕਾਂ ਲਈ ਅਵਾਮ ਦੀ ਲੜਾਈ ਪਰ ਪੰਜਾਬੀਆਂ ਦੇ ਸੁਭਾਅ ਮੁਤਾਬਿਕ ਇਹ ਇਕ ਵੱਡਾ ਜਸ਼ਨ ਹੈ, ਜਿੱਥੇ ਜਿਦੇ ਹਰ ਰੰਗ ਦੇ ਦਰਸ਼ਨ ਕੀਤੇ ਜਾ ਸਕਦੇ ਹਨ । ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਕੁੰਡਲੀ ਬਾਰਡਰ ਉੱਪਰ ਜੀ.ਟੀ. ਰੋਡ ਨੂੰ ਵੀ ਖੇਡ ਦਾ ਮੈਦਾਨ ਬਣਾ ਕੇ ਲੜਕੀਆਂ ਦੀ ਕਬੱਡੀ ਦੇ ਮੈਚ ਕਰਵਾਏ ਗਏ। ਹਰਿਆਣਾ, ਰਾਜਸਥਾਨ, ਯੂ.ਪੀ., ਪੰਜਾਬ ਤੇ ਦਿੱਲੀ ਦੀਆਂ 12 ਲੜਕੀਆਂ ਦੀਆਂ ਕਬੱਡੀ ਟੀਮਾਂ ਨੇ ਇਨਾਂ ਮੈਚਾਂ 'ਚ ਆਪਣੀ ਖੇਡ ਦੇ ਜੌਹਰ ਦਿਖਾਏ। ਕਬੱਡੀ ਟੀਮਾਂ ਵਿਚ ਸ਼ਾਮਿਲ ਲੜਕੀਆਂ ਦੇ ਕੋਚਾਂ ਨੇ ਕਿਹਾ ਕਿ ਉਨਾਂ ਦੀਆਂ ਟੀਮਾਂ ਧਰਨੇ 'ਚ ਬੈਠੇ ਕਿਸਾਨਾਂ-ਮਜ਼ਦੂਰਾਂ ਦੀ ਹੌਂਸਲਾ ਅਫਜ਼ਾਈ ਤੇ ਇਕਜੁਟਤਾ ਦਾ ਪ੍ਰਗਟਾਵਾ ਕਰਨ ਆਈਆਂ ਹਨ । ਉਹ ਅੱਗੇ ਤੋਂ ਵੀ ਧਰਨੇ ਵਿਚ ਲਗਾਤਾਰ ਸ਼ਮੂਲੀਅਤ ਕਰਦੇ ਰਹਿਣਗੇ । ਕਮੇਟੀ ਦੇ ਪ੍ਰਧਾਨ ਸਤਨਾਮ ਸਿੰਘ ਪੰਨੂੰ ਤੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਹਰ ਟੀਮ ਨੂੰ 2100 ਰੁਪਏ ਨਕਦ ਤੇ ਜਥੇਬੰਦੀ ਦੇ ਲੋਗੋ ਵਾਲੇ ਬੈਚ ਦੇ ਕੇ ਸਨਮਾਨਿਤ ਕੀਤਾ ਗਿਆ। ਕਬੱਡੀ ਕੋਚਾਂ ਨੂੰ ਲੋਈਆਂ ਦੇ ਕੇ ਸਨਮਾਨਿਤ ਕੀਤਾ ਗਿਆ।

**ਲੰਗਰਾਂ ਲਈ ਵੰਡੀਆਂ ਜਾ ਰਹੀਆਂ ਨੇ ਈਕੋ-ਫਰੈਂਡਲੀ ਪੱਤਲਾਂ**

ਦਿੱਲੀ ਦੀਆਂ ਸੜਕਾਂ 'ਤੇ ਲੱਖਾਂ ਦੀ ਗਿਣਤੀ ਵਿਚ ਬੈਠੇ ਇਹ ਕਿਸਾਨ ਨਾ ਸਿਰਫ਼ ਸ਼ਾਂਤੀਪੂਰਵਕ ਸੰਘਰਸ਼ ਕਰ ਰਹੇ ਹਨ, ਬਲਕਿ ਉੱਥੇ ਸਾਫ਼-ਸਫ਼ਾਈ ਤੇ ਵਾਤਾਵਰਨ ਦੀ ਸ਼ੁੱਧਤਾ ਦਾ ਪੂਰਾ ਖ਼ਿਆਲ ਰੱਖ ਰਹੇ ਹਨ। ਇਸ ਪਾਸੇ ਅਹਿਮ ਕਦਮ ਚੁੱਕਦਿਆਂ ਦਿੱਲੀ ਸੰਘਰਸ਼ 'ਚ ਸੇਵਾ ਨਿਭਾਅ ਰਹੀ ਜਲੰਧਰ ਦੀ ਸਮਾਜ ਸੇਵੀ ਸੰਸਥਾ 'ਫ਼ਖ਼ਰ-ਏ-ਹੋਂਦ' ਵੱਲੋਂ ਸੰਘਰਸ਼ 'ਚ ਸ਼ਾਮਲ ਸੰਗਤ ਦੇ ਲੰਗਰ ਛਕਣ ਲਈ ਵਰਤੀਆਂ ਜਾਣ ਵਾਲੀਆਂ ਡਿਸਪੋਜ਼ੇਬਲ ਪਲੇਟਾਂ ਦੀ ਥਾਂ 'ਤੇ ਈਕੋ-ਫਰੈਂਡਲੀ ਮੰਨੀਆਂ ਜਾਂਦੀਆਂ ਬਾਇਡੀਗ੍ਰੇਡੇਬਲ ਪਲੇਟਾਂ, ਜਿਨਾਂ ਨੂੰ ਪੱਤਲ਼ਾਂ ਕਿਹਾ ਜਾਂਦਾ ਹੈ, ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਇਸ ਸੰਸਥਾ ਦੇ ਚੇਅਰਮੈਨ ਸੁਖਵਿੰਦਰ ਸਿੰਘ ਲਾਲੀ ਨੇ ਦੱਸਿਆ ਕਿ ਕਿਸਾਨੀ ਸੰਘਰਸ਼ ਵਿਚ ਲੱਖਾਂ ਦੀ ਗਿਣਤੀ 'ਚ ਮੌਜੂਦ ਸੰਗਤ ਦੇ ਲੰਗਰ ਖਾਣ ਲਈ ਥਰਮੋਕੋਲ ਦੀਆਂ ਪਲੇਟਾਂ ਵਰਤੀਆਂ ਜਾ ਰਹੀਆਂ ਹਨ ਪਰ ਉਨਾਂ ਦੀ ਸੰਸਥਾ ਨੇ ਲੋਕਾਂ ਵਿਚ ਥਰਮੋਕੋਲ ਡਿਸਪੋਜ਼ੇਬਲ ਪਲੇਟਾਂ ਦੀ ਵਰਤੋਂ ਨਾ ਕਰਨ ਸਬੰਧੀ ਜਾਗਰੂਕਤਾ ਪੈਦਾ ਕਰਨ ਦਾ ਬੀੜਾ ਚੁੱਕਿਆ ਅਤੇ ਆਪਣੇ ਕੋਲੋਂ 35,000 ਦੇ ਕਰੀਬ ਪੱਤਲ਼ਾਂ ਮੰਗਵਾ ਕੇ ਲੰਗਰ ਛਕਾਉਣ ਵਾਲੀਆਂ ਸੰਸਥਾਵਾਂ ਨੂੰ ਵੰਡਣੀਆਂ ਸ਼ੁਰੂ ਕੀਤੀਆਂ ਹਨ।

ਉਨਾਂ ਕਿਹਾ ਕਿ ਉਹ ਲੰਗਰ ਛਕਾਉਣ ਵਾਲੀਆਂ ਸੰਸਥਾਵਾਂ ਨੂੰ ਪੱਤਲ਼ਾਂ ਮੁਹੱਈਆ ਕਰਵਾਉਣ ਦੇ ਨਾਲ ਹੀ ਉਨਾਂ ਨੂੰ ਅਜਿਹੀਆਂ ਪੱਤਲ਼ਾਂ ਹੀ ਲੰਗਰ ਲਈ ਵਰਤਣ ਬਾਰੇ ਜਾਗਰੂਕ ਵੀ ਕਰ ਰਹੇ ਹਨ ਤਾਂ ਜੋ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ।

**ਟਰੱਕ ਬਣਾਏ ਘਰ**

ਸਿੰਘੂ ਸਰਹੱਦ- ਕਿਸਾਨਾਂ ਦੇ ਸਮਰਥਨ ਵਿਚ ਸਿੰਘੂ ਸਰਹੱਦ 'ਤੇ ਪੁੱਜੇ ਹਰਪ੍ਰੀਤ ਸਿੰਘ ਮੱਟੂ ਨੇ ਆਪਣੇ ਟਰੱਕ ਨੂੰ ਹੀ ਅਸਥਾਈ ਘਰ 'ਚ ਬਦਲ ਦਿੱਤਾ। ਜਲੰਧਰ ਨੇੜਿਓਂ ਆਏ ਹਰਪ੍ਰੀਤ ਸਿੰਘ ਨੇ 2 ਦਸੰਬਰ ਤੋਂ ਸਿੰਘੂ ਸਰਹੱਦ 'ਤੇ ਲੰਗਰ ਦੀ ਸੇਵਾ ਸ਼ੁਰੂ ਕਰ ਦਿੱਤੀ ਸੀ। ਹਰਪ੍ਰੀਤ ਨੂੰ ਜਦੋਂ ਘਰ ਦੀ ਯਾਦ ਆਉਣ ਲੱਗੀ ਤਾਂ ਉਸ ਨੇ ਆਪਣੇ ਸਾਥੀਆਂ ਨੂੰ ਫ਼ੋਨ ਕੀਤਾ ਤੇ ਨਾਲ ਹੀ ਇਕ ਪਲੰਬਰ, ਬਿਜਲੀ ਮਕੈਨਿਕ ਤੇ ਕਾਰਪੈਂਟਰ ਨੂੰ ਬੁਲਾ ਲਿਆ ਤੇ ਟਰੱਕ ਨੂੰ ਹੀ ਘਰ 'ਚ ਤਬਦੀਲ ਕਰ ਦਿੱਤਾ। ਇਸ ਕੰਮ ਲਈ ਉਸ ਨੂੰ ਦੋ ਦਿਨ ਲੱਗੇ। ਹਰਪ੍ਰੀਤ ਦੇ ਅਸਥਾਈ ਘਰ 'ਚ ਹਰ ਸਹੂਲਤ ਮੌਜੂਦ ਹੈ। ਟਰੱਕ ਵਿਚ ਬਾਥਰੂਮ ਤੋਂ ਲੈ ਕੇ ਟੀ. ਵੀ. ਤੱਕ ਲੱਗਿਆ ਹੋਇਆ ਹੈ। ਉਸ ਨੇ ਸੌਣ ਲਈ ਇਕ ਬੈੱਡ ਤੇ ਬੈਠਣ ਲਈ ਇਕ ਸੋਫ਼ਾ ਲਗਾਇਆ ਹੋਇਆ ਹੈ। ਹਰਪ੍ਰੀਤ ਨੇ ਦੱਸਿਆ ਕਿ ਇੱਥੇ ਮੇਰੇ 12 ਟਰੱਕ ਮੌਜੂਦ ਹਨ, ਜੋ ਕਿਸਾਨਾਂ ਦੀ ਸੇਵਾ 'ਚ ਲੱਗੇ ਹੋਏ ਹਨ, ਜਿਨਾਂ 'ਚ ਸੌਣ ਲਈ ਕੰਬਲਾਂ ਤੇ ਰਜਾਈਆਂ ਦਾ ਪ੍ਰਬੰਧ ਕੀਤਾ ਹੋਇਆ ਹੈ।










ਸਿੱਖ ਪੰਚਾਇਤ ਗੁਰਦੁਆਰਾ ਸਾਹਿਬ ਫਰੀਮਾਂਟ ਨੇ ਵੀ ਸ਼ੰਭੂ ਬਾਰਡਰ ਤੇ ਸੇਵਾ ਨਿਭਾਉਂਦੇ ਹੋਏ ਪਾਖ਼ਾਨੇ, ਗਰਮ ਪਾਣੀ ਲਈ ਗੀਜ਼ਰ ਅਤੇ ਗ਼ੁਸਲਖ਼ਾਨਿਆਂ ਦਾ ਪ੍ਰਬੰਧ ਕੀਤਾ ਹੈ ਜਿਸ ਉੱਪਰ 30 ਲੱਖ ਲੱਗੇ ਦੱਸੇ ਜਾ ਰਹੇ ਹਨ। ਸਿੱਖ ਪੰਚਾਇਤ ਹਮੇਸ਼ਾ ਹੀ ਸੇਵਾ ਭਾਵਨਾ ਵਾਲੇ ਕੰਮਾਂ ਵਿੱਚ ਮੋਹਰੀ ਰਹੀ ਹੈ ਜਿਸ ਵਿੱਚ ਬਹੁਤੇ ਮੈਂਬਰ ਪੰਜਾਬ ਵਿੱਚੋਂ ਅਮਰੀਕਾ ਜਾ ਕੇ ਵਸੇ ਸਿੱਖ ਹਨ। ਸਿੱਖਸ ਫਾਰ ਹਿਉਮੈਨਿਟੀ ਨੇ ਵੀ ਸਿੱਖ ਪੰਚਾਇਤ ਨਾਲ ਤਾਲਮੇਲ ਕਰਕੇ ਸੇਵਾ ਵਿੱਚ ਹੱਥ ਵਟਾਇਆ ਹੈ।

# ਕਿਸਾਨ ਲੀਡਰ ਨੇ ਸੰਘ ਹੈੱਡਕੁਆਰਟਰ ਤੇ ਮੋਹਨ ਭਾਗਵਤ ਨੂੰ ਉਡਾਉਣ ਦੀ ਧਮਕੀ, ਕਿਹਾ ਮੋਦੀ ਨੂੰ ਕਰਨੀ ਪਏਗੀ ਖੁਦਕੁਸ਼ੀ

**ਬੈਤੂਲ/ਏ.ਟੀ.ਨਿਊਜ਼:** ਮੱਧ ਪ੍ਰਦੇਸ ਦੇ ਬੈਤੂਲ ਵਿੱਚ ਆਲ ਇੰਡੀਆ ਕਿਸਾਨ ਸੰਘਰਸ ਕਮੇਟੀ ਦੇ ਕਨਵੀਨਰ ਅਰੁਣ ਵਨਕਰ ਤੇ ਨਾਗਪੁਰ ਦੇ ਕਿਸਾਨ ਲੀਡਰ ਮੀਡੀਆ ਨਾਲ ਗੱਲਬਾਤ ਕਰਦਿਆਂ ਇੰਨਾ ਗੁੱਸੇ ਵਿੱਚ ਆ ਗਏ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰਾਸਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਤੇ ਇੱਥੋਂ ਤੱਕ ਕਿ ਸੈਨਾ ਤੱਕ ਲਈ ਸਖਤ ਗੱਲਾਂ ਬੋਲ ਗਏ।

ਉਨ੍ਹਾਂ ਕਿਹਾ ਕਿ "ਪ੍ਰਧਾਨ ਮੰਤਰੀ ਮੋਦੀ ਕਿਸਾਨਾਂ 'ਤੇ ਫਾਇਰ ਨਹੀਂ ਕਰ ਸਕਦੇ ਨਹੀਂ ਤਾਂ ਸੈਨਾ ਦੇ ਜਵਾਨ ਬਗਾਵਤ ਕਰਨਗੇ। ਫਿਰ ਵੀ, ਜੇ ਸਰਕਾਰ ਅਜਿਹਾ ਕਰਦੀ ਹੈ, ਅਸੀਂ ਮੋਹਨ ਭਾਗਵਤ ਨੂੰ ਉਡਾ ਦੇਵਾਂਗੇ, ਆਰਐਸਐਸ ਦੇ ਹੈੱਡਕੁਆਰਟਰ ਨੂੰ ਉਡਾ ਦੇਵਾਂਗੇ। ਹੁਣ ਕਿਸਾਨ ਦਿੱਲੀ ਵਿੱਚ ਦਾਖਲ ਹੋ ਗਏ ਹਨ। ਮੋਦੀ ਦੇ ਸਾਹਮਣੇ ਇੱਕੋ ਰਸਤਾ ਹੈ, ਜਾਂ ਤਾਂ ਕਾਨੂੰਨ ਵਾਪਸ ਲੈ ਲਵੇ ਨਹੀਂ ਤਾਂ ਉਸ ਨੂੰ ਖੁਦਕੁਸੀ ਕਰਨੀ ਪਏਗੀ।"ਵਨਕਰ ਨੇ ਕਿਹਾ ਕਿ "ਪ੍ਰਧਾਨ ਮੰਤਰੀ ਮੋਦੀ ਦਾ ਹਿਟਲਰ ਸੁਭਾਅ ਹੈ। ਉਹ ਕਿਸੇ ਹਾਲ ਤੇ ਵੀ ਪੈਰ ਪਿੱਛੇ ਨਹੀਂ ਪੁੱਟੇਗਾ ਤੇ ਉਸ ਕੋਲ ਖੁਦਕੁਸੀ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਹੋਵੇਗਾ।

# ਭਾਜਪਾ ਆਗੂ ਦੇ ਦਰਾਂ ਵਿਚ ਗੋਹਾ ਸੁੱਟਣਾ ਇਰਾਦਾ ਕਤਲ ਨਹੀਂ ਬਣਦਾ: ਕੈਪਟਨ ਅਮਰਿੰਦਰ ਸਿੰਘ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਖੇਤੀ ਬਚਾਉਣ ਲਈ ਸੰਘਰਸ਼ ਕਰ ਰਹੇ ਕਿਸਾਨਾਂ ਖਿਲਾਫ ਮਾੜੀ ਸ਼ਬਦਾਵਲੀ ਬੋਲਣ ਵਾਲੇ ਭਾਜਪਾ ਆਗੂ ਤਿਕਸ਼ਣ ਸੂਦ ਦੇ ਘਰ ਅੱਗੇ ਗੋਹੇ ਦੀ ਟਰਾਲੀ ਢੇਰੀ ਕਰਨ ਵਾਲੇ ਨੌਜਵਾਨਾਂ ਖਿਲਾਫ ਦਰਜ ਮਾਮਲੇ ਵਿਚੋਂ ਇਰਾਦਾ ਕਤਲ ਦੀ ਧਾਰਾ 307 ਰੱਦ ਕਰਨ ਦੇ ਹੁਕਮ ਕੈਪਟਨ ਅਮਰਿੰਦਰ ਸਿੰਘ ਨੇ ਜਾਰੀ ਕਰ ਦਿੱਤੇ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਇਹ ਧਾਰਾ ਜੋੜਨ ਵਾਲੇ ਐਸਐਚਓ ਦੇ ਤਬਾਦਲੇ ਦੇ ਵੀ ਹੁਕਮ ਜਾਰੀ ਕੀਤੇ ਹਨ। ਇਸ ਮਾਮਲੇ ਦੀ ਜਾਂਚ ਸਬੰਧੀ ਪੁਲਸ ਨੇ ਐਸਆਈਟੀ ਬਣਾ ਦਿੱਤੀ ਹੈ।

ਕੈਪਟਨ ਨੇ ਕਿਹਾ ਕਿ ਇਸ ਘਟਨਾ ਵਿਚ ਕਤਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ ਸੀ ਇਸ ਲਈ ਇਹ ਧਾਰਾ ਜੋੜਨੀ ਸਹੀ ਨਹੀਂ ਸੀ। ਜ਼ਿਕਰਯੋਗ ਹੈ ਕਿ ਭਾਜਪਾ ਆਗੂ ਅਤੇ ਸਾਬਕਾ ਮੰਤਰੀ ਤਿਕਸ਼ਣ ਸੂਦ ਨੇ ਬਿਆਨ ਦਿੱਤਾ ਸੀ ਕਿ ਸੰਘਰਸ਼ 'ਚ ਸ਼ਾਮਿਲ ਹੋਣ ਲਈ ਜਾਣ ਵਾਲੇ ਕਿਸਾਨ ਦਿੱਲੀ ਸਰਹੱਦਾਂ ਵਿਖੇ ਪਿਕਨਿਕ ਮਨਾ ਰਹੇ ਹਨ। ਇਸ ਦੇ ਜਵਾਬ ਵਜੋਂ ਦਲ ਖਾਲਸਾ ਅਤੇ ਸਿੱਖ ਯੂਥ ਆਫ ਪੰਜਾਬ ਜਥੇਬੰਦੀਆਂ ਦੇ ਨੌਜਵਾਨਾਂ ਨੇ ਸੂਦ ਦੇ ਦਰਵਾਜੇ ਵਿਚ ਗੋਹੇ ਦੀ ਟਰਾਲੀ ਢੇਰੀ ਕਰਕੇ ਉਸ ਖਿਲਾਫ ਨਾਅਰੇਬਾਜ਼ੀ ਕੀਤੀ ਸੀ।

ਪੁਲਿਸ ਵੱਲੋਂ ਨੌਜਵਾਨਾਂ ਖਿਲਾਫ ਇਰਾਦਾ ਕਤਲ ਵਰਗੀਆਂ ਸੰਗੀਨ ਧਾਰਾਵਾਂ ਅਧੀਨ ਮਾਮਲਾ ਦਰਜ ਕਰਨ ਖਿਲਾਫ ਇਲਾਕੇ ਦੇ ਲੋਕਾਂ ਦਾ ਵੱਡਾ ਇਕੱਠ ਹੋਇਆ ਅਤੇ ਡੀਸੀ ਦਫਤਰ ਨੂੰ ਘੇਰਾ ਪਾਇਆ ਗਿਆ। ਇਕੱਠ ਵਿਚ ਪਹੁੰਚ ਕੇ ਐਸਐਸਪੀ ਨੇ ਐਲਾਨ ਕੀਤਾ ਸੀ ਕਿ ਨੌਜਵਾਨਾਂ ਖਿਲਾਫ ਦਰਜ ਮਾਮਲੇ ਰੱਦ ਕੀਤੇ ਜਾਣਗੇ।

**ਗਾਇਕ ਸ੍ਰੀ ਬਰਾੜ 'ਤੇ ਦਰਜ ਮਾਮਲੇ ਨੂੰ ਜਾਇਜ਼ ਦੱਸਿਆ**

ਬੀਤੇ ਦਿਨੀਂ ਕਿਸਾਨੀ ਸੰਘਰਸ਼ ਬਾਰੇ ਗੀਤ "ਕਿਸਾਨ ਐਂਥਮ" ਲਿਖਣ ਵਾਲੇ ਗੀਤਕਾਰ, ਗਾਇਕ ਸ੍ਰੀ ਬਰਾੜ 'ਤੇ ਪੰਜਾਬ ਪੁਲਸ ਵੱਲੋਂ ਬੰਦੂਕ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੇ ਦੋਸ਼ਾਂ ਅਧੀਨ ਦਰਜ ਕੀਤੇ ਮਾਮਲੇ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਜਾਇਜ਼ ਦੱਸਿਆ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਮਾਮਲਾ ਗਾਇਕ ਵੱਲੋਂ ਪਿਛਲੇ ਸਮੇਂ ਗਾਏ ਗੀਤੇ ਸਬੰਧੀ ਦਰਜ ਕੀਤਾ ਗਿਆ ਹੈ ਅਤੇ ਨਾਲ ਹੀ ਕਿਸਾਨੀ ਸੰਘਰਸ਼ ਸਬੰਧੀ ਗਾਏ ਗੀਤ ਲਈ ਉਸਦੀ ਸਿਫਤ ਕੀਤੀ।

ਦੱਸ ਦਈਏ ਕਿ ਪੰਜਾਬ ਪੁਲਸ ਵੱਲੋਂ ਸ੍ਰੀ ਬਰਾੜ 'ਤੇ ਦਰਜ ਕੀਤੇ ਮਾਮਲੇ ਨੂੰ ਕਿਸਾਨੀ ਸੰਘਰਸ਼ ਲਈ ਕੰਮ ਕਰ ਰਹੇ ਕਲਾਕਾਰਾਂ ਨੂੰ ਡਰਾਵਾ ਦੇਣ ਦੀ ਕਾਰਵਾਈ ਵਜੋਂ ਦੇਖਿਆ ਜਾ ਰਿਹਾ ਹੈ। ਸ੍ਰੀ ਬਰਾੜ ਨੂੰ ਪੁਲਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ।

# ਕਿਸਾਨਾਂ ਦੇ ਰੋਹ ਤੋਂ ਅੰਬਾਨੀ ਘਬਰਾਇਆ

**ਅੰਮ੍ਰਿਤਸਰ ਟਾਈਮਜ ਬਿਊਰੋ:** ਮੁਕੇਸ ਅੰਬਾਨੀ ਦੀ ਕੰਪਨੀ ਰਿਲਾਇੰਸ ਨੇ ਕਿਸਾਨੀ ਸੰਘਰਸ ਦਾ ਦਬਾਅ ਮੰਨਦਿਆਂ ਬਿਆਨ ਜਾਰੀ ਕੀਤਾ ਹੈ ਕਿ ਉਹਨਾਂ ਦੀ ਕੰਪਨੀ ਹਮੇਸਾ ਭਾਰਤੀ ਕਿਸਾਨਾਂ ਦਾ ਸਮਰਥਨ ਕਰਦੀ ਹੈ ਅਤੇ ਉਹਨਾਂ ਕਿਹਾ ਕਿ ਕੰਪਨੀ ਕੰਟਰੈਕਟ ਫਾਰਮਿੰਗ ਦੇ ਵਪਾਰ ਵਿਚ ਸਾਮਲ ਨਹੀਂ ਹੋਵੇਗੀ। ਉਹਨਾਂ ਕਿਹਾ ਕਿ ਕੰਪਨੀ ਕਿਸਾਨਾਂ ਦੀ ਜਿਣਸਾਂ ਦੇ ਸਹੀ ਭਾਅ ਮਿਲਣ ਵਾਲੀ ਮੰਗ ਦਾ ਸਮਰਥਨ ਕਰਦੀ ਹੈ।

ਦੱਸ ਦਈਏ ਕਿ ਰਿਲਾਇੰਸ ਜੀਓ ਇਨਫੋਕੋਮ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸਨ ਪਾ ਕੇ ਕੰਪਨੀ ਦੇ ਟਾਵਰਾਂ ਦਾ ਨੁਕਸਾਨ ਕਰਨ ਵਾਲਿਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ ਅਤੇ ਕੰਪਨੀ ਦੇ ਸਮਾਨ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ ਹੈ। ਜਿਕਰਯੋਗ ਹੈ ਕਿ ਭਾਰਤ ਸਰਕਾਰ ਵੱਲੋਂ ਬਣਾਏ ਗਏ ਖੇਤੀ ਕਾਨੂੰਨਾਂ ਨਾਲ ਵੱਡੀਆਂ ਵਪਾਰਕ ਕੰਪਨੀਆਂ ਲਈ ਖੇਤੀ ਖੇਤਰ 'ਤੇ ਕਬਜਾ ਕਰਨ ਦਾ ਰਾਹ ਖੁੱਲ੍ਹ ਜਾਵੇਗਾ। ਅੰਬਾਨੀ ਅਤੇ ਅਡਾਨੀ ਪਰਿਵਾਰ ਇਸ ਨੀਤੀ ਤੋਂ ਲਾਹਾ ਖੱਟਣ ਲਈ ਸਭ ਤੋਂ ਮੋਹਰੀ ਮੰਨੇ ਜਾ ਰਹੇ ਹਨ ਜਿਹਨਾਂ ਨੇ ਕਿ ਵੱਖ ਵੱਖ ਤਰੀਕਿਆਂ ਨਾਲ ਖੇਤੀ ਵਸਤਾਂ ਦੇ ਵਪਾਰ ਵਿਚ ਦਖਲ ਵੀ ਸੁਰੂ ਕਰ ਦਿੱਤੀ ਹੋਈ ਹੈ। ਇਸ ਦੇ ਚਲਦਿਆਂ ਕਿਸਾਨਾਂ ਵੱਲੋਂ ਇਹਨਾਂ ਵਪਾਰਕ ਅਦਾਰਿਆਂ ਦਾ ਵੱਡੇ ਪੱਧਰ 'ਤੇ ਵਿਰੋਧ ਕੀਤਾ ਗਿਆ ਹੈ। ਕਿਸਾਨਾਂ ਦੇ ਵਿਰੋਧ ਦੇ ਚਲਦਿਆਂ ਹੀ ਕੰਪਨੀ ਹੁਣ ਅਜਿਹੇ ਬਿਆਨ ਦੇ ਕੇ ਖੁਦ ਨੂੰ ਖੇਤੀ ਕਾਨੂੰਨਾਂ ਤੋਂ ਪਾਸੇ ਕਰਨਾ ਚਾਹੁੰਦੀ ਹੈ।

# .ਗਦਰੀ ਬਾਬੇ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੀ ਪੋਤ ਨੂੰਹ ਸਰਦਾਰਨੀ ਬਲਬੀਰ ਕੌਰ ਦਾ ਦਿਹਾਂਤ

**ਨਿਊਯਾਰਕ/ਬਰੈਂਪਟਨ (ਰਾਜ ਗੋਗਨਾ/ ਕੁਲਤਰਨ ਪਧਿਆਣਾ):** ਬੀਤੇ ਦਿਨ ਕੈਨੇਡਾ ਦੇ ਬਰੈਂਪਟਨ ਵਿਚ ਮਹਾਨ ਗ਼ਦਰੀ ਬਾਬੇ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੀ ਪੋਤ ਨੂੰਹ ਬੀਬੀ ਬਲਬੀਰ ਕੌਰ ਦਾ ਬੀਤੇ ਦਿਨੀਂ ਬਰੈਂਪਟਨ ਕੈਨੇਡਾ ਵਿਖੇ ਦਿਹਾਂਤ ਹੋਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਸਰਦਾਰਨੀ ਬਲਬੀਰ ਕੌਰ ਪਤਨੀ ਸਵਰਗਵਾਸੀ ਅਜੀਤ ਸਿੰਘ ਬੀਤੇ 19 ਦਸੰਬਰ ਨੂੰ ਗੁਰੂ ਚਰਨਾਂ ਵਿੱਚ ਵਿਰਾਜ ਗਏ ਹਨ। ਬੀਬੀ ਬਲਬੀਰ ਕੌਰ ਟਰਾਂਟੋ ਨਿਵਾਸੀ ਤੇਜਪਾਲ ਸਿੰਘ ਸੰਧੂ ਹੁਰਾਂ ਦੇ ਮਾਤਾ ਅਤੇ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੇ ਪੋਤ ਨੂੰਹ ਸਨ ਅਤੇ ਲੰਮੇ ਸਮੇਂ ਤੋਂ ਬਰੈਂਪਟਨ ਵਿਖੇ ਰਹਿ ਰਹੇ ਸਨ। ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਲਹਿਰ ਦੇ ਮੁਖੀ ਅਤੇ ਮਹਾਨ ਦੇਸ਼ ਭਗਤ ਸਨ। ਬਾਬਾ ਗੁਰਦਿੱਤ ਸਿੰਘ ਜਿਨਾਂ ਦਾ ਜਨਮ 1859 ਈਸਵੀ ਵਿਚ ਪਿੰਡ ਸਰਿਹਾਲੀ, ਜ਼ਿਲਾ ਤਰਨ ਤਾਰਨ ਵਿਖੇ ਇਕ ਸਾਧਾਰਨ ਕਿਸਾਨ ਹੁਕਮ ਸਿੰਘ ਦੇ ਘਰ ਹੋਇਆ ਸੀ ਤੇ ਕਾਮਾਗਾਟਾਮਾਰੂ ਜਹਾਜ਼ ਨੂੰ ਖ਼ਰੀਦਣ ਅਤੇ ਕੈਨੇਡਾ ਲੈ ਕੇ ਆਉਣ ਦੇ ਬਿਰਤਾਂਤ ਨਾਲ ਉਨਾਂ ਦਾ ਨਾਮ ਜੁੜਿਆ ਹੋਇਆ ਹੈ। ਬਾਬਾ ਗੁਰਦਿੱਤ ਸਿੰਘ 29 ਸਤੰਬਰ, 1914 ਦੇ ਬਜਬਜ ਘਾਟ ਕਲਕੱਤਾ ਦੇ ਖ਼ੂਨੀ ਸਾਕੇ ਨਾਲ ਸਬੰਧਤ ਕੇਂਦਰੀ ਹਸਤੀ ਵੀ ਸਨ। ਸਰਦਾਰਨੀ ਬਲਬੀਰ ਕੌਰ ਨਾਲ ਸਬੰਧਤ ਹੋਰ ਜਾਣਕਾਰੀ ਲਈ ਉਨਾਂ ਦੇ ਸਪੁੱਤਰ ਤੇਜਪਾਲ ਸਿੰਘ ਸੰਧੂ ਹੁਰਾਂ ਨਾਲ 647-887-4035 'ਤੇ ਸੰਪਰਕ ਕੀਤਾ ਜਾ ਸਕਦਾ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਏ.ਜੀ.ਪੀ.ਸੀ. ਤੇ ਪੀ.ਐਸ.ਜੀ.ਪੀ.ਸੀ. ਸਾਂਝੇ ਤੌਰ ਤੇ ੧੩ ਜਨਵਰੀ ਨੂੰ ਸਿੱਖ-ਮੁਸਲਿਮ ਏਕਤਾ ਵਾਸਤੇ ਅਰਦਾਸ ਦਿਵਸ ਵਜੋਂ ਮਨਾਉਣਗੇ

**ਬਲਵਿੰਦਰਪਾਲ ਸਿੰਘ ਖਾਲਸਾ (ਸੈਨ ਫਰਾਂਸਿਸਕੋ):** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀਐਸਜੀਪੀਸੀ) ਨੇ ਰਲ ਕੇ ਦਿੱਤੇ ਇੱਕ ਸਾਂਝੇ ਬਿਆਨ ਵਿਚ ਸੰਸਾਰ ਭਰ ਵਿਚਲੇ ਗੁਰਦੁਆਰਾ ਸਾਹਿਬਾਨਾਂ ਤੇ ਖ਼ਾਲਸਾ ਪੰਥ ਨੂੰ ਬੇਨਤੀ ਭਰੇ ਸੰਦੇਸ਼ ਵਿਚ ਕਿਹਾ ਹੈ ਕਿ ਹਰ ਸਾਲ 13 ਜਨਵਰੀ ਨੂੰ ਸਿੱਖ-ਮੁਸਲਿਮ ਏਕਤਾ ਤੇ ਅਰਦਾਸ ਦੇ ਦਿਨ ਵਜੋਂ ਮਨਾਇਆ ਜਾਵੇ। ਇੱਕ ਸਾਂਝੇ ਬਿਆਨ ਵਿਚ ਏਜੀਪੀਸੀ ਦੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ ਤੇ ਪੀਐਸਜੀਪੀਸੀ ਦੇ ਸਕੱਤਰ ਸ੍ਰ: ਅਮੀਰ ਸਿੰਘ ਨੇ ਕਿਹਾ ਹੈ ਕਿ 13 ਜਨਵਰੀ ਇਕ ਇਤਿਹਾਸਕ ਦਿਨ ਹੈ, ਕਿਉਂਕਿ ਇਸ ਦਿਨ ਸਾਈਂ ਹਜਰਤ ਮੀਆਂ ਮੀਰ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੱਦੇ ਉੱਤੇ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਦਾ ਨੀਂਹ ਪੱਥਰ ਰੱਖਿਆ ਸੀ। ਦੋਵਾਂ ਸਿੱਖ ਆਗੂਆਂ ਨੇ ਕਿਹਾ ਕਿ ਸਿੱਖ-ਮੁਸਲਿਮ ਏਕਤਾ ਤੇ ਦੋਸਤੀ ਵਜੋਂ ਇਹ ਦਿਨ ਬਹੁਤ ਇਤਿਹਾਸਕ ਮਹੱਤਤਾ ਵਾਲਾ ਦਿਨ ਹੈ ਤੇ ਦੋਵਾਂ ਭਾਇਚਾਰਿਆਂ ਦੇ ਸਬੰਧਾਂ ਨੂੰ ਪੀਡਾ ਤੇ ਮਜ਼ਬੂਤ ਬਣਾਉਣ ਵਾਸਤੇ ਇਕ ਮੀਲ ਪੱਥਰ ਹੈ। ਇਸ ਵਾਸਤੇ ਇਹ ਦਿਨ ਹਰ ਸਾਲ ਬੜੇ ਵੱਡੇ ਰੂਪ ਵਿਚ ਪੂਰੀ ਦੁਨੀਆ ਵਿਚ ਦੋਵਾਂ ਕੌਮਾਂ ਵੱਲੋਂ ਗੁਰਦੁਆਰਾ ਸਾਹਿਬਾਨ ਤੇ ਸਾਈਂ ਮੀਆਂ ਮੀਰ ਜੀ ਦੀ ਦਰਗਾਹ ਉੱਤੇ ਮਨਾਇਆ ਜਾਣਾ ਚਾਹੀਦਾ ਹੈ ਤੇ ਇਸ ਦਿਨ ਵਿਸ਼ੇਸ਼ ਤੌਰ ਤੇ ਮੁਸਲਿਮ ਸਿੱਖ ਦੋਸਤੀ ਨੂੰ ਹੋਰ ਜ਼ਿਆਦਾ ਮੁਹੱਬਤ ਭਰਿਆ ਤੇ ਚਿਰ ਜੀਵੀ ਬਣਾਉਣ ਵਾਸਤੇ ਅਰਦਾਸਾਂ ਕੀਤੀਆਂ ਜਾਣੀਆਂ ਚਾਹੀਦੀਆਂ ਨੇ ਤੇ ਦੁਆਵਾਂ ਮੰਗੀਆਂ ਜਾਣੀਆਂ ਚਾਹੀਦੀਆਂ ਨੇ।



ਸੰਯੁਕਤ ਰਾਸ਼ਟਰ ਸੰਘ ਦੇ ਵਿਸ਼ੇਸ਼ ਸਲਾਹਕਾਰ ਡਾ: ਇਕਤਦਾਰ ਚੀਮਾ ਨੇ ਇਸ ਖ਼ਾਸ ਮੌਕੇ ਤੇ ਕਿਹਾ ਕਿ ਇਹ ਯਤਨ ਸਿੱਖ ਮੁਸਲਿਮ ਕੌਮਾਂ ਵੱਲੋਂ ਇਹ ਬਹੁਤ ਮੌਕੇ ਮੁਤਾਬਿਕ ਤੇ ਢੁਕਵੇਂ ਸਮੇਂ ਕੀਤਾ ਜਾ ਰਿਹਾ ਹੈ, ਕਿਉਂਕਿ ਸੰਯੁਕਤ ਰਾਸ਼ਟਰ ਸੰਘ ਵੀ ਅੰਤਰਰਾਸ਼ਟਰੀ ਤੌਰ ਤੇ ਸਾਲ 2021 ਨੂੰ ਅਮਨ ਤੇ ਭਰੋਸੇ ਦੇ ਸਾਲ ਵਜੋਂ ਮਨਾ ਰਿਹਾ ਹੈ। ਇਸ ਦਿਨ ਅੰਤਰਰਾਸ਼ਟਰੀ ਪੱਧਰ ਦਾ ਜ਼ੂਮ ਵੈਬੀਨਾਰ ਵੀ ਕਰਵਾਇਆ ਜਾਵੇਗਾ, ਜਿਸ ਨਾਲ ਦੋਵਾਂ ਭਾਇਚਾਰਿਆਂ ਦੇ ਧਾਰਮਿਕ ਆਗੂ ਤੇ ਵਿਦਵਾਨ ਮਿਲ ਬੈਠਣਗੇ।

ਪਾਕਿਸਤਾਨ ਦੇ ਸੂਬੇ ਪੰਜਾਬ ਦੀ ਵਿਧਾਨ ਸਭਾ-ਸਟੇਟ ਅਸੈਂਬਲੀ ਦੇ ਸਤਿਕਾਰਯੋਗ ਮੈਂਬਰ ਸ: ਰਮੇਸ਼ ਸਿੰਘ ਅਰੋੜਾ ਨੇ ਇਸ ਪਹਿਲਕਦਮੀ ਦਾ ਪੁਰਜ਼ੋਰ ਸੁਆਗਤ ਕਰਦਿਆਂ ਆਪਣੇ ਵੱਲੋਂ ਇਸ ਕਦਮ ਦੀ ਭਰਪੂਰ ਸ਼ਲਾਘਾ ਕੀਤੀ ਹੈ ਪੂਰਾ ਸਮਰਥਨ ਦੇਣ ਦਾ ਵਚਨ ਦਿੱਤਾ ਹੈ ਤਾਂ ਕਿ ਦੋਵਾਂ ਕੌਮਾਂ ਦੇ ਧਾਰਮਿਕ ਤੇ ਰਾਜਨੀਤਕ ਆਗੂ ਮਿਲ ਬੈਠ ਕੇ ਦੋਸਤੀ ਤੇ ਏਕਤਾ ਵਾਸਤੇ ਕੁਝ ਚੰਗੀਆਂ ਯੋਜਨਾਵਾਂ ਅਮਲ ਵਿਚ ਲਿਆ ਸਕਣ।

ਨਾ ਕਰ ਤੜੀਆਂ ਛੱਡ ਦੇ ਅੜੀਆਂ ਕੁਝ ਨੀ ਰਹਿਣਾ ਪੱਲੇ।
ਲੋਕ ਨਿਹੱਥੇ ਹੋ ਕੇ ਕੱਠੇ ਅੱਜ ਦਿੱਲੀ ਘੇਰਨ ਚੱਲੇ।
ਔਖੀਆਂ ਲੰਮੀਆਂ ਘੁਝਮੁਝ ਵਾਟਾਂ
ਪੈਂਦੀਆਂ ਰਾਤਾਂ ਪੈਂਦੀਆਂ ਕਾਟਾਂ
ਹਾਕਮ ਨੇਰੇ ਦੇਰ ਸਵੇਰੇ ਲੁੱਕ ਲੁੱਕ ਕਰਦੇ ਹੱਲੇ..
ਸਾਡੀਆਂ ਚੁੱਪਾਂ ਸਬਰਾਂ ਕਰਕੇ
ਨਾ ਕਿ ਤੇਰੇ ਜਬਰਾਂ ਕਰਕੇ
ਚੌਕ ਚਾਂਦਨੀ ਜਾਓ ਸੁਣ ਕੇ ਆਓ ਕਿੰਝ ਸਬਰਾਂ ਜਾਬਰ ਠੱਲੇ।
ਸੰਦ ਹਥਿਆਰ ਪੈਸੇ ਤੇ ਬੰਦੇ
ਕਾਹਤੋਂ ਪੈ ਗਿਐਂ ਗਿਣਤੀ ਧੰਦੇ
ਵਿਚ ਉਹਦੇ ਭਾਣੇ ਜੱਗ ਵੀ ਜਾਣੇ ਸਵਾ ਲੱਖ ਨੇ ਕੱਲੇ ਕੱਲੇ।
ਰੱਤ ਪੀ ਸਕਦੈਂ ਪਰ ਪਚਣੀ ਨਹੀਂ
ਏਦਾਂ ਹਕੂਮਤ ਬਚਣੀ ਨਹੀਂ
ਵਖਤ ਹੈ ਹਾਲੇ ਕਰ ਜਾ ਟਾਲ਼ੇ ਕਾਹਨੂੰ ਕਰਦੈਂ ਕੰਮ ਕੁਵੱਲੇ
ਧਰਤੀ ਪਾੜਾਂ ਦੇ ਸੀਨੇ ਪਾੜ ਨੀ ਹੋਣੇ
ਜੋ ਨਿੱਤ ਮਰਦੇ ਨੇ ਤੈਥੋਂ ਮਾਰ ਨੀ ਹੋਣੇ
ਸਾਡੇ ਲੇਖੀਂ ਲਿਖਿਆ ਤੇ ਇਹੋ ਸਿੱਖਿਆ ਨਹੀਂ ਲੱਗਣਾ ਜਾਬਰ ਥੱਲੇ..
ਦੇਗ ਤੇਗ ਨੇ ਵਰਤੀ ਜਾਣੈ
ਤੇਰੀ ਮਰਜ਼ੀ ਜੇ ਪਰਖੀ ਜਾਣੈ
ਏਹ ਬੰਦੇ ਸਿਦਕ 'ਚ ਥੰਦੇ ਆਪ ਗੁਰੂ ਨੇ ਘੱਲੇ।
ਦਿੱਲੀ ਸਾਨੂੰ ਦੂਰ ਨਹੀਂ ਏ
ਬੱਸ ਓਦਾਂ ਈ ਮਨਜ਼ੂਰ ਨਹੀਂ ਏ
ਗੁਰ ਬਾਬੇ ਦੇ ਦੇਸ ਪੰਜਾਬੇ ਸਾਨੂੰ ਆਪਣੇ ਖੇਤ ਸੁਵੱਲੇ...।

**- ਭਾਈ ਸੇਵਕ ਸਿੰਘ**

# ਚਤਰ ਸਿੰਘ ਤੇ ਸੁਰਿੰਦਰ ਸਿੰਘ ਰਹੇਜਾ ਨੇ ਬੀ. ਜੇ. ਪੀ. ਓਵਰਸੀਜ਼ ਦੇ ਅਹੁਦੇਦਾਰੀਆਂ ਤੋਂ ਦਿੱਤਾ ਅਸਤੀਫ਼ਾ

**ਵਾਸ਼ਿੰਗਟਨ ਡੀ. ਸੀ. (ਗਿੱਲ):** ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਕਰਦੇ ਹੋਏ ਚਤਰ ਸਿੰਘ ਤੇ ਸੁਰਿੰਦਰ ਸਿੰਘ ਰਹੇਜਾ ਨੇ ਬੀ. ਜੇ. ਪੀ. ਦੀ ਕੋ-ਆਰਡੀਨੇਟਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਹਨਾਂ ਨੇ ਫੋਨ ਰਾਹੀਂ ਸਾਡੇ ਪੱਤਰਕਾਰ ਡਾਕਟਰ ਗਿੱਲ ਨੂੰ ਦੱਸਿਆ ਕਿ ਮੋਦੀ ਸਰਕਾਰ ਦਾ ਹਠੀ ਵਤੀਰਾ ਉਹਨਾਂ ਨੂੰ ਪਸੰਦ ਨਹੀਂ ਆਇਆ। ਜਿਹੜੇ ਕਿਸਾਨ ਕਾਨੂੰਨ ਚਾਹੁੰਦੇ ਹੀ ਨਹੀਂ ਹਨ ਤਾਂ ਉਹਨਾਂ ਤੇ ਇਹ ਕਾਨੂੰਨ ਕਿਉਂ ਥੋਪੇ ਜਾ ਰਹੇ ਹਨ? ਕੜਕਦੀ ਠੰਡ ਵਿੱਚ ਸਰਕਾਰ ਕਿਸਾਨਾਂ ਨਾਲ ਕੋਝਾ ਮਜ਼ਾਕ ਕਰ ਰਹੀ ਹੈ। ਅਜਿਹੀ ਸਥਿਤੀ ਵਿੱਚ ਬੀਜੇਪੀ ਦੇ ਅਹੁਦੇਦਾਰੀਆਂ ਸਾਡੇ ਲਈ ਖ਼ੁਆਰ ਹਨ।

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਓਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate. You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਹਿੰਦੂ ਰਾਸ਼ਟਰਵਾਦੀਆਂ ਦਾ ਕਿਸਾਨਾਂ ਵੱਲੋਂ ਘਿਰਾਓ ਜਾਰੀ

## ਧਨੌਲਾ ਇਲਾਕੇ ਦੇ ਲੋਕਾਂ ਵੱਲੋਂ ਭਾਜਪਾ ਆਗੂ ਹਰਜੀਤ ਗਰੇਵਾਲ ਦਾ ਬਾਈਕਾਟ





**ਜੰਡਿਆਲਾ ਗੁਰੂ/ਏ.ਟੀ.ਨਿਊਜ਼:** ਕੇਂਦਰ ਵੱਲੋਂ ਲਿਆਂਦੇ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਗੁਰਬਚਨ ਸਿੰਘ ਚੱਬਾ, ਹਰਪ੍ਰੀਤ ਸਿੰਘ ਸਿੱਧਵਾਂ, ਗੁਰਲਾਲ ਸਿੰਘ ਪੰਡੋਰੀ ਨੇ ਕਿਹਾ ਕਿ ਜਥੇਬੰਦੀ ਵੱਲੋਂ ਇੱਕ ਜਨਵਰੀ ਨੂੰ ਭਾਜਪਾ ਆਗੂਆਂ ਦੇ ਮੰਤਰੀਆਂ, ਵਿਧਾਇਕਾਂ ਤੇ ਆਗੂਆਂ ਦੇ ਘਰਾਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਦੇਸ਼ ਵਾਸੀਆਂ ਨੂੰ ਅੰਬਾਨੀ, ਅੰਡਾਨੀ ਦੇ ਮਾਲਾਂ, ਸਟੋਰਾਂ ਤੇ ਹੋਰ ਵਪਾਰਕ ਅਦਾਰਿਆਂ ਦਾ ਪੂਰਨ ਤੌਰ 'ਤੇ ਬਾਈਕਾਟ ਕੀਤਾ ਜਾਵੇਗਾ।

ਦੂਜੇ ਪਾਸੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਅਤੇ ਧਨੌਲਾ ਇਲਾਕੇ ਦੇ ਪਿੰਡਾਂ ਵੱਲੋਂ ਧਨੌਲਾ ਨਜ਼ਦੀਕ ਕੌਮੀ ਮੁੱਖ ਮਾਰਗ 'ਤੇ ਸਥਿਤ ਕੋਠੇ ਅਕਾਲਗੜ੍ਹ ਵਿਖੇ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਦਾ ਵਿਰੋਧ ਕਰਦਿਆਂ ਧਨੌਲਾ ਤੇ ਇਸ ਦੇ ਆਸ-ਪਾਸ ਉਸ ਦੀ ਜ਼ਮੀਨ ਠੇਕੇ 'ਤੇ ਨਾ ਲੈਣ ਦਾ ਐਲਾਨ ਕਰਦਿਆਂ ਜਗਾ-ਜਗਾ 'ਤੇ ਜ਼ਮੀਨ ਠੇਕੇ 'ਤੇ ਨਾ ਲੈਣ ਦੇ ਬੋਰਡ ਲਗਾਏ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜਨਰਲ ਸਕੱਤਰ ਸਾਹਿਬ ਸਿੰਘ ਬਡਬਰ, ਮਹਿੰਦਰ ਸਿੰਘ ਇਕਾਈ ਪ੍ਰਧਾਨ, ਹਰਵਿੰਦਰ ਹਿੰਦੀ, ਹਰਵਿੰਦਰ ਸਿੰਘ ਬੜਿੰਗ ਆਦਿ ਕਿਸਾਨਾਂ ਤੇ ਕਿਸਾਨ ਆਗੂਆਂ ਨੇ ਕਿਹਾ ਕਿ ਹਰਜੀਤ ਸਿੰਘ ਗਰੇਵਾਲ ਨੇ ਖੇਤੀ ਵਿਰੋਧੀ ਕਾਨੂੰਨਾਂ ਖ਼ਿਲਾਫ਼ ਦਿੱਲੀ ਵਿਚ ਸੰਘਰਸ਼ ਕਰ ਰਹੇ ਕਿਸਾਨਾਂ ਖ਼ਿਲਾਫ਼ ਬਿਆਨਬਾਜ਼ੀ ਕਰ ਕੇ ਕਿਸਾਨਾਂ ਦੀ ਪਿੱਠ 'ਤੇ ਛੁਰਾ ਮਾਰਿਆ ਹੈ। ਇਸ ਲਈ ਅਸੀਂ ਇਸ ਦਾ ਬਾਈਕਾਟ ਕਰਦੇ ਹਾਂ ਤੇ ਐਲਾਨ ਕਰਦੇ ਹਾਂ ਕਿ ਹਰਜੀਤ ਸਿੰਘ ਗਰੇਵਾਲ ਦੀ ਜ਼ਮੀਨ ਕੋਈ ਵੀ ਕਿਸਾਨ ਠੇਕੇ 'ਤੇ ਨਹੀਂ ਲਵੇਗਾ, ਜੇਕਰ ਕੋਈ ਇਸ ਦੀ ਜ਼ਮੀਨ ਠੇਕੇ 'ਤੇ ਲੈਂਦਾ ਹੈ ਤਾਂ ਉਸ ਦਾ ਵੀ ਬਾਈਕਾਟ ਕੀਤਾ ਜਾਵੇਗਾ।

**ਭਾਜਪਾ ਦੇ ਸਮਾਗਮ ਵਿਚ ਭੰਨਤੋੜ ਕਰਨ ਵਾਲੇ 40 ਅਣਪਛਾਤਿਆਂ ਖ਼ਿਲਾਫ਼ ਪਰਚਾ ਦਰਜ**

ਬਠਿੰਡਾ 'ਚ ਮਰਹੂਮ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਦਾ ਜਨਮ ਦਿਨ ਮਨਾ ਰਹੇ ਭਾਜਪਾ ਵਰਕਰਾਂ ਦੇ ਸਮਾਗਮ 'ਚ ਹਮਲਾ ਕਰਨ ਤੇ ਟੈਂਟ, ਕੁਰਸੀਆਂ ਆਦਿ ਸਮਾਨ ਦੀ ਤੋੜ, ਫੋੜ ਕਰਨ ਦੇ ਦੋਸ਼ ਹੇਠ ਪੁਲਿਸ ਨੇ 40 ਦੇ ਕਰੀਬ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਵੱਖ ਵੱਖ ਧਾਰਾਵਾਂ ਅਧੀਨ ਪਰਚਾ ਦਰਜ ਕੀਤਾ ਹੈ।

ਜਾਣਕਾਰੀ ਅਨੁਸਾਰ ਪੁਲਿਸ ਨੇ ਇਹ ਕਾਰਵਾਈ ਬਠਿੰਡਾ ਦੌਰੇ 'ਤੇ ਆਏ ਬੀਜੇਪੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਦਖ਼ਲ ਅੰਦਾਜ਼ੀ ਤੋਂ ਬਾਅਦ ਕੀਤੀ ਹੈ। ਇਸ ਸਬੰਧੀ ਥਾਣਾ ਕੋਤਵਾਲੀ ਦੇ ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ 25 ਦਸੰਬਰ ਨੂੰ ਭਾਜਪਾ ਆਗੂ ਵਿਨੋਦ ਬਿੰਟਾ ਦੀ ਅਗਵਾਈ ਵਿਚ ਸਥਾਨਕ ਅਮਰੀਕ ਸਿੰਘ ਰੋਡ 'ਤੇ ਸਵ. ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਦਾ ਜਨਮ ਦਿਨ ਮਨਾਇਆ ਜਾ ਰਿਹਾ ਸੀ।

ਇਸ ਮੌਕੇ 20,25 ਦੇ ਕਰੀਬ ਭਾਜਪਾ ਵਰਕਰ ਇਕੱਠੇ ਹੋਏ ਸਨ। ਇਸ ਮੌਕੇ ਟੈਂਟ ਵਿਚ ਐਲਈਡੀ ਲਗਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਾਸ਼ਣ ਦੇ ਸਿੱਧੇ ਪ੍ਰਸਾਰਨ ਨੂੰ ਸੁਣਨ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਉਨਾਂ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਕੀਤੇ ਜਾ ਰਹੇ ਇਸ ਪ੍ਰੋਗਰਾਮ ਦਾ ਪਤਾ ਚੱਲਦਿਆਂ ਹੀ ਕਿਸਾਨ ਜਥੇਬੰਦੀਆਂ ਅਤੇ ਭਰਾਤਰੀ ਜਥੇਬੰਦੀਆਂ ਦੇ ਵਰਕਰ ਵੱਡੀ ਗਿਣਤੀ ਵਿਚ ਇਕੱਠੇ ਹੋ ਗਏ ਅਤੇ ਪੁਲਿਸ ਵੱਲੋਂ ਕੀਤੀ ਗਈ ਬੈਰੀਗੇਟਿੰਗ ਤੋੜ ਕੇ ਬੀਜੇਪੀ ਵੱਲੋਂ ਲਗਾਏ ਗਏ ਟੈਂਟ ਵਿਚ ਦਾਖ਼ਲ ਹੋ ਗਏ ਅਤੇ ਟੈਂਟ ਵਿਚ ਲੱਗੇ ਸਮਾਨ ਦੀ ਭੰਨਤੋੜ ਕੀਤੀ

ਇਸ ਦੌਰਾਨ ਭਾਜਪਾ ਵਰਕਰ ਰਵਿੰਦਰ ਕੁਮਾਰ ਵਾਸੀ ਅਗਰਵਾਲ ਸਟਰੀਟ ਸੜਕ 'ਤੇ ਡਿੱਗਣ ਕਾਰਨ ਜ਼ਖ਼ਮੀ ਹੋ ਗਿਆ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਪਰਚੇ ਦਰਜ ਕਰਕੇ ਉਨਾਂ ਦੀ ਪਛਾਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

**ਭਾਜਪਾ ਆਗੂਆਂ ਦੇ ਘਰਾਂ ਦਾ ਘਿਰਾਓ**

ਖੇਤੀ ਕਾਨੂੰਨਾਂ ਖ਼ਿਲਾਫ਼ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਭਾਜਪਾ ਦੀ ਸ਼ਹਿਰੀ ਇਕਾਈ ਪਟਿਆਲਾ ਦੇ ਪ੍ਰਧਾਨ ਹਰਿੰਦਰ ਕੋਹਲੀ ਦੇ ਘਰ ਦਾ ਘਿਰਾਓ ਤੀਜੇ ਦਿਨ ਵੀ ਜਾਰੀ ਰਿਹਾ। ਭਾਜਪਾ ਆਗੂ ਦੇ ਅਸਤੀਫ਼ੇ ਦੀ ਮੰਗ ਸਬੰਧੀ ਕਿਸਾਨਾਂ ਨੇ ਉਸ ਦੀ ਇੱਥੇ ਐੱਸਐੱਸਟੀ ਨਗਰ ਸਥਿਤ ਕੋਠੀ ਦੇ ਦੋਵੇਂ ਗੇਟ ਘੇਰੇ ਹੋਏ ਹਨ। ਕਿਸਾਨਾਂ ਦਾ ਤਰਕ ਹੈ ਕਿ ਜਦੋਂ ਤਕ ਉਹ ਅਸਤੀਫ਼ਾ ਨਹੀਂ ਦਿੰਦਾ, ਘਿਰਾਓ ਜਾਰੀ ਰਹੇਗਾ। ਬੀਕੇਯੂ ਏਕਤਾ (ਉਗਰਾਹਾਂ) ਦੀ ਅਗਵਾਈ ਹੇਠ ਇੱਥੇ ਬੀਜੇਪੀ ਦੇ ਸੂਬਾਈ ਕਮੇਟੀ ਮੈਂਬਰ ਐਡਵੋਕੇਟ ਸੂਰਜ ਕੁਮਾਰ ਛਾਬੜਾ ਦੇ ਘਰ ਅੱਗੇ ਲਗਾਇਆ ਧਰਨਾ 50ਵੇਂ ਦਿਨ ਵੀ ਜਾਰੀ ਰਿਹਾ।

**ਹਿੰਦੂ ਪਰਿਸ਼ਦ ਦੀ ਮੀਟਿੰਗ ਦਾ ਘਿਰਾਓ**

ਇੱਥੇ ਹਨੂੰਮਾਨ ਮੰਦਰ ਵਿੱਚ ਹੋ ਰਹੀ ਵਿਸ਼ਵ ਹਿੰਦੂ ਪਰਿਸ਼ਦ ਦੀ ਮੀਟਿੰਗ ਦਾ ਕਿਸਾਨਾਂ ਨੇ ਘਿਰਾਓ ਕੀਤਾ। ਜਾਣਕਾਰੀ ਅਨੁਸਾਰ ਬੀਕੇਯੂ ਏਕਤਾ ਉਗਰਾਹਾਂ ਦੀ ਅਗਵਾਈ ਹੇਠ ਕਿਸਾਨ ਭਾਜਪਾ ਆਗੂ ਸਤਵੰਤ ਸਿੰਘ ਪੂਨੀਆਂ ਦੇ ਘਰ ਅੱਗੇ ਰੋਸ ਧਰਨਾ ਲਗਾ ਕੇ ਬੈਠੇ ਹੋਏ ਸਨ। ਜਿਉਂ ਹੀ ਕਿਸਾਨਾਂ ਨੂੰ ਸ਼ਹਿਰ ਦੇ ਹਨੂੰਮਾਨ ਮੰਦਰ ਵਿੱਚ ਵਿਸ਼ਵ ਹਿੰਦੂ ਪਰਿਸ਼ਦ ਦੀ ਮੀਟਿੰਗ ਹੋਣ ਸਬੰਧੀ ਪਤਾ ਲੱਗਿਆ ਤਾਂ ਉਹ ਪੁਲਿਸ ਦਾ ਘੇਰਾ ਤੋੜ ਕੇ ਮੰਦਰ ਅੱਗੇ ਪੁੱਜ ਗਏ ਅਤੇ ਰੋਸ ਧਰਨਾ ਲਗਾ ਦਿੱਤਾ। ਇਸ ਮੌਕੇ ਕਿਸਾਨਾਂ ਦੀ ਪੁਲਿਸ ਨਾਲ ਤਕਰਾਰ ਅਤੇ ਖਿੱਚ-ਧੂਹ ਵੀ ਹੋਈ।

ਯੂਨੀਅਨ ਦੇ ਬਲਾਕ ਪ੍ਰਧਾਨ ਗੋਬਿੰਦਰ ਸਿੰਘ ਮੰਗਵਾਲ ਨੇ ਕਿਹਾ ਕਿ ਕਿਸਾਨ ਅੰਦੋਲਨ ਕਿਸੇ ਧਰਮ ਖ਼ਿਲਾਫ਼ ਨਹੀਂ ਹੈ ਅਤੇ ਕਿਸਾਨ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਨ ਪਰ ਭਾਜਪਾ ਧਰਮ ਦੀ ਆੜ ਹੇਠ ਘਟੀਆ ਰਾਜਨੀਤੀ ਕਰ ਰਹੀ ਹੈ। ਉਨਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਪਹਿਲਾਂ ਹੀ ਐਲਾਨ ਕਰ ਚੁੱਕੀਆਂ ਹਨ ਕਿ ਖੇਤੀ ਕਾਨੂੰਨ ਰੱਦ ਹੋਣ ਤਕ ਪੰਜਾਬ ਵਿੱਚ ਭਾਜਪਾ ਤੇ ਉਸ ਦੀਆਂ ਸਹਿਯੋਗੀ ਜਥੇਬੰਦੀਆਂ ਦੀ ਕੋਈ ਮੀਟਿੰਗ ਜਾਂ ਸਮਾਗਮ ਨਹੀਂ ਹੋਣ ਦਿੱਤਾ ਜਾਵੇਗਾ ਪਰ ਜਾਣਬੁੱਝ ਕੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੌਕੇ 'ਤੇ ਪੁਲਿਸ ਅਧਿਕਾਰੀਆਂ ਨੇ ਕਿਸਾਨ ਆਗੂਆਂ ਨੂੰ ਮੰਦਰ ਦੇ ਅੰਦਰ ਲਿਜਾ ਕੇ ਭਰੋਸਾ ਦਿੱਤਾ ਕਿ ਇੱਥੇ ਕੋਈ ਮੀਟਿੰਗ ਨਹੀਂ ਹੋ ਰਹੀ ਹੈ, ਜਿਸ ਮਗਰੋਂ ਕਿਸਾਨਾਂ ਨੇ ਮੰਦਰ ਦਾ ਘਿਰਾਓ ਖ਼ਤਮ ਕੀਤਾ। ਜਾਣਕਾਰੀ ਅਨੁਸਾਰ ਘਿਰਾਓ ਦਾ ਪਤਾ ਲੱਗਦਿਆਂ ਹੀ ਮੀਟਿੰਗ ਕਰ ਰਹੇ ਆਗੂ ਇੱਧਰ-ਉੱਧਰ ਹੋ ਗਏ ਸਨ।

ਵਿਸ਼ਵ ਹਿੰਦੂ ਪਰਿਸ਼ਦ ਦੇ ਸੂਬਾ ਕਾਰਜਕਾਰੀ ਪ੍ਰਧਾਨ ਹਰਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ ਘਿਰਾਓ ਕਰਨ ਵਾਲੇ ਕਿਸਾਨ ਨਹੀਂ, ਸਗੋਂ ਕਿਸਾਨਾਂ ਦੇ ਭੇਸ ਵਿੱਚ ਕਾਂਗਰਸੀ ਅਤੇ ਕਾਮਰੇਡ ਸਨ, ਜੋ ਲੋਕਾਂ ਨੂੰ ਗੁਮਰਾਹ ਕਰਨ ਲਈ ਕਿਸਾਨਾਂ ਦਾ ਚੋਲਾ ਪਾ ਕੇ ਆਏ ਸੀ। ਉਨਾਂ ਦੋਸ਼ ਲਾਇਆ ਕਿ ਕਾਂਗਰਸ ਦੀ ਅਗਵਾਈ ਹੇਠ ਕਾਮਰੇਡਾਂ ਨੇ ਮੰਦਰ ਉੱਪਰ ਹਮਲੇ ਦਾ ਯਤਨ ਕੀਤਾ ਹੈ। ਉਨਾਂ ਕਿਹਾ ਕਿ ਹਿੰਦੂ ਸਮਾਜ ਅਜਿਹੀਆਂ ਹਰਕਤਾਂ ਨੂੰ ਭਲੀ-ਭਾਂਤ ਸਮਝ ਗਿਆ ਹੈ ਅਤੇ ਉਨਾਂ ਦੇ ਮਨ ਵਿੱਚ ਕਾਂਗਰਸ ਅਤੇ ਕਾਮਰੇਡਾਂ ਖ਼ਿਲਾਫ਼ ਨਫ਼ਰਤ ਵਧ ਰਹੀ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਪਾਣੀ ਦੀਆਂ ਬੌਛਾੜਾਂ ਤੇ ਬੈਰੀਅਰਾਂ ਦਾ ਮੂੰਹ ਮੋੜਨ ਵਾਲੀਆਂ ਕਿਸਾਨੀ ਘੋਲ 'ਚ ਡਟੀਆਂ ਪੰਜਾਬਣਾਂ

## ✪ ਦਿੱਲੀ ਮੋਰਚੇ ਵਿੱਚ ਜਾ ਰਹੇ ਕਾਫ਼ਲਿਆਂ ਵਿੱਚ ਕੁੜੀਆਂ ਤੇ ਬੀਬੀਆਂ ਦੀ ਗਿਣਤੀ ਵਧਣ ਲੱਗੀ

## ✪ ਪੰਜਾਬਣਾਂ ਕਿਸਾਨੀ ਸੰਘਰਸ਼ ਲਈ ਰਾਹ ਦਸੇਰੀਆਂ ਬਣੀਆਂ : ਬਿੰਦੂ

**- ਸਾਹਿਬ ਸਿੰਘ ਸਿੰਘੂ ਬਾਰਡਰ ਤੋਂ**

ਖੇਤੀ ਕਾਨੂੰਨਾਂ ਵਿਰੁੱਧ ਲੜੇ ਜਾ ਰਹੇ ਸੰਘਰਸ਼ ਵਿੱਚ ਕਿਸਾਨਾਂ ਦੇ ਪੁੱਤਾਂ ਦੇ ਨਾਲ ਨਾਲ ਧੀਆਂ ਨੇ ਵੀ ਕੇਂਦਰ ਸਰਕਾਰ ਨੂੰ ਚੈਲਿੰਜ ਦਿੱਤਾ ਹੈ ਕਿ ਸਾਨੂੰ ਤੁਹਾਡੀ ਗ਼ੁਲਾਮੀ ਤੇ ਕਾਲੇ ਕਾਨੂੰਨ ਪ੍ਰਵਾਨ ਨਹੀਂ ਹਨ। ਆਪਣੇ ਪਿਤਾ ਪੁਰਖੀ ਕਿੱਤੇ ਨੂੰ ਕਾਰਪੋਰੇਟ ਹੱਥਾਂ ਵਿੱਚ ਜਾਣ ਤੋਂ ਬਚਾਉਣ ਲਈ ਪੰਜਾਬ ਦੀਆਂ ਧੀਆਂ ਸੰਘਰਸ਼ੀ ਪਿੜ ਵਿੱਚ ਲਗਾਤਾਰ ਸ਼ਾਮਲ ਹੋ ਰਹੀਆਂ ਹਨ। ਪਿੰਡਾਂ ਵਿੱਚੋਂ ਦਿੱਲੀ ਮੋਰਚੇ ਵਿੱਚ ਜਾ ਰਹੇ ਕਾਫ਼ਲਿਆਂ ਵਿੱਚ ਕੁੜੀਆਂ ਤੇ ਬੀਬੀਆਂ ਦੀ ਗਿਣਤੀ ਵਧਣ ਲੱਗੀ ਹੈ।

ਪਿੰਡ ਬਖ਼ਤਗੜ ਦੇ ਬਲਵੀਰ ਸਿੰਘ ਦੀਆਂ ਧੀਆਂ ਬਲਜਿੰਦਰ ਕੌਰ ਅਤੇ ਲਵਪ੍ਰੀਤ ਕੌਰ ਵੀ ਕਿਸਾਨੀ ਘੋਲ ਵਿੱਚ ਟਿੱਕਰੀ ਸਰਹੱਦ 'ਤੇ ਪੰਜ ਦਿਨ ਤੋਂ ਡਟੀਆਂ ਹਨ।

ਪਿੰਡ ਬਖ਼ਤਗੜ ਦੇ ਕਿਸਾਨ ਜਗਸੀਰ ਸਿੰਘ ਨੇ ਆਪਣੀਆਂ ਦੋ ਧੀਆਂ ਅਮਨਦੀਪ ਕੌਰ ਦੁੱਗਲ ਅਤੇ ਰੌਬਿਨ ਕੌਰ ਦੁੱਗਲ ਨੂੰ ਪੁੱਤਾਂ ਵਾਂਗ ਪਾਲਿਆ ਹੈ।

ਦੋਵੇਂ ਧੀਆਂ ਪੰਜਾਬ ਵਿੱਚ ਲੱਗੇ ਕਿਸਾਨੀ ਮੋਰਚਿਆਂ ਵਿੱਚ ਸ਼ਾਮਲ ਹੁੰਦੀਆਂ ਆ ਰਹੀਆਂ ਹਨ। ਹੁਣ ਆਪਣੀ ਭੂਆ ਅਮਨਦੀਪ ਕੌਰ ਨਾਲ ਟਿੱਕਰੀ ਬਾਰਡਰ 'ਤੇ ਡਟੀਆਂ ਹੋਈਆਂ ਹਨ। ਅਮਨਦੀਪ ਕੌਰ ਨੇ ਕਿਹਾ ਕਿ ਖੇਤੀ ਕਾਨੂੰਨ ਉਹਨਾਂ ਦੇ ਪਿਤਾ ਦੀ ਜ਼ਮੀਨ ਖੋਹਣ ਵਾਲੇ ਹਨ। ਆਪਣੇ ਬਾਪ ਦੀ ਜ਼ਮੀਨ ਨੂੰ ਬਚਾਉਣ ਲਈ ਉਹ ਆਪਣਾ ਫ਼ਰਜ਼ ਸਮਝ ਕੇ ਸੰਘਰਸ਼ 'ਚ ਸ਼ਾਮਲ ਹੋਈਆਂ ਹਨ। ਉਹ ਅੱਗੇ ਵੀ ਮੋਰਚੇ ਵਿੱਚ ਸ਼ਾਮਲ ਹੁੰਦੀਆਂ ਰਹਿਣਗੀਆਂ।

ਸਤਨਾਮ ਦੀਵਾਨਾ ਪੰਜਾਬ ਦੇ ਪਿੰਡਾਂ ਵਿੱਚ ਕਿਸਾਨਾਂ ਨੂੰ ਦਿੱਲੀ ਜਾਣ ਲਈ ਲਾਮਬੰਦ ਕਰ ਰਿਹਾ ਹੈ। ਜਦੋਂਕਿ ਉਸਦੀ ਪਤਨੀ ਹਰਜਿੰਦਰ ਕੌਰ ਆਪਣੀ ਧੀ ਹੁਸਨ ਕੌਰ ਨਾਲ ਦਿੱਲੀ ਬਾਰਡਰ 'ਤੇ ਕਈ ਦਿਨਾਂ ਤੋਂ ਖੇਤੀ ਕਾਨੂੰਨਾਂ ਵਿਰੁੱਧ ਰੋਸ ਜਤਾ ਰਹੀ ਹੈ।

ਪਿੰਡ ਕਰਮਗੜ ਦੀਆਂ ਸੱਤਵੀਂ 'ਚ ਪੜਦੀਆਂ ਸਹੇਲੀਆਂ ਗੁਰਵੀਰ ਕੌਰ ਤੇ ਸਵਨਪ੍ਰੀਤ ਕੌਰ 92 ਦਿਨਾਂ ਤੋਂ ਆਪਣੀਆਂ ਮਾਵਾਂ ਨਾਲ ਕਿਸਾਨੀ ਸੰਘਰਸ਼ 'ਚ ਸ਼ਾਮਲ ਹੁੰਦੀਆਂ ਆ ਰਹੀਆਂ ਹਨ। ਗੁਰਵੀਰ ਕੌਰ ਲਗਾਤਾਰ 10 ਦਿਨ ਦਿੱਲੀ ਦੀ ਹੱਦ 'ਤੇ ਡਟੀ ਹੋਈ ਹੈ।

ਛੀਨੀਵਾਲ ਖ਼ੁਰਦ ਤੋਂ ਚਵਨਦੀਪ ਕੌਰ ਆਪਣੇ ਸਵਰਗੀ ਬਾਪ ਸੁਖਜੀਵਨ ਸਿੰਘ ਅਤੇ ਕੈਨੇਡਾ ਰਹਿੰਦੇ ਭਰਾ ਦੇ ਫ਼ਰਜ਼ ਖ਼ੁਦ ਅਦਾ ਕਰਕੇ ਸਿੰਘੂ ਬਾਰਡਰ ਉੱਪਰ ਡਟੀ ਹੈ ਤੇ ਸੰਘਰਸ਼ੀ ਕਿਸਾਨਾਂ ਲਈ ਲੰਗਰ 'ਚ ਸੇਵਾ ਕਰ ਰਹੀ ਹੈ।

ਬੀਕੇਯੂ ਉਗਰਾਹਾਂ ਦੀ ਆਗੂ ਕਮਲਜੀਤ ਕੌਰ ਬਰਨਾਲਾ ਨੇ ਕਿਹਾ ਕਿ ਇਸ ਸੰਘਰਸ਼ ਨੇ ਕਿਸਾਨੀ ਜ਼ਿੰਦਗੀ ਨੂੰ ਨਵੀਂ ਦਿਸ਼ਾ ਦਿੱਤੀ ਹੈ। ਬੀਬੀਆਂ ਅਤੇ ਲੜਕੀਆਂ ਨੇ ਵਧ ਚੜ ਕੇ ਆਪਣੇ ਹੱਕਾਂ ਲਈ ਘਰਾਂ ਤੋਂ ਬਾਹਰ ਪੈਰ ਧਰਿਆ ਹੈ ਤੇ ਆਪਣੇ ਹੱਕਾਂ ਦੀ ਆਵਾਜ਼ ਉਠਾਈ ਹੈ, ਜੋ ਕਿਸਾਨੀ ਲਈ ਸ਼ੁੱਭ ਸੰਕੇਤ ਹੈ।

ਸਿੰਘੂ ਅਤੇ ਟਿੱਕਰੀ ਮੋਰਚੇ 'ਚ ਕਿਸੇ ਮਰਜ਼ੀ ਔਰਤ ਨੂੰ ਪੁੱਛੋ, ਇਹੋ ਜੁਆਬ ਮਿਲਦਾ ਹੈ ਕਿ ਪੰਜਾਬ ਖਾਲੀ ਨਹੀਂ ਜਾਵਾਂਗੇ। ਬਠਿੰਡਾ ਜ਼ਿਲੇ ਦੇ ਪਿੰਡ ਭਾਈ ਰੂਪਾ ਤੋਂ ਦਰਜਨਾਂ ਪੰਜਾਬਣਾਂ 'ਦਿੱਲੀ ਮੋਰਚੇ' ਵਿਚ ਸ਼ਾਮਲ ਹਨ। 70 ਵਰਿਆਂ ਤੋਂ ਵੱਧ ਉਮਰ ਦੀਆਂ ਚਾਰ ਬਿਰਧ ਔਰਤਾਂ ਨੇ ਇੱਕੋ ਗੱਲ ਆਖੀ ਕਿ ਉਹ ਹੱਕ ਲਏ ਬਿਨਾਂ ਨਹੀਂ ਜਾਣਗੀਆਂ।

ਪਿੰਡ ਬਲਾਹੜ ਮਹਿਮਾ ਦੀ ਬਾਰਵੀਂ ਦੀ ਵਿਦਿਆਰਥਣ ਮਨਿੰਦਰ ਕੌਰ ਆਪਣੇ ਪਿਤਾ ਦਾ ਫ਼ਰਜ਼ ਨਿਭਾ ਰਹੀ ਹੈ। ਉਸ ਦੇ ਪਰਿਵਾਰ ਦਾ ਛੋਟੀ ਕਿਸਾਨੀ ਨਾਲ ਤੁਆਲਕ ਹੈ। ਉਹ ਦੱਸਦੀ ਹੈ ਕਿ ਉਸ ਦਾ ਪਿਤਾ ਘਰ ਸੰਭਾਲਦਾ ਹੈ ਤੇ ਮਾਂ ਸਦੀਵੀ ਵਿਛੋੜਾ ਦੇ ਚੁੱਕੀ ਹੈ। ਮਨਿੰਦਰ ਨੇ ਕਿਹਾ ਕਿ ਜੇਕਰ ਉਸ ਦੀ ਮਾਂ ਘਰ ਹੁੰਦੀ ਤਾਂ ਉਹ ਪਿਉ-ਧੀ ਅੱਜ ਇਕੱਠੇ ਮੋਰਚੇ ਵਿੱਚ ਹੁੰਦੇ। ਉਹ ਆਪਣੇ ਪਿਤਾ ਦੀ ਥਾਂ ਮੋਰਚੇ 'ਚ ਪੁੱਜੀ ਹੈ ਅਤੇ ਵਾਲੰਟੀਅਰ ਵਜੋਂ ਡਿਊਟੀ ਨਿਭਾ ਰਹੀ ਹੈ। ਬਰਨਾਲਾ ਦੇ ਪਿੰਡ ਧੌਲਾ ਦੀ ਗੁਰਪ੍ਰੀਤ ਕੌਰ ਵੀ ਕਿਸਾਨ ਘੋਲ 'ਚ ਆਪਣਾ ਹਿੱਸਾ ਪਾ ਰਹੀ ਹੈ। ਉਹ ਬਾਰਵੀਂ ਜਮਾਤ 'ਚ ਪੜਦੀ ਹੈ ਅਤੇ ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ। ਉਸ ਦਾ ਕਹਿਣਾ ਹੈ ਕਿ ਭਾਵੇਂ ਉਨਾਂ ਕੋਲ ਜ਼ਮੀਨ ਨਹੀਂ ਹੈ ਪ੍ਰੰਤੂ ਉਹ ਪਿੰਡ ਦੀ ਜ਼ਮੀਨ ਬਚਾਉਣ ਲਈ ਦਿੱਲੀ ਪੁੱਜੀ



ਹੈ। ਉਸ ਨੂੰ ਮਲਾਲ ਹੈ ਕਿ ਜੇ ਉਸ ਦਾ ਪਿਤਾ ਜਿਊਂਦਾ ਹੁੰਦਾ ਤਾਂ ਉਹ ਕਿਸਾਨ ਮੋਰਚੇ 'ਚ ਮੋਹਰੀ ਬਣਦਾ। ਇਵੇਂ ਪਟਿਆਲਾ ਦੇ ਪਿੰਡ ਨਨਹੇੜਾ ਦੀ ਸਿਮਰਨਜੀਤ ਕੌਰ ਆਪਣੇ ਪਿਤਾ ਦਾ ਫ਼ਰਜ਼ ਅਤੇ ਭਰਾ ਦਾ ਹਿੱਸਾ 'ਦਿੱਲੀ ਮੋਰਚੇ' ਵਿਚ ਪਾ ਰਹੀ ਹੈ। ਉਸ ਦੇ ਪਿਤਾ ਅਤੇ ਭਰਾ ਦੀ ਮੌਤ ਹੋ ਚੁੱਕੀ ਹੈ।

ਪਿੰਡ ਪੰਡੋਰੀ ਦੀ ਹਰਜਿੰਦਰ ਕੌਰ ਦੇ ਪਤੀ ਦੀ ਮੌਤ ਹੋ ਚੁੱਕੀ ਹੈ ਅਤੇ ਉਹ ਖ਼ੁਦ ਦਿੱਲੀ ਮੋਰਚੇ ਵਿਚ ਡਟੀ ਹੈ। ਤਰਨ ਤਾਰਨ ਦੀ ਬਜ਼ੁਰਗ ਮਾਈ ਗੁਰਦੇਵ ਕੌਰ ਆਖਦੀ ਹੈ ਕਿ ਉਹ ਦਿੱਲੀ ਤੋਂ ਖਾਲੀ ਨਹੀਂ ਮੁੜੇਗੀ। ਇਨਾਂ ਪੰਜਾਬਣਾਂ ਦਾ ਜਜ਼ਬਾ ਤੇ ਜਨੂਨ 'ਦਿੱਲੀ ਮੋਰਚੇ' ਨੂੰ ਸਿਖ਼ਰਾਂ 'ਤੇ ਲਿਜਾ ਰਿਹਾ ਹੈ। ਪਿੰਡ ਭੁੱਚੋ ਦੀ ਚਰਨਜੀਤ ਕੌਰ ਦਾ ਪਤੀ ਮਨਜੀਤ ਸਿੰਘ ਖ਼ੁਦਕੁਸ਼ੀ ਕਰ ਗਿਆ। ਉਹ ਆਪਣੇ ਪੁੱਤਰ ਨੂੰ ਘਰ ਛੱਡ ਕੇ ਦਿੱਲੀ ਮੋਰਚੇ ਵਿਚ ਆ ਬੈਠੀ ਹੈ। ਉਸ ਦਾ ਕਹਿਣਾ ਕਿ ਪਹਿਲਾਂ ਪਤੀ ਖੇਤਾਂ ਲਈ ਜ਼ਿੰਦਗੀ ਦੇ ਗਿਆ ਤੇ ਹੁਣ ਉਹ ਪਿੱਛੇ ਨਹੀਂ ਹਟੇਗੀ। ਇਸੇ ਤਰਾਂ ਹੀ ਪਿੰਡ ਦੀਵਾਨਾ ਦੀ ਸ਼ਿੰਦਰਪਾਲ ਕੌਰ ਆਪਣੇ ਫ਼ੌਤ ਹੋ ਚੁੱਕੇ ਪਤੀ ਅਜਮੇਰ ਸਿੰਘ ਦੀ ਥਾਂ 'ਦਿੱਲੀ ਮੋਰਚੇ' ਵਿਚ ਬੈਠੀ ਹੈ।

ਬੀ.ਕੇ.ਯੂ (ਉਗਰਾਹਾਂ) ਦੇ ਔਰਤ ਵਿੰਗ ਦੀ ਪ੍ਰਧਾਨ ਹਰਿੰਦਰ ਕੌਰ ਬਿੰਦੂ ਆਖਦੀ ਹੈ ਕਿ ਕਿਸਾਨੀ ਘੋਲ 'ਚ ਹਜ਼ਾਰਾਂ ਕੁੜੀਆਂ ਅਤੇ ਬਜ਼ੁਰਗ ਔਰਤਾਂ ਆਪਣੀ ਇਖ਼ਲਾਕੀ ਫ਼ਰਜ਼ ਸਮਝ ਕੇ ਪੁੱਜੀਆਂ ਹਨ ਤੇ ਆਪਣੇ ਵਿੱਛੜ ਚੁੱਕਿਆਂ ਦੇ ਬੋਲ ਪੁਗਾ ਰਹੀਆਂ ਹਨ। ਉਨਾਂ ਕਿਹਾ ਕਿ ਦਿੱਲੀ ਮੋਰਚੇ ਵਿਚ ਪੰਜਾਬਣਾਂ ਦੇ ਜੋਸ਼ ਨੇ ਬਾਕੀ ਸੂਬਿਆਂ ਨੂੰ ਰਾਹ ਦਿਖਾ ਦਿੱਤਾ ਹੈ ਅਤੇ ਇਹ ਔਰਤਾਂ ਬਰਾਬਰ ਭਾਗੀਦਾਰ ਬਣੀਆਂ ਹਨ।

ਦਿੱਲੀ ਸਿੰਘੂ ਬਾਰਡਰ ਉੱਪਰ ਅਨੇਕਾਂ ਬੀਬੀਆਂ ਦੇ ਜਥੇ ਮੌਜੂਦ ਹਨ। ਲੰਗਰ ਵਿਚ ਸੇਵਾ ਵੀ ਕਰ ਰਹੀਆਂ ਹਨ। ਆਪਣੇ ਨਾਲ ਲਿਆਂਦੇ ਬਚਿਆਂ ਨੂੰ ਪੜਾ ਰਹੀਆਂ ਹਨ। ਇਕ ਜਥਾ ਬਠਿੰਡਾ ਦੇ ਚੱਕ ਰਾਮ ਸਿੰਘ ਵਾਲਾ ਜਥਾ ਉੱਥੇ ਮੌਜੂਦ ਸੀ, ਜਿਸ ਨਾਲ ਸਾਡੀ ਮੁਲਾਕਾਤ ਹੋਈ। ਇਸ ਜਥੇ ਵਿਚ ਸਭ ਤੋਂ ਬਜ਼ੁਰਗ ਬੀਬੀ 72 ਸਾਲਾ ਦੀ ਸੀ ਅਤੇ ਸਭ ਤੋਂ ਛੋਟੀ ਬੀਬੀ 20 ਸਾਲਾਂ ਦੀ ਸੀ। ਇੱਕ ਛੋਟਾ ਬੱਚਾ ਵੀ ਇਨਾਂ ਦੇ ਨਾਲ ਮੌਜੂਦ ਸੀ। 72 ਸਾਲਾ ਬੀਬੀ ਜਸਵੀਰ ਕੌਰ ਨੇ ਕਿਹਾ, 'ਅਸੀਂ ਕਿਸਾਨ ਅੰਦੋਲਨ ਦਾ ਸਾਥ ਦੇਣ ਲਈ ਇੱਥੇ ਆਉਣ ਦਾ ਫ਼ੈਸਲਾ ਕੀਤਾ ਹੈ। 2006 ਵਿੱਚ ਇੱਕ ਕਿਸਾਨ ਅੰਦੋਲਨ ਵਿੱਚ ਸ਼ਾਮਿਲ ਹੋਣ ਕਰਕੇ ਉਹ ਜੇਲ ਵਿੱਚ ਵੀ ਜਾ ਚੁੱਕੀ ਹੈ। ਠੰਡ ਹੋਵੇ ਜਾਂ ਬੈਰੀਕੇਡ ਜਾਂ ਵਾਟਰ ਕੈਨਨ ਨਾਲ ਪੈਣ ਵਾਲੀਆਂ ਪਾਣੀ ਦੀਆਂ ਬੌਛਾੜਾਂ, ਕੁਝ ਵੀ ਸਾਨੂੰ ਡਰਾ ਨਹੀਂ ਸਕਦਾ। ਸ਼ਹੀਦੀ ਪਾਉਣ ਤੋਂ ਅਸੀਂ ਨਹੀਂ ਡਰਦੀਆਂ। ਅਸੀਂ ਦਸਮੇਸ਼ ਬਾਪੂ ਦੀਆਂ ਦੁਲਾਰੀਆਂ ਹਾਂ।

ਇਨਾਂ ਨੌਂ ਔਰਤਾਂ ਦੇ ਦਲ ਨਾਲ ਇੱਕ 12 ਸਾਲਾਂ ਦਾ ਲੜਕਾ ਗੁਰਜੀਤ ਸਿੰਘ ਆਇਆ ਹੈ। ਉਸ ਨੇ ਵੀ ਪੀਲੇ ਰੰਗ ਦੀ ਟੀ-ਸ਼ਰਟ ਪਹਿਨੀ ਹੋਈ ਸੀ। ਉਸਦੇ ਸੱਜੇ ਪਾਸੇ ਛਾਤੀ 'ਤੇ ਯੂਨੀਅਨ ਦਾ ਬੈਜ ਲੱਗਿਆ ਹੋਇਆ ਸੀ। ਉਸਨੇ ਕਿਹਾ, 'ਮੈਂ ਕਿਸਾਨ ਦਾ ਪੁੱਤ ਹਾਂ। ਖੇਤ ਤਾਂ ਸਾਡੀ ਵਿਰਾਸਤ ਹਨ।

**ਬਾਕੀ ਸਫ਼ਾ 23 'ਤੇ**

# ਸੁਤੰਤਰ ਭਾਰਤ ਵਿਚ ਅਜੋਕਾ ਵੱਡਾ ਵਿਦਰੋਹ ਕਿਸਾਨੀ ਅੰਦੋਲਨ

## ਸਰਕਾਰ ਕਿਸਾਨਾਂ ਦੇ ਸੰਦੇਹ ਦੂਰ ਕਰਨ ਵਿਚ ਅਸਫਲ

**- ਐਸ ਐਸ ਛੀਨਾ**

ਜਿੰਨਾ ਵੱਡਾ ਵਿਦਰੋਹ ਤਿੰਨ ਕਿਸਾਨੀ ਕਾਨੂੰਨਾਂ ਵਿਰੁੱਧ ਹੋਇਆ ਹੈ, ਸ਼ਾਇਦ ਹੀ ਕਦੇ ਸੁਤੰਤਰ ਭਾਰਤ ਵਿਚ ਏਨਾ ਵੱਡਾ ਵਿਦਰੋਹ ਹੋਇਆ ਹੋਵੇ। ਇਹ ਤਿੰਨੇ ਕਾਨੂੰਨ, ਜਿਨਾਂ ਨੂੰ ਪਹਿਲਾਂ ਆਰਡੀਨੈਂਸਾਂ ਦੇ ਤੌਰ 'ਤੇ ਜਾਰੀ ਕੀਤਾ ਸੀ ਅਤੇ ਬਾਅਦ ਵਿਚ ਪਾਰਲੀਮੈਂਟ ਵਿਚੋਂ ਪਾਸ ਕਰਵਾ ਕੇ ਰਾਸ਼ਟਰਪਤੀ ਤੋਂ ਦਸਤਖ਼ਤ ਕਰਵਾ ਕੇ ਕਾਨੂੰਨ ਬਣਾ ਦਿੱਤੇ ਗਏ। ਇਹ ਵਿਦਰੋਹ ਉਸ ਸਮੇਂ ਹੀ ਸ਼ੁਰੂ ਹੋ ਗਿਆ ਸੀ, ਜਦੋਂ ਇਹ ਆਰਡੀਨੈਂਸਾਂ ਵਜੋਂ ਆਏ ਸਨ। ਹੁਣ ਭਾਰਤ ਸਰਕਾਰ ਵੱਲੋਂ ਇਸ ਸਬੰਧੀ ਤਰਮੀਮਾਂ ਕਰਕੇ ਉਨਾਂ ਮੱਦਾਂ ਨੂੰ ਕੱਢਣ ਦੀ ਤਜਵੀਜ਼ ਦਿੱਤੀ ਗਈ ਹੈ। ਜ਼ਿਆਦਾ ਠੀਕ ਹੁੰਦਾ ਜੇ ਇਨਾਂ ਨੂੰ ਉਸ ਲੰਮੇ ਸਮੇਂ ਵਿਚ ਹੀ ਸੁਧਾਰ ਲਿਆ ਜਾਂਦਾ ਜਦੋਂ ਇਨਾਂ ਦਾ ਵਿਰੋਧ ਹੋ ਰਿਹਾ ਸੀ। ਹੁਣ ਇਸ ਵਿਚ ਦੇਸ਼ ਭਰ ਦੀਆਂ ਕਿਸਾਨ ਯੂਨੀਅਨਾਂ ਤੋਂ ਇਲਾਵਾ ਸਮਾਜ ਦੇ ਹਰ ਵਰਗ ਜਿਵੇਂ ਵਕੀਲ, ਡਾਕਟਰ, ਕਿਰਤੀ, ਵਪਾਰੀ, ਕਲਾਕਾਰ, ਗੀਤਕਾਰ, ਖਿਡਾਰੀ, ਗਾਇਕ, ਲੇਖਕਾਂ ਤੋਂ ਇਲਾਵਾ ਦੇਸ਼ ਭਰਦੀਆਂ ਸਭ ਰਾਜਨੀਤਕ ਪਾਰਟੀਆਂ ਇਸ ਅੰਦੋਲਨ ਦੀ ਹਮਾਇਤ ਕਰ ਰਹੀਆਂ ਹਨ ਭਾਵੇਂ ਕਿ ਕਿਸਾਨ ਯੂਨੀਅਨਾਂ ਨੇ ਇਨਾਂ ਰਾਜਨੀਤਕ ਪਾਰਟੀਆਂ ਤੋਂ ਦੂਰੀ ਬਣਾਈ ਹੋਈ ਹੈ ਅਤੇ ਇਸ ਅੰਦੋਲਨ ਨੂੰ ਸਿਰਫ਼ ਕਿਸਾਨੀ ਮੁੱਦਿਆਂ ਤੱਕ ਹੀ ਸੀਮਤ ਕੀਤਾ ਹੋਇਆ ਹੈ। ਏਨੀ ਵੱਡੀ ਗਿਣਤੀ ਵਿਚ ਦਿੱਲੀ ਦੇ ਬਾਰਡਰ 'ਤੇ ਇਕੱਠੇ ਹੋਏ ਇਸ ਵੱਡੇ ਇਕੱਠ ਦੀ ਅਗਵਾਈ ਕਰ ਰਹੇ ਵੱਖ-ਵੱਖ ਯੂਨੀਅਨਾਂ ਦੇ ਆਗੂ ਕਈ ਵਾਰ ਸਰਕਾਰ ਨਾਲ ਬੈਠਕਾਂ ਕਰ ਚੁੱਕੇ ਹਨ, ਪਰ ਸਰਕਾਰ ਕਿਸਾਨਾਂ ਦੇ ਸੰਦੇਹ ਦੂਰ ਕਰਨ ਵਿਚ ਅਸਫਲ ਰਹੀ ਹੈ।

ਅਸਲ ਵਿਚ ਇਨਾਂ ਤਿੰਨਾਂ ਕਾਨੂੰਨਾਂ ਦੀਆਂ ਮੁੱਖ ਮੱਦਾਂ ਇਕ-ਦੂਜੇ ਕਾਨੂੰਨ ਨਾਲ ਸਬੰਧਿਤ ਹਨ। ਇਸ ਦਾ ਪਹਿਲਾ ਕਾਨੂੰਨ ਫਸਲਾਂ ਦੇ ਮੰਡੀਕਰਨ ਬਾਰੇ ਹੈ, ਜਿਸ ਨੂੰ ਕਿਸਾਨ ਉਪਜ, ਵਪਾਰ ਅਤੇ ਮੰਡੀਕਰਨ (ਵਿਕਾਸ ਅਤੇ ਸਹਾਇਤਾ), ਦੂਸਰਾ ਫਸਲਾਂ ਦੀ ਉਪਜ ਦੇ ਠੇਕੇ ਬਾਰੇ ਅਤੇ ਤੀਸਰਾ ਕੁਝ ਜ਼ਰੂਰੀ ਵਸਤੂਆਂ ਜਿਨਾਂ ਵਿਚ ਕੁਝ ਦਾਲਾਂ ਅਤੇ ਸਬਜ਼ੀਆਂ ਵੀ ਸ਼ਾਮਿਲ ਹਨ, ਉਨਾਂ ਨੂੰ ਜ਼ਰੂਰੀ ਵਸਤੂਆਂ ਦੀ ਸੂਚੀ ਵਿਚੋਂ ਬਾਹਰ ਕੱਢ ਕੇ ਉਨਾਂ ਦੇ ਸਟਾਕ ਜਮਾਂ ਕਰਨ ਦੀ ਖੁੱਲ ਦਿੱਤੀ ਗਈ ਹੈ, ਜਿਹੜੀ ਪਹਿਲਾਂ ਨਹੀਂ ਸੀ। ਅਸਲ ਵਿਚ ਬਾਕੀ ਦੇ ਦੋ ਕਾਨੂੰਨ ਇਸ ਦੇ ਨਾਲ ਹੀ ਜੁੜੇ ਹੋਏ ਹਨ। ਜੇ ਵਪਾਰੀ ਵੱਡੇ ਸਟਾਕ ਜਮਾਂ ਕਰ ਸਕਦੇ ਹਨ, ਜਿਨਾਂ ਲਈ ਉਹ ਲੋੜੀਂਦੀ ਫਸਲ ਨੂੰ ਠੇਕੇ 'ਤੇ ਬਿਜਵਾ ਸਕਦੇ ਹਨ ਅਤੇ ਉਹ ਉਸ ਫਸਲ ਨੂੰ ਕਿਤੋਂ ਵੀ ਖ਼ਰੀਦ ਸਕਦੇ ਹਨ, ਜਿਹੜੀ ਸਿੱਧੀ ਕਿਸਾਨਾਂ ਕੋਲੋਂ ਜਾਂ ਨਿੱਜੀ ਮੰਡੀ ਵਿਚੋਂ ਖ਼ਰੀਦੀ ਜਾ ਸਕਦੀ ਹੈ। ਇਸ ਵਿਚ ਇਹ ਵਿਵਸਥਾ ਵੀ ਕੀਤੀ ਗਈ ਹੈ ਕਿ ਇਸ ਸੀਮਾ ਤੋਂ ਵੱਧ ਕੀਮਤ ਹੋਣ 'ਤੇ ਸਟਾਕ ਦੀ ਸੀਮਾ 10 ਟਨ ਤੋਂ ਵੱਧ ਨਹੀਂ ਹੋ ਸਕਦੀ। ਅਸਲ ਵਿਚ ਉਹ ਕਿਸਾਨੀ ਫਸਲਾਂ ਜਿਹੜੀਆਂ ਰੋਜ਼ਾਨਾ ਜ਼ਰੂਰਤਾਂ ਦੀਆਂ ਘਰੇਲੂ ਵਸਤੂਆਂ ਹਨ, ਉਨਾਂ ਦੇ ਸਟਾਕ ਤਾਂ ਸਿਰਫ਼ ਵੱਡਾ ਵਪਾਰੀ ਹੀ ਬਣਾ ਸਕਦਾ ਹੈ, ਉਹ ਕਿਸਾਨ ਨਹੀਂ ਬਣਾ ਸਕਦਾ। ਕਿਸਾਨ ਤਾਂ ਆਪਣੀ ਫਸਲ ਦਾ ਮੰਡੀਕਰਨ ਕਰਦਾ ਹੈ, ਉਹ ਵਪਾਰ ਨਹੀਂ ਕਰਦਾ, ਸਗੋਂ ਉਹ ਤਾਂ ਆਪਣੀ ਫਸਲ ਨੂੰ ਛੇਤੀ ਤੋਂ ਛੇਤੀ ਵੇਚਣਾ ਚਾਹੁੰਦਾ ਹੈ, ਕਿਉਂ ਜੋ ਉਸ ਵਿਕਰੀ ਦੀ ਆਮਦਨ ਤੋਂ ਉਸ ਨੇ ਆਪਣੀ ਕਿਸਾਨੀ ਅਤੇ ਘਰੇਲੂ ਲੋੜਾਂ ਪੂਰੀਆਂ ਕਰਨੀਆਂ ਹੁੰਦੀਆਂ ਹਨ।

ਇਸ ਕਾਨੂੰਨ ਅਨੁਸਾਰ ਉਹ ਵਪਾਰੀ ਜਾਂ ਕਿਸਾਨ ਕਿਤੋਂ ਵੀ ਆਪਣੀ ਫਸਲ ਖ਼ਰੀਦ ਸਕਦਾ ਹੈ ਜਾਂ ਕਿਤੇ ਵੀ ਵੇਚ ਸਕਦਾ ਹੈ। ਦੇਸ਼ ਦੇ 86 ਫ਼ੀਸਦੀ ਕਿਸਾਨ 5 ਏਕੜ ਤੋਂ ਛੋਟੀਆਂ ਜੋਤਾਂ ਦੇ ਕਿਸਾਨ ਹਨ ਅਤੇ ਜ਼ਿਆਦਾਤਰ ਜਾਂ ਸਾਰੇ ਦੇ ਸਾਰੇ ਸਿਰਫ਼ ਉਹੋ ਫਸਲਾਂ ਹੀ ਬੀਜਦੇ ਹਨ ਜਿਨਾਂ ਦਾ ਯਕੀਨੀ ਮੰਡੀਕਰਨ ਹੋਵੇ, ਜਿਨਾਂ ਵਿਚ ਕਣਕ ਅਤੇ ਝੋਨਾ ਜ਼ਿਆਦਾ ਹੈ, ਨਾ ਤਾਂ ਉਹ ਉਨਾਂ ਫਸਲਾਂ ਦੀ ਬਰਾਮਦ ਕਰ ਸਕਦੇ ਹਨ ਅਤੇ ਨਾ ਹੀ ਹੋਰ ਪ੍ਰਦੇਸ਼ ਜਾਂ ਦੂਰ ਦੀਆਂ ਮੰਡੀਆਂ ਵਿਚ ਵੇਚ ਸਕਦੇ ਹਨ। ਦੂਰ ਦੀਆਂ ਮੰਡੀਆਂ ਵਿਚ ਵੇਚਣਾ ਜਾਂ ਦੂਰ ਦੀਆਂ ਮੰਡੀਆਂ ਤੋਂ ਖ਼ਰੀਦਣਾ ਵਪਾਰੀ ਦੇ ਕੰਮਾਂ ਵਿਚ ਆਉਂਦਾ ਹੈ। ਉਸ ਤਰਾਂ ਦੀ ਖੇਤੀ ਫਸਲਾਂ ਦੀਆਂ ਉਪਜਾ ਪੂਰਨ ਮੁਕਾਬਲੇ ਵੀ ਮੰਡੀ ਦੇ ਗੁਣ ਰੱਖਦੀਆਂ ਹਨ, ਜਿਸ ਦਾ ਅਰਥ ਹੈ ਕਿ ਉਹ ਫਸਲਾਂ ਕਿਤੋਂ ਵੀ ਖ਼ਰੀਦ ਲਓ ਜਾਂ ਕਿਤੇ ਵੀ ਵੇਚ ਲਓ, ਉਨਾਂ ਦੀਆਂ ਕੀਮਤਾਂ ਇਕ ਹੀ ਹੁੰਦੀਆਂ ਹਨ। 1960 ਤੋਂ ਪਹਿਲਾਂ ਖੇਤੀ ਮੰਡੀਕਰਨ ਦਾ ਢਾਂਚਾ ਹੁਣ ਵਾਂਗ ਨਿਯਮਤ ਮੰਡੀ ਢਾਂਚਾ ਨਹੀਂ ਸੀ। ਜ਼ਿਆਦਾਤਰ ਨਿੱਜੀ ਮੰਡੀਆਂ ਸਨ। ਖ਼ਰੀਦਣ ਵਾਲੇ ਥੋੜੇ ਸਨ ਅਤੇ ਵੇਚਣ ਵਾਲੇ ਬਹੁਤ ਜ਼ਿਆਦਾ ਸਨ। ਖ਼ਰੀਦਣ ਵਾਲੇ ਥੋੜੇ ਹੋਣ ਕਰਕੇ ਆਪਸ ਵਿਚ ਮਿਲ ਜਾਂਦੇ ਸਨ ਅਤੇ ਉਹ ਕਿਸਾਨ ਦਾ ਸ਼ੋਸ਼ਣ ਕਰਦੇ ਸਨ। ਕਿਸਾਨ ਨੂੰ ਮਜਬੂਰ ਹੋ ਕੇ ਕੁਝ ਸਮੇਂ ਤੋਂ ਬਾਅਦ ਉਹ ਫਸਲ ਘੱਟ ਕੀਮਤ 'ਤੇ ਵੇਚਣੀ ਪੈਂਦੀ ਸੀ। ਨਿਯਮਤ ਮੰਡੀਕਰਨ ਨੇ ਕਿਸਾਨਾਂ ਲਈ ਉਹ ਵਿਵਸਥਾ ਕੀਤੀ ਜਿਸ ਵਿਚ ਨਿਸ਼ਚਿਤ ਮਾਰਕੀਟ ਫੀਸ, ਨਿਸ਼ਚਿਤ ਅਤੇ ਯੋਗ ਆੜਤ ਅਤੇ ਯੋਗ ਕੀਮਤਾਂ ਤੇ ਵਿਕਰੀ ਦਾ ਢਾਂਚਾ ਬਣਾਇਆ। 1967 ਤੋਂ ਬਾਅਦ ਘੱਟੋ-ਘੱਟ ਸਮਰਥਨ ਮੁੱਲ 'ਤੇ ਸਰਕਾਰ ਵੱਲੋਂ ਆਪ ਖ਼ਰੀਦਣ ਦੀ ਵਿਵਸਥਾ ਕਣਕ ਅਤੇ ਝੋਨੇ ਲਈ ਬਣਾਈ ਗਈ, ਜਿਸ ਨੇ ਪਹਿਲਾਂ ਵਾਲੀ ਨਿੱਜੀ ਮੰਡੀ ਦੀ ਲੁੱਟ ਨੂੰ ਖ਼ਤਮ ਕਰ ਦਿੱਤਾ ਅਤੇ ਕਿਸਾਨ ਨੇ ਵੱਡੀ ਰਾਹਤ ਮਹਿਸੂਸ ਕੀਤੀ। ਨਿਯਮਤ ਮੰਡੀਆਂ ਦਾ ਇਹ ਢਾਂਚਾ ਪਿਛਲੇ 70 ਸਾਲਾਂ ਦੀਆਂ ਕੋਸ਼ਿਸ਼ਾਂ ਨਾਲ ਬਣਿਆ ਹੈ, ਇਸ ਨੂੰ ਫਿਰ ਨਿੱਜੀ ਮੰਡੀਆਂ ਵੱਲ ਖੜਨਾ ਉਸ ਤਰਾਂ ਹੀ ਹੋਵੇਗਾ ਜਿਸ ਤਰਾਂ 1950 ਤੋਂ ਪਹਿਲਾਂ ਦਾ ਮੰਡੀਕਰਨ ਢਾਂਚਾ ਸੀ। ਨਿੱਜੀ ਮੰਡੀਆਂ ਵਿਚ ਕਿਸਾਨ ਦੇ ਹਿਤ ਦੀ ਸਰਕਾਰੀ ਨਿਗਰਾਨੀ ਘਟਦੀ ਹੈ। ਹੁਣ ਵੀ ਵੇਖਿਆ ਗਿਆ ਹੈ ਕਿ ਪੰਜਾਬ ਦੀਆਂ ਮੰਡੀਆਂ ਵਿਚ ਇਸ ਸਾਲ ਯੂ.ਪੀ., ਬਿਹਾਰ ਤੋਂ ਆ ਕੇ ਝੋਨਾ ਵਿਕਿਆ ਹੈ ਕਿਉਂ ਜੋ ਯੂ.ਪੀ. ਦੀਆਂ ਕਈ ਨਿੱਜੀ ਮੰਡੀਆਂ ਵਿਚ ਸਰਕਾਰੀ ਕਰਮਚਾਰੀ ਸਰਕਾਰੀ ਖ਼ਰੀਦ ਲਈ ਜਾਂ ਸਰਕਾਰੀ ਨਿਗਰਾਨੀ ਲਈ ਨਹੀਂ ਪਹੁੰਚਦੇ। ਨਿੱਜੀਕਰਨ ਨੂੰ ਉਤਸ਼ਾਹਿਤ ਕਰਨਾ ਵੱਡੇ ਹਿਤ ਦੀ ਗੱਲ ਨਹੀਂ।

ਖੇਤੀ ਵਸਤੂਆਂ ਅਤੇ ਖ਼ਾਸ ਕਰਕੇ ਜ਼ਰੂਰੀ ਵਸਤੂਆਂ ਦੇ ਸਟਾਕ ਬਾਰੇ ਅਨੇਕਾਂ ਬੁਰੇ ਪ੍ਰਭਾਵਾਂ ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਪਰ ਇਕ ਜਿਹੜੀ ਜ਼ਿਆਦਾ ਪ੍ਰਚੱਲਿਤ ਹੈ ਉਹ ਇਸ ਤਰਾਂ ਹੈ ਕਿ 1942 ਵਿਚ ਬੰਗਾਲ ਵਿਚ ਇਕ ਵੱਡਾ ਅਕਾਲ ਪਿਆ ਸੀ, ਜਿਸ ਨਾਲ ਲੱਖਾਂ ਲੋਕਾਂ ਦੀ ਮੌਤਾਂ ਹੋ ਗਈ ਸੀ। ਨੋਬਲ ਇਨਾਮ ਵਿਜੇਤਾ ਡਾ. ਅਮ੍ਰਿਤਾ ਸੈਨ ਅਨੁਸਾਰ ਉਸ ਵਕਤ ਉਹ ਬਚਪਨ ਵਿਚ ਸੀ ਪਰ ਉਹ ਆਪਣੇ ਘਰ ਦੇ ਪਿਛਵਾੜ ਕਣਕ ਦੇ ਵੱਡੇ ਭੰਡਾਰਾਂ ਨੂੰ ਤਾਂ ਵੇਖਦਾ ਹੁੰਦਾ ਸੀ ਪਰ ਰੋਜ਼ਾਨਾ ਇਹ ਖ਼ਬਰਾਂ ਵੀ ਪੜਦਾ ਹੁੰਦਾ ਸੀ ਕਿ ਅੱਜ ਇੰਨੇ ਹਜ਼ਾਰ ਲੋਕ ਭੁੱਖ ਅਤੇ ਅਨਾਜ ਦੀ ਕਮੀ ਕਰਕੇ ਮਰ ਗਏ ਹਨ ਤਾਂ ਇਹ ਗੱਲ ਉਸ ਦੇ ਦਿਮਾਗ਼ ਵਿਚ ਸਮਾ ਗਈ ਕਿ ਉਹ ਲੋਕ ਜਿਹੜੇ ਭੁੱਖ ਨਾਲ ਜਾਂ ਅਨਾਜ ਦੀ ਕਮੀ ਨਾਲ ਮਰੇ ਹਨ, ਉਹ ਅਨਾਜ ਦੀ ਕਮੀ ਕਰਕੇ ਨਹੀਂ ਮਰੇ ਸਗੋਂ ਉਹ ਪੈਸੇ ਦੀ ਕਮੀ ਕਰਕੇ ਜਾਂ ਅਨਾਜ ਨੂੰ ਖ਼ਰੀਦਣ ਲਈ ਖ਼ਰੀਦ ਸ਼ਕਤੀ ਦੀ ਕਮੀ ਕਰਕੇ ਮਰੇ ਹਨ। ਬਾਅਦ ਵਿਚ ਡਾ: ਅਮ੍ਰਿਤਾ ਸੈਨ ਨੇ ਏਸ਼ੀਆ ਅਤੇ ਅਫ਼ਰੀਕਾ ਦੇ ਉਨਾਂ 26 ਦੇਸ਼ਾਂ ਦਾ ਅਧਿਐਨ ਕੀਤਾ ਜਿੱਥੇ ਅਕਾਲ ਪਿਆ ਸੀ ਅਤੇ ਆਪਣੇ ਉਸ ਕਥਨ ਨੂੰ ਸਾਬਤ ਕੀਤਾ ਸੀ ਕਿ

**ਬਾਕੀ ਸਫ਼ਾ 23 'ਤੇ**

# ਕਿਸਾਨਾਂ ਦਾ ਸੰਘਰਸ਼ ਸਰਕਾਰ ਲਈ ਗਣਤੰਤਰ ਦਿਵਸ ਨੂੰ ਲੈ ਕੇ ਬਣਿਆਂ ਸਿਰਦਰਦੀ

**- ਡਾਕਟਰ ਸੁਰਿੰਦਰ ਸਿੰਘ ਗਿੱਲ ਅਮਰੀਕਾ**

ਕਿਸਾਨ ਸੰਘਰਸ਼ ਦਿਨੋਂ ਦਿਨ ਮਜ਼ਬੂਤ ਤੇ ਵਿਸ਼ਾਲ ਹੁੰਦਾ ਜਾ ਰਿਹਾ ਹੈ। ਜਿਸ ਨੂੰ ਹੁੰਗਾਰਾ ਹਰ ਵਰਗ ਦੇਣ ਲੱਗ ਪਿਆ ਹੈ। ਜਿਸ ਕਰਕੇ ਹਰ ਕੋਈ ਸਰਕਾਰ ਨੂੰ ਕੋਸਣ ਲੱਗ ਪਿਆ ਹੈ। ਸਰਕਾਰ ਦੀ ਹਾਲਤ ਸੱਪ ਦੇ ਮੂੰਹ ਵਿੱਚ ਕੋੜਕਿਰਲੀ ਵਾਲੀ ਬਣੀ ਹੋਈ ਹੈ। ਪਤਾ ਹੋਣ ਦੇ ਬਾਵਜੂਦ ਕਿ ਕਿਸਾਨ ਇਹਨਾਂ ਬਿੱਲਾਂ ਨਾਲ ਸਹਿਮਤ ਨਹੀਂ ਹਨ। ਫਿਰ ਵੀ ਉਹ ਬੇ ਮਤਲਬ ਅੜੀਅਲ ਵਤੀਰਾ ਦਿਖਾ ਰਹੀ ਹੈ। ਦੇਸ ਦਾ ਨੁਕਸਾਨ ਕਰ ਰਹੀ ਹੈ। ਅਜਿਹੀ ਸਰਕਾਰ ਜੋ ਲੋਕ-ਹਿਤਾਂ ਦਾ ਘਾਣ ਕਰ ਰਹੀ ਹੋਵੇ। ਉਸ ਨੂੰ ਸੱਤਾ ਵਿੱਚ ਰਹਿਣ ਦਾ ਕੋਈ ਹੱਕ ਨਹੀਂ ਹੈ। ਸਾਡੇ ਕਾਨੂੰਨ ਘਾੜੇ ਵੀ ਹੱਥ ਤੇ ਹੱਥ ਧਰ ਕੇ ਬੈਠੇ ਹੋਏ ਹਨ। ਜੋ ਸਰਕਾਰ ਨੂੰ ਸ਼ਹਿ ਦੇ ਰਹੇ ਹਨ। ਅਜਿਹੇ ਵਿੱਚ ਕਿਸਾਨਾਂ ਦਾ ਨੁਕਸਾਨ ਤੇ ਆਰਥਿਕਤਾ ਦਾ ਨੁਕਸਾਨ ਹੋਰ ਹੋਣ ਦੇ ਅਸਾਰ ਬਣੇ ਹੋਏ ਹਨ। ਸਰਕਾਰ ਚੁੱਪਧਾਰੀ ਨਵੇਂ ਪੈਂਤੜੇਬਾਜ਼ੀ ਵੱਲ ਵੱਧ ਰਹੀ ਹੈ। ਜੋ ਕਿ ਨੁਕਸਾਨਦੇਹ ਹੈ।

ਗਣਤੰਤਰ ਦਿਵਸ ਆ ਰਿਹਾ ਹੈ। ਜਿਸ ਤੇ ਵਿਦੇਸ਼ੀ ਪ੍ਰਹੁਣਿਆ ਦੀ ਸ਼ਮੂਲੀਅਤ ਵੀ ਹੈ। ਅਜਿਹੇ ਵਿੱਚ ਸਰਕਾਰ ਕੜਿੱਕੀ ਵਿੱਚ ਫਸੀ ਹੋਈ ਹੈ। ਉਹ ਵਿਦੇਸ਼ੀ ਪ੍ਰਾਹੁਣਿਆਂ ਨੂੰ ਕੀ ਦਿਖਾਵੇਗੀ। ਕੀ ਉਸ ਦੇ ਅੰਨਦਾਤਾ ਸੜਕਾਂ ਤੇ ਬੈਠਣ ਜੋਗੇ ਰਹਿ ਗਏ ਹਨ। ਕੀ ਸਰਕਾਰ ਉਨਾਂ ਦੀ ਗੱਲ ਨਹੀਂ ਸੁਣ ਰਹੀ ਹੈ। ਜਦਕਿ ਦੂਜੇ ਪਾਸੇ ਕਿਸਾਨ ਸੰਘਰਸ਼ ਭਰ ਜੋਬਨ ਵਿੱਚ ਪਹੁੰਚ ਪੂਰੇ ਸੰਸਾਰ ਵਿੱਚ ਗੂੰਜਾਂ ਪਾ ਰਿਹਾ ਹੈ। ਹਰ ਇਕ ਕਿਸਮ ਦੀ ਮਦਦ ਮਿਲ ਰਹੀ ਹੈ। ਕਿਸਾਨ ਸੰਘਰਸ਼ ਆਪਣੀ ਮੰਜ਼ਿਲ ਵੱਲ ਵੱਧ ਰਿਹਾ ਹੈ।

ਸਰਕਾਰ ਨੂੰ ਚਾਰ ਜਨਵਰੀ ਵਾਲਾ ਮੌਕਾ ਅਪਨੇ ਹੱਥੋਂ ਨਹੀਂ ਗੁਆਉਣਾ ਚਾਹੀਦਾ ਹੈ। ਉਸ ਨੂੰ ਹੱਲ ਕਰਕੇ ਹੀ ਉੱਠਣਾ ਚਾਹੀਦਾ ਹੈ। ਅਜਿਹਾ ਮੌਕਾ ਜੇਕਰ ਸਰਕਾਰ ਨੇ ਹੱਥੋਂ ਗਵਾ ਲਿਆ ਤਾਂ ਗਣਤੰਤਰ ਦਿਵਸ ਮਜ਼ਾਕ ਬਣ ਕੇ ਰਹਿ ਜਾਵੇਗਾ। ਜਿਸ ਦਾ ਜਵਾਬ ਦੇਣਾ ਸਰਕਾਰ ਲਈ ਮੁਸ਼ਕਲ ਹੀ ਨਹੀਂ ਸਗੋਂ ਨਾਂ-ਮੁਮਕਿਨ ਹੋਵੇਗਾ। ਹਰ ਵਿਦੇਸ਼ੀ ਪ੍ਰਾਹੁਣਾ ਸਰਕਾਰ ਨੂੰ ਕੋਸੇਗਾ। ਗਣਤੰਤਰ ਦਿਵਸ ਭਾਰਤ ਲਈ ਇਕ ਅਜਿਹਾ ਦਿਹਾੜਾ ਹੈ ਜੋ ਇਤਿਹਾਸ ਦੇ ਸੁਨਹਿਰੀ ਪੰਨੇ ਦਾ ਇਕ ਅਧਿਆਇ ਹੈ। ਜਿਸ ਨੂੰ ਸਰਕਾਰ ਆਂਚ ਨਹੀਂ ਆਉਣ ਦੇਵੇਗੀ। ਕਿਸੇ ਨਾਂ ਕਿਸੇ ਸਿੱਟੇ ਤੇ ਸਰਕਾਰ ਜ਼ਰੂਰ ਪਹੁੰਚੇਗੀ। ਅਜਿਹਾ ਅਨੁਮਾਨ ਲਗਾਇਆ ਜਾ ਰਿਹਾ ਹੈ।

ਕਿਸਾਨਾਂ ਦੇ ਹੌਸਲੇ ਵੀ ਬੁਲੰਦ ਹਨ। ਉਨਾਂ ਨੇ ਵੀ ਫ਼ੈਸਲਾ ਕਰਕੇ ਰੱਖਿਆ ਹੋਇਆ ਹੈ। ਜੇਕਰ ਸਰਕਾਰ ਨੇ ਚਾਰ ਜਨਵਰੀ ਨੂੰ ਫ਼ੈਸਲਾ ਨਾਂ ਕੀਤਾ। ਜੇਕਰ ਸਰਕਾਰ ਵੱਲੋਂ ਲੌਲੀ-ਪੌਪ ਦੇਣ ਦੀ ਕੋਸ਼ਿਸ਼ ਕੀਤੀ ਤਾਂ ਦਿੱਲੀ ਦੀ ਸ਼ਾਂਤਮਈ ਢੰਗ ਨਾਲ ਇੱਟ ਨਾਲ ਇੱਟ ਖੜਕਾਉਣ ਦੇ ਅਸਾਰ ਨੂੰ ਨਕਾਰਿਆਂ ਨਹੀਂ ਜਾ ਸਕਦਾ ਹੈ। ਭਾਵੇਂ ਗਣਤੰਤਰ ਦਿਵਸ ਸਾਡਾ ਸੰਵਿਧਾਨਕ ਦਿਨ ਹੈ। ਫਿਰ ਉਸ ਦੀ ਪ੍ਰਵਾਹ ਕਿਸਾਨ ਨਹੀਂ ਕਰਨਗੇ। ਭਾਵ ਜਿਹੜਾ ਸੰਵਿਧਾਨ ਸਾਡੇ ਹਿਤਾਂ ਦੀ ਰਾਖੀ ਨਹੀਂ ਕਰ ਸਕਦਾ। ਜਿਹੜੀ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਪਾਲਣਾ , ਕਿਸਾਨਾਂ ਦੇ ਹਿਤਾਂ ਦਾ ਘਾਣ ਕਰਕੇ ਕਰਨਾ ਚਾਹੁੰਦੀ ਹੈ। ਅਜਿਹੇ ਸੰਵਿਧਾਨਕ ਦਿਵਸ ਨੂੰ ਅਲਵਿਦਾ ਕਹਿਣ ਤੋ ਕਿਸਾਨ ਸੰਕੋਚ ਨਹੀਂ ਕਰਨਗੇ।

ਗਣਤੰਤਰ ਦਿਵਸ ਸਰਕਾਰ ਲਈ ਵਕਾਰ ਦਿਵਸ ਬਣਿਆਂ ਹੋਇਆਂ ਹੈ। ਕਿਸਾਨਾਂ ਲਈ ਇਹ ਦਿਵਸ ਫ਼ੈਸਲੇ ਦੀ ਘੜੀ ਨੂੰ ਤਰਜੀਹ ਦੇਣ ਦਾ ਇਕ ਮੌਕਾ ਹੈ। ਇਸ ਮੌਕੇ ਨੂੰ ਕਿਸਾਨ ਹੱਥੋਂ ਨਹੀਂ ਗਵਾਉਣਗੇ। ਸਰਕਾਰ ਨਾਲ ਕਿਸਾਨ ਕੋਈ ਸਮਝੌਤਾ ਨਹੀਂ ਕਰਨਗੇ। ਸਿਰਫ਼ ਬਿੱਲਾਂ ਦੀ ਵਾਪਸੀ ਤੋ ਇਲਾਵਾ ਕੁਝ ਵੀ ਹੋਰ ਨਹੀਂ ਚਾਹੁਣਗੇ। ਅਜਿਹੇ ਵਿਚ ਸਰਕਾਰ ਨੂੰ ਵੀ ਚਾਰ ਜਨਵਰੀ ਦੇ ਮੌਕੇ ਨੂੰ ਸਹਿਮਤੀ ਪ੍ਰਗਟਾਵੇ ਬਿਨਾ ਨਹੀਂ ਉੱਠਣਾ ਚਾਹੀਦਾ ਹੈ ਤੇ ਕਿਸਾਨਾਂ ਨੂੰ ਖ਼ੁਸ਼ ਕਰਕੇ ਘਰੋਂ ਘਰੀਂ ਭੇਜਣ ਨੂੰ ਤਰਜੀਹ ਦੇਣੀ ਬਣਦੀ ਹੈ। ਜੇਕਰ ਅਜਿਹਾ ਸਰਕਾਰ ਨੇ ਨਾਂ ਕੀਤਾ ਤਾਂ ਸਰਕਾਰ ਲਈ ਇਹ ਇਤਿਹਾਸਕ ਭੁੱਲ ਸਰਕਾਰ ਦੇ ਪਤਨ ਦਾ ਕਾਰਣ ਬਣੇਗੀ।

ਹਾਲ ਦੀ ਘੜੀ ਕਿਸਾਨ ਸੰਘਰਸ਼ ਨੂੰ ਲੈ ਕੇ ਸਰਕਾਰ ਲਈ ਗਣਤੰਤਰ ਦਿਵਸ ਸਿਰਦਰਦੀ ਬਣਿਆਂ ਹੋਇਆਂ ਹੈ। ਸਰਕਾਰ ਦੀ ਦੋਚਿੱਤੀ ਸਰਕਾਰ ਨੂੰ ਅੰਦਰੋ-ਅੰਦਰੀ ਖਾ ਰਹੀ ਹੈ। ਦੂਜੇ ਪਾਸੇ ਕਿਸਾਨਾਂ ਨੇ ਪਹਿਲਾ ਹੀ ਅਪਨੀ ਰੂਪ-ਰੇਖਾ ਉਲੀਕ ਰੱਖੀ ਹੋਈ ਹੈ। ਫ਼ੈਸਲਾ ਭਾਵੇਂ ਸਰਕਾਰ ਕੋਈ ਵੀ ਕਰੇ। ਇਹ ਆਰ ਪਾਰ ਦੀ ਲੜਾਈ ਹੁਣ ਗਣਤੰਤਰ ਦਿਵਸ ਨੂੰ ਮੁੱਖ ਰੱਖ ਕੇ ਕੀਤੀ ਜਾਣੀ ਹੈ।

ਜੇਕਰ ਸਰਕਾਰ ਨੇ ਕੋਈ ਕਦਮ ਗ਼ਲਤ ਚੁੱਕ ਲਿਆ ਤਾਂ ਇਹ ਕਿਸਾਨ ਅੰਦੋਲਨ ਸਰਕਾਰ ਦੇ ਹਰ ਭੈੜੇ ਮਨਸੂਬੇ ਨੂੰ ਪ੍ਰਗਟ ਕਰ ਦੇਵੇਗਾ। ਜੋ ਗਣਤੰਤਰ ਦਿਵਸ ਲਈ ਸਰਕਾਰ ਨੇ ਸੋਚੇ ਹੋਣਗੇ। ਇਸ ਲਈ ਚਾਰ ਜਨਵਰੀ ਤੇ ਪੂਰੇ ਸੰਸਾਰ ਦੀਆ ਨਜ਼ਰਾਂ ਹਨ। ਇਸ ਲਈ ਸਰਕਾਰ ਨੂੰ ਇਸ ਮੌਕੇ ਦਾ ਭਰਪੂਰ ਲਾਹਾ ਲੈਣਾ ਚਾਹੀਦਾ ਹੈ ਅਤੇ ਫ਼ੈਸਲਾ ਕਰ ਕੇ ਹੀ ਉੱਠਣਾ ਹੋਵੇਗਾ। ਇਹ ਭਾਵੇਂ ਸਰਕਾਰ ਗਣਤੰਤਰ ਦਿਵਸ ਦੀ ਮਾਣ ਮਰਿਆਦਾ ਨੂੰ ਲੈ ਕੇ ਕਰੇ ਜਾਂ ਕਿਸਾਨਾਂ ਦੇ ਅਗਲੇ ਪੜਾ ਦੇ ਸੰਘਰਸ਼ ਨੂੰ ਲੈ ਕੇ ਕਰੇ। ਜੋ ਕਿਸਾਨਾਂ ਨੇ ਚਾਰ ਜਨਵਰੀ ਤੋ ਬਾਦ ਉਲੀਕਿਆ ਹੋਇਆ ਹੈ। ਜਿਸ ਤੋ ਸਰਕਾਰ ਅਜੇ ਬੇਖ਼ਬਰ ਹੈ। ਵੇਖਣਾ ਇਹ ਹੈ ਕਿ ਸਰਕਾਰ ਦੂਰ-ਅੰਦੇਸ਼ੀ ਤੋ ਕੰਮ ਲੈਂਦੀ ਹੈ ਜਾਂ ਆਪਣੀ ਹਠੀ ਸੋਚ ਦੇ ਮੱਦੇ ਨਜ਼ਰ ਅਪਣਾ ਜਲੂਸ ਗਣਤੰਤਰ ਦਿਵਸ ਦੇ ਇਵਜ਼ਾਨੇ ਵਿੱਚ ਕਢਾਉਂਦੀ ਹੈ। ਮੌਕੇ ਅਨੁਸਾਰ ਕਿਸਾਨ ਅੰਦੋਲਨ ਗਣਤੰਤਰ ਦਿਵਸ ਨੂੰ ਲੈ ਕੇ ਸਰਕਾਰ ਲਈ ਡਾਢੀ ਸਿਰਦਰਦੀ ਬਣਿਆ ਹੋਇਆ ਹੈ।

# ਮਾਣਯੋਗ ਇਤਿਹਾਸਕ ਬਦਲਾਵ ਦੇ ਸੰਗਰਾਮ 'ਦਿੱਲੀ ਚੱਲ' ਕਿਸਾਨ ਅੰਦੋਲਨ ਦਾ ਹਿੱਸਾ ਬਣਦਿਆਂ

**- ਮੰਨਤ ਮੰਡ**

13 ਦਸੰਬਰ ਨੂੰ ਮੈਂ ਤੇ ਪਾਪਾ ਨੇ ਦਿੱਲੀ ਨੂੰ ਚਾਲੇ ਪਾ ਦਿੱਤੇ। ਉਂਜ ਘਰ 'ਚ ਪਹਿਲਾਂ ਵੀ ਬੜੇ ਦਿਨਾ ਤੋਂ ਦਿੱਲੀ ਜਾ ਕੇ ਅੰਦੋਲਨ ਦਾ ਹਿੱਸਾ ਬਣਨ ਦੀ ਸਲਾਹ ਹੋ ਰਹੀ ਸੀ। ਮੈ ਜਦੋਂ ਵੀ ਸੋਸ਼ਲ ਮੀਡੀਆ ਤੇ ਧਰਨੇ 'ਚ ਬੈਠੇ ਲੋਕਾਂ ਦੀ ਕੋਈ ਵੀਡੀਓ, ਤਸਵੀਰ ਵੇਖਦੀ ਤਾਂ ਮੇਰਾ ਮਨ ਅੰਦਰੋਂ ਹਲੂਣਿਆਂ ਜਾਂਦਾ, ਤੇ ਬਾਰ ਬਾਰ ਮਨ 'ਚੋਂ ਅਵਾਜ਼ ਆਉਂਦੀ ਕਿ ਇਸ ਵੇਲੇ ਜਦੋਂ ਸਾਡੇ ਕਿਸਾਨ ਬਜ਼ੁਰਗ, ਬੀਬੀਆਂ, ਨੌਜਵਾਨ ਉੱਥੇ ਬਾਰਡਰ ਤੇ ਇੰਨੀਆਂ ਤਕਲੀਫ਼ਾਂ ਝੱਲ ਕੇ ਸਾਡੇ ਹੱਕਾਂ ਲਈ ਲੜ ਰਹੇ ਨੇ ਤਾਂ ਇਹੋ ਜਿਹੇ ਵਿਚ ਸਾਨੂੰ ਵੀ ਉੱਥੇ ਪਹੁੰਚ ਕੇ ਆਪਣੀ ਕੌਮ ਨਾਲ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਕਰਨ ਦਾ ਵੇਲਾ ਹੈ। ਬਾਕੀ ਪਰਿਵਾਰਿਕ ਮੈਂਬਰਾਂ ਦਾ ਵੀ ਮੇਰੇ ਵਾਲਾ ਹੀ ਹਾਲ ਸੀ। ਪਾਪਾ ਤਾਂ ਲੰਮੇ ਸਮੇਂ ਤੋਂ ਕਿਸਾਨ ਜਥੇਬੰਦੀਆਂ ਨਾਲ ਜੁੜੇ ਹੋਏ ਸੀ ਤੇ ਅਖ਼ਬਾਰਾਂ 'ਚ ਕਿਸਾਨਾਂ ਮਜ਼ਦੂਰਾਂ ਦੇ ਹੱਕ ਵਿਚ ਲਿਖਦੇ ਆ ਰਹੇ ਸਨ।

ਸੋਚ ਵਿਚਾਰ ਤੋਂ ਬਾਦ ਮੇਰਾ ਤੇ ਪਾਪਾ ਦਾ ਦਿੱਲੀ ਜਾਣ ਦਾ ਫ਼ੈਸਲਾ ਹੋਇਆ। ਕਿਉਂਕਿ ਛੋਟੀ ਕਾਲਜ ਵਿਚ ਪੜਦੀ ਭੈਣ ਸੀਰਤ ਤਾਂ ਮੇਰੇ ਤੋਂ ਵੀ ਪਹਿਲਾਂ ਤਿਆਰ ਸੀ ਪਰ ਉਸਨੂੰ ਮੰਮੀ ਦੀ ਸਿਹਤ ਨੂੰ ਧਿਆਨ 'ਚ ਰੱਖਦਿਆਂ ਘਰ ਛੱਡਿਆ ਗਿਆ। ਸ਼ੁਰੂ 'ਚ ਪਾਪਾ ਇਕ ਧੀ ਦੇ ਬਾਪ ਵਜੋਂ ਉੱਥੇ ਰਹਿਣ ਦੇ ਮਸਲੇ ਕਰਕੇ ਮੇਰੇ ਜਾਣ ਲਈ ਸਹਿਮਤ ਨਹੀਂ ਸਨ। ਪਰ ਮੈਂ ਆਖਿਆ, 'ਜੇ ਸਾਰੇ ਕਿਸਾਨ ਧੀਆਂ ਪੁੱਤਾਂ ਨੂੰ ਘਰ ਛੱਡ ਜਾਂਦੇ ਤਾਂ ਅੰਦੋਲਨ ਏਨਾ ਵੱਡਾ ਕਿਵੇਂ ਬਣਦਾ।' ਪਾਪਾ ਮੰਨ ਗਏ। ਮੈਂ ਐਡਵੋਕੇਟ ਸਿਮਰਨਜੀਤ ਕੌਰ ਗਿੱਲ (ਸਿੰਮੀ ਦੀਦੀ) ਹੋਰਾਂ ਨਾਲ ਸੰਪਰਕ ਕੀਤਾ, ਜੋ ਪੰਜਾਬ, ਹਰਿਆਣਾ ਹਾਈਕੋਰਟ ਵਿਚ ਵਕੀਲ ਹੋਣ ਦੇ ਨਾਲ ਨਾਲ 'ਬਚਪਨ ਬਚਾਓ ਮੁਹਿੰਮ', ਕਿਸਾਨੀ ਅਤੇ ਹੋਰ ਬਹੁਤ ਸਾਰੀਆਂ ਸਮਾਜਕ ਗਤੀਵਿਧੀਆਂ 'ਚ ਸਰਗਰਮ ਸੀ ਤੇ ਕਿਸਾਨ ਅੰਦੋਲਨ ਦੇ ਸ਼ੁਰੂਆਤੀ ਦਿਨਾ ਤੋਂ ਹੀ ਅਹਿਮ ਭੂਮਿਕਾ ਨਿਭਾ ਰਹੇ ਸਨ। ਅਸੀਂ ਪਿਛਲੇ ਇਕ ਡੇਢ ਸਾਲ ਤੋਂ ਸੋਸ਼ਲ ਮੀਡੀਆ ਤੇ ਇਕ ਦੂਸਰੇ ਦੇ ਸੰਪਰਕ ਵਿਚ ਆਏ ਸੀ। ਦੀਦੀ ਨੇ ਮੇਰੇ ਮੋਰਚੇ 'ਚ ਰਿਹਾਇਸ਼ ਦੀ ਜ਼ਿੰਮੇਵਾਰੀ ਲੈਂਦਿਆਂ ਮੈਨੂੰ ਆਉਣ ਦੀ ਹੱਲਾਸ਼ੇਰੀ ਦਿੱਤੀ।

ਅਗਲੇ ਦਿਨ ਮੈਂ, ਪਾਪਾ ਅਤੇ ਪਾਪਾ ਦੇ ਲੁਧਿਆਣੇ ਤੋਂ ਦੋਸਤ ਗੁਰਚਰਨ ਸਿੰਘ ਦੂਹਲ ਸ਼ਾਮੀ ਛੇ ਕੁ ਵਜੇ ਕੁੰਡਲੀ ਬਾਰਡਰ ਲਾਗੇ ਪਹੁੰਚ ਗਏ। ਹਨੇਰਾ ਸੀ। ਰੂਟ ਦਾ ਭੁਲੇਖਾ ਜਿਹਾ ਕਰਕੇ ਅਸੀਂ ਪੁਲਿਸ ਵਾਲਿਆਂ ਨੂੰ ਰਸਤਾ ਪੁੱਛਿਆ। ਕਹਿੰਦਾ,'ਸੀਧੇ ਚਲੇ ਜਾਓ, ਕੋਈ ਨਹੀਂ ਰੋਕੇਗਾ।' ਬਦਲੇ ਵਤੀਰੇ ਤੋਂ ਅਸੀਂ ਹੈਰਾਨ ਤੇ ਖ਼ੁਸ਼ ਹੋਏ।

ਮੈਂ ਕੁੰਡਲੀ ਬਾਰਡਰ ਸਿੰਮੀ ਦੀਦੀ ਕੋਲ ਉੱਤਰ ਗਈ। ਪਾਪਾ ਹੋਰੀਂ ਅੱਗੇ ਆਪਣੇ ਦੋਸਤਾਂ ਕੋਲ ਚਲੇ ਗਏ। ਸਿੰਮੀ ਦੀਦੀ ਨੇ ਮੈਨੂੰ ਵੱਡੀ ਭੈਣ ਵਾਂਗ ਗਲ਼ ਨਾਲ ਲਾਇਆ ਤੇ ਰਹਿਣ ਦੇ ਟਿਕਾਣੇ ਲੈ ਗਏ ਜੋ ਕਿ ਸ਼ਾਪਿੰਗ ਮਾਲ ਦੇ ਅੰਦਰ ਇਕ ਕੈਂਪਿੰਗ ਟੈਂਟ ਸੀ। ਦੀਦੀ ਨੇ ਦੱਸਿਆ ਕਿ ਬਹੁਤ ਸਾਰੇ ਲੋਕਾਂ ਨੇ ਆਪਣੇ ਫਲੈਟ ਫ੍ਰੀ ਖੋਲ ਦਿੱਤੇ ਹਨ। ਆਸ ਪਾਸ ਦੇ ਲੋਕ ਬਹੁਤ ਸਹਿਯੋਗ ਕਰਕੇ ਅੰਦੋਲਨ ਵਿਚ ਹਿੱਸਾ ਪਾ ਰਹੇ ਹਨ। ਸਮਾਨ ਟਿਕਾਉਣ ਤੋਂ ਬਾਅਦ ਦੀਦੀ ਮੈਨੂੰ ਮਾਲ ਦੇ ਬਾਹਰ ਬੈਠੀਆਂ ਬੀਬੀਆਂ ਕੋਲ ਲੰਗਰ ਛਕਾਉਣ ਲਈ ਲੈ ਗਏ, ਜਿਨਾਂ ਦਾ ਰੈਣ ਬਸੇਰਾ ਇਕ ਟਰਾਲੀ ਸੀ। ਬੀਬੀਆਂ ਬਹੁਤ ਖ਼ੁਸ਼ ਹੋਈਆਂ, ਮੈਨੂੰ ਆਉਣ ਤੇ ਵਧਾਈ ਦਿੱਤੀ, ਇਕ ਬੀਬੀ ਨੇ ਆਪਣੀ ਪੀੜੀ ਮੈਨੂੰ ਬੈਠਣ ਲਈ ਦਿੱਤੀ ਅਤੇ ਦੂਜੇ ਛੇਤੀ ਨਾਲ ਥਾਲ਼ੀ ਚੁੱਕ ਕੇ ਪ੍ਰਸ਼ਾਦਾ ਲੈਣ ਚਲੇ ਗਏ। ਬੜੇ ਪਿਆਰ ਨਾਲ ਮੈਨੂੰ ਲੰਗਰ ਛਕਾਇਆ। ਸਰਦੀ ਕਰਕੇ ਰੋਟੀ ਭਾਵੇਂ ਠੰਡੀ ਹੁੰਦੀ ਜਾਂਦੀ ਸੀ ਪਰ ਉਨਾਂ ਦੇ ਮੁਹੱਬਤੀ ਨਿੱਘੇ ਵਤੀਰੇ ਕਾਰਨ ਉਹ ਰੋਟੀ ਮੈਨੂੰ ਗੁਰਦੁਆਰੇ ਦੇ ਤਾਜ਼ਾ ਸੁੱਚੇ ਸੁਆਦ ਕੜਾਹ ਪ੍ਰਸਾਦ ਵਰਗੀ ਲੱਗੀ। ਸਿੰਮੀ ਦੀਦੀ ਅਤੇ ਬੀਬੀਆਂ ਦੇ ਵਰਤਾਓ ਨੇ ਮੇਰੇ ਅੰਦਰ ਓਪਰੀ ਥਾਂ ਤੇ ਅਣਸੁਖਾਵੇਂ ਤੇ ਇਕੱਲਤਾ ਦੇ ਭਾਵ ਨੂੰ ਖ਼ਤਮ ਕਰ ਦਿੱਤਾ। ਮੈਂ ਉੱਥੇ ਬੜਾ ਸੁਰੱਖਿਅਤ ਮਹਿਸੂਸ ਕਰਨ ਲੱਗੀ।

ਮਾਲ ਅੰਦਰ 15-20 ਮੁੰਡੇ ਇਕ ਭੁੰਜੇ ਗੱਦੇ ਤੇ ਬੈਠੀ ਬਜ਼ੁਰਗ ਮਾਈ ਕੋਲ ਖੜੇ ਸਨ ਤੇ ਮਨਾ ਰਹੇ ਸਨ ਕਿ ਉਹ ਟਰਾਲੀ ਵਾਲੀਆਂ ਬੀਬੀਆਂ ਕੋਲ ਸ਼ਿਫ਼ਟ ਹੋ ਜਾਣ। ਮਾਈ ਜੀ ਸੰਗਰੂਰ ਤੋਂ ਇਕੱਲੇ ਹੀ ਆ ਗਏ ਸਨ, ਤੇ ਡੋਲੇ ਜਿਹੇ ਲਗਦੇ ਸਨ। ਪਰ ਜਦ ਮੁੰਡੇ ਮਾਵਾਂ ਵਾਂਗ ਚੁੱਕ ਕੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਗਜਾਉਂਦੇ ਲੈ ਤੁਰੇ ਤਾਂ ਮਾਂ ਜੀ ਜੋਸ਼ ਨਾਲ ਭਰ ਗਏ। ਰਸਤੇ ਵਿਚ ਨੌਜਵਾਨਾਂ ਨੇ ਇਕ ਚਲਦਾ ਇੰਟਰਵਿਊ ਰੋਕ ਕੇ ਉਨਾਂ ਦੀ ਗੱਲਬਾਤ ਪੱਤਰਕਾਰ ਨਾਲ ਕਰਾਈ। ਪੱਤਰਕਾਰ ਨੇ ਸਵਾਲ ਕੀਤਾ, 'ਬੀਬੀ, ਇਕੱਲੇ ਆਏ ਓ, ਡਰ ਨਹੀਂ ਲੱਗਦਾ? ਠੰਡ ਵੀ ਬਹੁਤ ਹੈ, ਗੋਡੇ ਨੀ ਦੁਖਦੇ? ਤਾਂ ਬੀਬੀ ਦਾ ਜਵਾਬ ਸੀ, 'ਕਾਹਦਾ ਡਰ? ਮੈਂ ਇੱਥੇ ਆਵਦੇ ਪੁੱਤ ਪੋਤਰਿਆਂ ਦੇ ਹੱਕ ਲੈਣ ਆਈ ਆਂ। ਇਕ ਅਕਾਲ ਪੁਰਖ ਨੂੰ ਛੱਡ ਕੇ ਮੈਂ ਹੋਰ ਕਿਸੇ ਤੋਂ ਨਹੀਂ ਡਰਦੀ। ਜੇ ਗੁਰੂ ਅਰਜਨ ਦੇਵ ਪਾਤਸ਼ਾਹ ਹੱਕਾਂ ਖ਼ਾਤਰ ਤੱਤੀ ਤਵੀ ਤੇ ਬਹਿ ਸਕਦੇ ਨੇ ਤਾਂ ਮੈਂ ਭੋਰਾ ਠੰਡ 'ਚ ਕਿਉਂ ਨਹੀਂ ਬਹਿ ਸਕਦੀ। ਕੋਈ ਗੋਡੇ ਨੀ ਦੁਖਦੇ, ਮੈਂ ਚੜਦੀ ਕਲਾ 'ਚ ਹਾਂ।' ਮਾਈ ਬੀਬੀ ਦਾ ਦਲੇਰ ਜਵਾਬ ਸੁਣ ਕੇ ਮੈਂ ਸਮਝ ਗਈ ਕਿ ਇਸ ਮੋਰਚੇ ਤੇ ਘਰੋਂ 500 ਮੀਲ ਚੱਲ ਕੇ ਆਇਆ ਕੋਈ ਵੀ ਇਨਸਾਨ ਸਧਾਰਨ ਮਨੁੱਖ ਨਹੀਂ ਹੈ। ਇਹ ਤਾਂ ਸ਼ਹੀਦਾਂ ਦੇ ਵਾਰਿਸ ਨੇ ਜੋ ਸੱਚ ਦੀ ਖ਼ਾਤਰ ਲੋਕਾਂ ਲਈ ਸਿਰ ਧੜ ਦੀ ਬਾਜੀ ਲਾਉਣ ਨੂੰ ਤਿਆਰ ਬੈਠੇ ਨੇ।

ਦੂਸਰਾ ਮੰਜ਼ਰ ਜਿਸ ਨੇ ਮੈਨੂੰ ਬਹੁਤ ਹੈਰਾਨ ਕੀਤਾ, ਪੰਜਾਬੀ ਤੇ ਹਰਿਆਣਵੀ ਮੁੰਡਿਆਂ ਦਾ ਵਤੀਰਾ ਸੀ। ਜਿਹੜੇ ਕਿਸੇ ਕੁੜੀ ਨੂੰ ਤੁਰੀ ਆਉਂਦੀ ਵੇਖ ਕੇ ਨਜ਼ਰਾਂ ਝੁਕਾ ਲੈਂਦੇ ਸੀ ਤੇ ਚਾਰ ਚਾਰ ਕਦਮ ਪਿੱਛੇ ਹਟ ਜਾਂਦੇ ਸੀ। ਭੈਣੇ ਭੈਣੇ ਕਹਿ ਕੇ ਸੰਬੋਧਨ ਕਰ ਰਹੇ ਸੀ। ਜਿੱਥੇ ਮੇਰੇ ਵਰਗੀਆਂ ਕੁੜੀਆਂ ਕਈ ਵਾਰ ਇਕੱਠ ਵਾਲੀਆਂ ਥਾਵਾਂ ਤੇ ਸਿਰਫ਼ ਇਸ ਕਰਕੇ ਜਾਣ ਤੋਂ ਪਰਹੇਜ਼ ਕਰਦੀਆਂ ਕਿ ਉੱਥੇ ਐਵੇਂ ਭੂਤਰੀ ਮੰਡੀਰ ਕੋਈ ਗ਼ਲਤ ਕਮੈਂਟ ਪਾਸ ਕਰੂ, ਜਾਂ ਕੋਈ ਹੋਰ ਮਾੜਾ ਤਜ਼ਰਬਾ ਹੋਊ। ਉਹਦੇ ਬਿਲਕੁਲ ਉਲਟ ਇੱਥੇ ਸਗੋਂ ਜਿੱਥੇ ਚਾਰ ਮੁੰਡੇ ਖੜੇ ਹੁੰਦੇ, ਮੈਂ ਵੱਧ ਸੁਰੱਖਿਅਤ ਮਹਿਸੂਸ ਕਰਦੀ। ਪਿਛਲੇ ਸਮੇਂ 'ਚ ਪੰਜਾਬੀਆਂ ਬਾਰੇ ਬੜਾ ਕੁਛ ਮਾੜਾ ਵੀ ਸੁਣਨ ਨੂੰ ਮਿਲਦਾ ਰਿਹਾ। ਪਰ ਇੱਥੇ ਜਿਹੜੀ ਵੱਡੀ ਖ਼ੂਬੀ ਨੋਟ ਕੀਤੀ ਉਹ ਸੀ ਇਮਾਨਦਾਰੀ ਤੇ ਅਨੁਸ਼ਾਸਨ। ਮੇਰਾ ਫ਼ੋਨ ਅੱਡ ਅੱਡ ਟਰਾਲੀਆਂ 'ਚ ਚਾਰਜ ਹੁੰਦਾ ਰਿਹਾ।

ਰਾਤੀਂ ਸਾਰੇ ਅੱਗ ਦੀ ਧੂਣੀ ਦੁਆਲੇ ਬਹਿ ਕੇ ਅੰਦੋਲਨ ਦੀਆਂ ਗਤੀਵਿਧੀਆਂ ਵਿਚਾਰਨ ਲੱਗੇ। ਕਈ ਸਾਥੀਆਂ ਨੇ ਮੋਦੀ ਸਰਕਾਰ ਤੇ ਕਿਸਾਨੀ ਦੇ ਵਿਸ਼ੇ ਉੱਤੇ ਜੋ ਕਵਿਤਾਵਾਂ, ਸ਼ਿਅਰ, ਵਿਚਾਰ ਲਿਖੇ ਸੀ, ਜਿਨਾਂ 'ਚ ਕਈ ਸਰਕਾਰ ਨੂੰ ਵੰਗਾਰਨ ਵਾਲੇ, ਕਈ ਸ਼ਰਮਸਾਰ ਕਰਨ ਵਾਲੇ ਤੇ ਕਈ ਟਿੱਚਰਾਂ ਕਰਨ ਵਾਲੇ ਸੀ, ਸੁਣਾਉਣੇ ਸ਼ੁਰੂ ਕੀਤੇ। ਮੈਂ ਵੀ ਉਸ ਸੰਗਰਾਮੀ ਮਹੌਲ ਵਿਚ ਢੁੱਕਦਾ ਸੰਤ ਰਾਮ ਉਦਾਸੀ ਹੋਰਾਂ ਦਾ ਗੀਤ 'ਤੂੰ ਮਘਦਾ ਰਈਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਸੁਣਾਇਆ ਜੋ ਸਾਰਿਆਂ ਨੇ ਬਹੁਤ ਪਸੰਦ ਕੀਤਾ। ਇਕ ਵੀਰ ਮਨਪ੍ਰੀਤ ਸਿੰਘ ਨੇ ਇਕ ਪਿੰਨੀ ਮੇਰੇ ਹੱਥ ਤੇ ਰੱਖਦਿਆਂ ਕਿਹਾ, ਭੈਣੇ ਤੇਰੀ ਆਵਾਜ਼ ਕਾਇਨਾਤ ਨੂੰ ਸ਼ਾਂਤ ਕਰ ਦੇਣ ਵਾਲੀ ਹੈ। ਇਸ ਵੇਲੇ ਮੇਰੇ ਕੋਲ ਤੈਨੂੰ ਦੇਣ ਲਈ ਹੋਰ ਕੁਛ ਤਾਂ ਹੈ ਨਹੀਂ, ਤੂੰ ਮੇਰੇ ਵੱਲੋਂ ਇਹ ਲੱਡੂ ਤੋਹਫ਼ਾ ਸਮਝ ਕੇ ਰੱਖ ਲੈ।' ਮੈਂ ਸੋਚਣ ਲੱਗੀ ਕਿ ਇਸ ਅੰਦੋਲਨ ਨੇ ਸਾਡਾ ਉਹੀ ਵਿਰਸਾ ਜਗਾ ਦਿੱਤਾ ਹੈ, ਜਿਸ ਤੇ ਅਸੀਂ ਮਾਣ ਕਰਦੇ ਆਏ ਹਾਂ। ਵਰਨਾ ਪੰਜਾਬੀ ਵਿਰਾਸਤ ਉੱਤੇ ਖ਼ਤਰੇ ਦੇ ਬੱਦਲ ਤਾਂ ਅਸੀਂ ਪਿਛਲੇ ਕੁਝ ਸਾਲਾਂ ਤੋਂ ਮਹਿਸੂਸ ਕਰ ਹੀ ਰਹੇ ਹਾਂ। ਰਾਤ ਨੂੰ ਨੌਜਵਾਨ ਪਹਿਰਾ ਦੇਂਦੇ ਕਿ ਕੋਈ ਸ਼ਰਾਰਤੀ ਅਨਸਰ ਹਰਕਤ ਕਰਕੇ ਸੰਘਰਸ਼ ਨੂੰ ਬਦਨਾਮ ਨਾ ਕਰ ਜਾਵੇ।

ਸਵੇਰੇ ਮੈਂ ਚਾਹ ਲੈਣ ਗਈ ਤਾਂ ਇਕ ਨੌਜਵਾਨ ਆਪ ਚਾਹ ਲਿਆ ਕੇ ਦਿੱਤੀ ਤਾਂ ਕਿ ਭੀੜ 'ਚ ਨਾ ਵੜਾਂ। ਹਰ ਚੀਜ਼ ਵਾਧੂ ਵਰਤਾਈ ਜਾ ਰਹੀ ਸੀ ਪਰ ਵੇਸਟੇਜ ਕੋਈ ਨਹੀਂ। ਕਿਤੇ ਕੋਈ ਗੰਦ ਨਹੀਂ। ਇਹ ਲੰਗਰ ਪ੍ਰਥਾ ਦੀ ਸਮਝ ਤੇ ਸਤਿਕਾਰ ਸੀ। ਬੀਬੀਆਂ ਨੇ ਵਾਜ ਮਾਰ ਕੇ ਸਾਨੂੰ ਮੇਥੀ ਦੇ ਪਰੌਂਠੇ ਖਵਾਏ। ਇਕ ਬੀਬੀ ਨੇ ਦਹੀਂ ਦਾ ਭਰਿਆ ਗਲਾਸ ਮੈਨੂੰ ਦਿੱਤਾ, ਮੈਂ ਘੱਟ ਕਰਨ ਲਈ ਆਖਿਆ ਤਾਂ ਕਹਿੰਦੇ , 'ਪੁੱਤ ਖਾ ਲੈ, ਇੰਜ ਨੀ ਮੋਦੀ ਨਾਲ ਲੜਿਆ ਜਾਣਾ।'

ਸ਼ਾਮੀ ਨੌਜਵਾਨਾਂ ਨੇ ਕਿਲੋਮੀਟਰ ਲੰਮਾ ਪੈਦਲ ਮਾਰਚ ਕੱਢਿਆ। ਵੀਰ ਹਰਜੋਤ ਤੇ ਹਰਮਿਲਾਪ ਸ਼ੁਗਲ ਕਰ ਰਹੇ ਸਨ ਕਿ ਯਾਰ ਕਿਤੇ ਚਾਰ ਡਾਂਗਾਂ ਪੈ ਜਾਂਦੀਆਂ ਤੇ ਆਪਣਾ ਵੀ ਇਤਿਹਾਸ 'ਚ ਨਾਮ ਆ ਜਾਂਦਾ। ਮੈਂ ਸੋਚਾਂ ਕਿ ਜਿਸ ਕੌਮ ਕੋਲ ਅਜਿਹੇ ਬੁਲੰਦ ਹੌਂਸਲਿਆਂ ਵਾਲੇ ਗੱਭਰੂ ਹੋਣ, ਉਸ ਕੋਲੋਂ ਜ਼ਮੀਨਾਂ ਕੌਣ ਖੋਹ ਸਕਦਾ?

ਪੰਜਾਬ ਤੋਂ ਆ ਰਹੀਆਂ ਟਰਾਲੀਆਂ ਵੇਖਣ ਦਾ ਨਜ਼ਾਰਾ ਇੰਜ ਸੀ ਕਿ ਅੱਗੇ ਇਕ ਨੇ ਸਿਹਰੇ ਲਾਏ ਤੇ ਮਗਰਲਿਆਂ ਬੈਨਰ ਫੜੇ 'ਦਿੱਲੀ ਵਿਆਹੁਣ ਚੱਲਿਆ।' ਕਈਆਂ ਦੇ ਹੱਥਾਂ 'ਚ ਬੈਨਰ ਸਨ "ਪੇਚਾ ਪੈ ਗਿਆ ਸੈਂਟਰ ਨਾਲ', 'ਮਸਲਾ ਕਣਕ ਨਹੀਂ ਅਣਖ ਦਾ ਹੈ', 'ਦਿੱਲੀਏ ਤੇਰੇ ਕੰਮ ਨਿਕੰਮੇ, ਫੇਰ ਕਹੇਂਗੀ ਬਾਗ਼ੀ ਜੰਮੇ।' ਸ਼ਾਮ ਨੂੰ ਸਾਡੇ ਮਾਰਚ ਵਿਚ ਨਾਹਰੇ ਗੂੰਜ ਰਹੇ ਸਨ, 'ਇਨਕਲਾਬ ਜ਼ਿੰਦਾਬਾਦ', 'ਇੱਕੀ ਦੁੱਕੀ ਚੱਕ ਦਿਆਂਗੇ, ਧੌਣ ਤੇ ਗੋਡਾ ਰੱਖ ਦਿਆਂਗੇ', 'ਡਰਦੇ ਨਹੀਂ ਤੇਰੀ ਘੁਰਕੀ ਤੋਂ, ਖਿੱਚ ਲਵਾਂਗੇ ਕੁਰਸੀ ਤੋਂ", 'ਬੱਚਾ ਬੱਚਾ ਝੋਕ ਦਿਆਂਗੇ, ਜ਼ਮੀਨ ਤੇ ਕਬਜ਼ਾ ਰੋਕ ਦਿਆਂਗੇ', 'ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ'।

ਮਾਰਚ 'ਚ ਅਸਾਂ ਵੇਖਿਆ ਕਿ ਲੋਕ ਲਾਈਵ ਵੀਡੀਓ ਦੂਰ ਬੈਠੇ ਆਪਣਿਆਂ ਨੂੰ ਵਿਖਾ ਰਹੇ ਸਨ। ਵਾਪਸੀ ਤੇ ਇਕ ਜਗਾ ਮੁਸਲਿਮ ਵੀਰਾਂ ਨੇ ਲੰਗਰ ਲਾਇਆ ਹੋਇਆ ਸੀ। ਇਕ ਵੀਰ ਹੱਥ ਜੋੜ ਕੇ ਜ਼ੋਰ ਦੇ ਕੇ ਕਹਿਣ ਲੱਗਾ, 'ਦੀਦੀ ਮੀਠੇ ਔਰ ਨਮਕ ਵਾਲੇ ਚਾਵਲ ਬਹੁਤ ਸਵਾਦ ਬਨੇ ਹੈਂ, ਥੋੜੇ ਸੇ ਖਾ ਕੇ ਦੇਖੋ'। ਇਸ ਵੀਰ ਦੇ ਪਿਆਰ ਸਤਿਕਾਰ ਭਰੇ ਲਹਿਜ਼ੇ ਨੇ ਮੈਨੂੰ ਭਾਵੁਕ ਕਰ ਦਿੱਤਾ। ਮੇਰੀਆਂ ਅੱਖਾਂ ਅੱਗੇ ਉਹ ਸਾਰੀ ਫ਼ਿਲਮ ਘੁੰਮਣ ਲੱਗੀ, ਜੋ ਸਾਡੇ ਮਨਾ ਵਿਚ ਇਹਨਾਂ ਖ਼ਿਲਾਫ਼ ਜ਼ਹਿਰ ਭਰਨ ਲਈ ਯੋਜਨਾਬੱਧ ਢੰਗ ਨਾਲ ਰੋਜ਼ਾਨਾ ਖ਼ਬਰਾਂ ਦੇ ਚੈਨਲਾਂ ਉੱਪਰ ਕਈ ਸਾਲਾਂ ਤੋਂ ਚਲਾਈ ਜਾ ਰਹੀ ਹੈ। ਮੈਂ ਮਹਿਸੂਸ ਕੀਤਾ ਕਿ ਇਸ ਅੰਦੋਲਨ ਨੇ ਭਾਈਚਾਰੇ ਨੂੰ ਲਾਂਬੂ ਲਾ ਕੇ ਉੱਤੇ ਸਿਆਸਤ ਦੀਆਂ ਰੋਟੀਆਂ ਸੇਕਣ ਦੀ ਸਾਜ਼ਿਸ਼ ਨੂੰ ਢਾਲ ਬਣ ਕੇ ਰੋਕ ਲਿਆ ਹੈ। ਸਭ ਜਾਤਾਂ ਧਰਮਾਂ ਸੂਬੇ ਬੋਲੀਆਂ ਦਾ ਸਾਂਝਾ ਅਸਲੀ ਹਿੰਦੁਸਤਾਨ ਵੱਸ ਗਿਆ ਹੈ। ਬਾਬੇ ਨਾਨਕ ਦੀ ਰੂਹ ਦਾ ਪ੍ਰਤਾਪ ਹਰ ਪਾਸੇ ਨਜ਼ਰ ਆਇਆ। ਨਿੱਜ ਸਵਾਰਥ ਤੋਂ ਉੱਤੇ ਉੱਠ ਕੇ ਦੂਜੇ ਲਈ ਕੁਛ ਕਰ ਗੁਜ਼ਰਨ ਦਾ ਵਰਤਾਰਾ ਵਰਤ ਗਿਆ ਦਿਸਿਆ। ਇਸਦੀ ਇਕ ਮਿਸਾਲ ਆਟੋ ਡਰਾਈਵਰ ਵੀ ਵੇਖਿਆ, ਜਿਸ ਨੇ ਇਹ ਜਾਣਨ ਤੋਂ ਬਾਦ ਕਿ ਮੈਂ ਅੰਦੋਲਨ ਵਿਚ ਆਈ ਹਾਂ, ਮੇਰੇ ਕੋਲੋਂ ਪੈਸੇ ਨਾ ਲਏ ਤੇ ਕਹਿਣ ਲੱਗਾ, 'ਆਪ ਸਭ ਲੋਗ ਪਤਾ ਨਹੀਂ ਕਿਸ ਮਜਬੂਰੀ ਮੇਂ ਘਰ ਬਾਰ ਛੋੜ ਕਰ ਠੰਡ ਮੇਂ ਬੈਠੇ ਹੋ, ਪੈਸੇ ਰਹਿਣ ਦੋ ਆਪ।' ਹਰ ਬੰਦਾ ਆਪਣੀ ਹੈਸੀਅਤ ਮੁਤਾਬਕ ਆਪਣਾ ਯੋਗਦਾਨ ਪਾ ਰਿਹਾ ਸੀ। ਇਹ ਵੇਖਣਾ ਹੈਰਾਨੀ ਤੇ ਸਕੂਨ ਦੇਣ ਵਾਲਾ ਸੀ।

ਸਿੰਘੂ ਬਾਰਡਰ ਪਹੁੰਚ ਕੇ ਕਨੂ ਪ੍ਰਿਯਾ ਨਾਲ ਮੁਲਾਕਾਤ ਹੋਈ, ਜੋ ਪੰਜਾਬ ਯੂਨੀਵਰਸਿਟੀ ਦੀ ਪਹਿਲੀ ਚੁਣੀ ਮਹਿਲਾ ਪ੍ਰਧਾਨ ਹੈ , ਬਹੁਤ ਮਿਲਣਸਾਰ। ਅਗਲੀ ਰਾਤ ਮੈਂ ਉਨਾਂ ਨਾਲ ਰਹੀ। ਪਾਪਾ ਨੂੰ ਵੀ ਮਿਲਾਇਆ। ਪਾਪਾ ਨੇ ਉਨਾਂ ਨੂੰ ਆਪਣੀ ਕਿਤਾਬ 'ਸਾਡੇ ਸਮਿਆਂ ਦੀ ਰਾਜਨੀਤੀ' ਵੀ ਦਿੱਤੀ ਤੇ ਸ਼ਾਬਾਸ਼ ਵੀ। ਕਨੂੰ ਪ੍ਰਿਯਾ ਅੰਦੋਲਨ ਦੇ ਸ਼ੁਰੂਆਤੀ ਦਿਨਾ ਤੋਂ ਹੀ ਐਕਟਿਵ ਭੂਮਿਕਾ ਨਿਭਾ ਰਹੇ ਹਨ। ਰਾਤੀਂ ਅਸੀਂ ਦੋ ਤਿੰਨ ਘੰਟੇ ਅੰਦੋਲਨ ਦੀ ਵਿਚਾਰਧਾਰਾ ਅਤੇ ਗਤੀਵਿਧੀਆਂ ਬਾਰੇ ਵਿਚਾਰ ਸਾਂਝੇ ਕੀਤੇ।

ਅੰਦੋਲਨ 'ਚ ਜੋਸ਼ ਭਰਨ ਦਾ ਸਿਹਰਾ ਮਨੋਹਰ ਲਾਲ ਖੱਟਰ ਨੂੰ ਵੀ ਜਾਂਦਾ। ਜਿੰਨੇ ਰਸਤੇ ਰੋਕ ਕੇ, ਪੁੱਟ ਕੇ, ਪਾਣੀ ਦੀਆਂ ਬੁਛਾੜਾਂ ਮਾਰ ਕੇ ਪੰਜਾਬੀਆਂ ਦੀ ਅਣਖ ਨੂੰ ਵੰਗਾਰਿਆ ਕਿ 'ਮੈਂ ਹਰਿਆਣੇ ਵਿਚੋਂ ਲੰਘਣ ਨਹੀਂ ਦਿਆਂਗਾ।' ਪੰਜਾਬੀਆਂ ਨੇ ਇਸਨੂੰ 'ਪੱਗ ਨੂੰ ਹੱਥ ਪੈਣ' ਵਾਂਗ ਅਣਖ ਦਾ ਮੁੱਦਾ ਬਣਾ ਲਿਆ। ਓਧਰ ਜਦੋਂ ਹਰਿਆਣੇ ਦੇ ਕਿਸਾਨਾਂ ਉੱਤੇ ਲਾਠੀਚਾਰਜ ਦੇ ਵਿਰੋਧ 'ਚ ਪੰਜਾਬ ਦੇ ਕਿਸਾਨਾਂ ਨੇ ਹਾਅ ਦਾ ਨਾਹਰਾ ਮਾਰਦਿਆਂ ਪੰਜਾਬ ਬੰਦ ਕੀਤਾ ਸੀ ਤਾਂ ਪੰਜਾਬ ਹਰਿਆਣਾ ਏਕਤਾ ਜ਼ਿੰਦਾਬਾਦ ਦੇ ਨਾਹਰੇ ਗੂੰਜਣ ਲੱਗੇ। ਹਰਿਆਣੇ ਦਾ ਬੇਮਿਸਾਲ ਸਾਥ ਅੰਦੋਲਨ ਦੀ ਵਿਸ਼ਾਲਤਾ ਮਜ਼ਬੂਤੀ ਦਾ ਕਾਰਨ ਬਣਿਆਂ। ਖੱਟਰ ਦੇ ਜਬਰ ਨੇ 'ਮੋਦੀ ਅਮਿਤ ਸ਼ਾਹ ਮੁਰਦਾਬਾਦ' ਦੇ ਨਾਹਰਿਆਂ ਨੂੰ 'ਮੋਦੀ ਖੱਟਰ ਮੁਰਦਾਬਾਦ' ਅਤੇ 'ਛੜਿਆਂ ਦੀ ਸਰਕਾਰ ਮੁਰਦਾਬਾਦ' ਦੇ ਨਾਹਰਿਆਂ ਵਿਚ ਤਬਦੀਲ ਕਰ ਦਿੱਤਾ।

ਉੱਥੇ ਲੋਕ ਸੁਚੇਤ ਸਨ ਕਿ ਕਿਵੇਂ ਸਰਕਾਰ ਸਾਡੇ ਸਾਂਝੇ ਤੇ ਸ਼ਾਂਤਮਈ ਸੰਘਰਸ਼ ਨੂੰ ਬਦਨਾਮ ਤੇ ਫ਼ੇਲ ਕਰਨ ਲਈ 'ਅੱਤਵਾਦੀ' ਤੇ ਹੋਰ ਪਤਾ ਨਹੀਂ ਕੀ ਕੀ ਨਾਮ ਦੇ ਕੇ ਕੂੜ ਪ੍ਰਚਾਰ ਕਰ ਰਹੀ ਹੈ। ਅਸੀਂ ਚੁਕੰਨੇ ਰਹਿਣਾ।

ਇਸ ਅੰਦੋਲਨ ਨੇ ਮੁਲਕ ਦੀ ਨੌਜਵਾਨੀ ਨੂੰ ਸੇਧ ਦੇਣ ਅਤੇ ਮਰਦੀ ਜਾ ਰਹੀ ਅਣਖ ਨੂੰ ਮੁੜ ਜਗਾਉਣ ਦਾ ਇਤਿਹਾਸਕ

**ਬਾਕੀ ਸਫ਼ਾ 23 'ਤੇ**

# ਮੋਦੀ ਸਰਕਾਰ ਕਿਸਾਨੀ ਮਸਲਾ ਹਲ ਕਰਨ ਦੇ ਮੂਡ ਵਿਚ ਨਹੀਂ

## ✪ ਜਿਆਣੀ ਤੇ ਗਰੇਵਾਲ ਦੀ ਪ੍ਰਧਾਨ ਮੰਤਰੀ ਨਾਲ ਕੀਤੀ ਮੁਲਾਕਾਤ ਬਾਅਦ ਮਿਲੇ ਸੰਕੇਤ ✪ ਜਿਆਣੀ ਨੇ ਕਿਹਾ ਕਿ ਕਾਮਰੇਡ ਮਸਲੇ ਹੱਲ ਨਹੀਂ ਹੋਣ ਦੇਣਾ ਚਾਹੁੰਦੇ ✪ ਬਾਬਾ ਸਾਹਿਬ ਅੰਬੇਡਕਰ ਦੀ ਚਿਤਾਵਨੀ ਨੂੰ ਮੋਦੀ ਸਰਕਾਰ ਯਾਦ ਰਖੇ

**- ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

ਖੇਤੀ ਕਾਨੂੰਨਾਂ ਵਿਰੁੱਧ ਪਿਛਲੇ ਛੇ ਹਫਤਿਆਂ ਤੋਂ ਦਿੱਲੀ ਦੀਆਂ ਸਰਹੱਦਾਂ ’ਤੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਅੰਦੋਲਨ ਦੌਰਾਨ ਹੁਣੇ ਜਿਹੇ ਪੰਜਾਬ ਦੇ ਭਾਜਪਾ ਨੇਤਾਵਾਂ ਸੁਰਜੀਤ ਕੁਮਾਰ ਜਿਆਣੀ ਅਤੇ ਹਰਜੀਤ ਸਿੰਘ ਗਰੇਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਦੀ ਰਿਹਾਇਸ ’ਤੇ ਮੁਲਾਕਾਤ ਕੀਤੀ। ਜਿਆਣੀ ਪਿਛਲੇ ਸਾਲ ਪੰਜਾਬ ਵਿੱਚ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਭਾਜਪਾ ਦੀ ਕਿਸਾਨ ਤਾਲਮੇਲ ਕਮੇਟੀ ਦੀ ਪ੍ਰਧਾਨਗੀ ਕਰ ਰਹੇ ਸਨ। ਹਰਜੀਤ ਗਰੇਵਾਲ ਕਮੇਟੀ ਦੇ ਮੈਂਬਰ ਸਨ। ਗਰੇਵਾਲ ਨੇ ਕਿਹਾ ਕਿ ਪੰਜਾਬ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕੀਤੀ ਹੈ ਪਰ ਉਨ੍ਹਾਂ ਹੋਰ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ। ਪੰਜਾਬ ਦੇ ਭਾਜਪਾ ਆਗੂਆਂ ਦੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਉਸ ਸਮੇਂ ਹੋਈ ਹੈ ਜਦੋਂ ਇਕ ਦਿਨ ਪਹਿਲਾਂ ਸਰਕਾਰ ਅਤੇ ਅੰਦੋਲਨਕਾਰੀ ਕਿਸਾਨਾਂ ਵਿਚ ਗੱਲਬਾਤ ਬੇਸਿੱਟਾ ਰਹੀ ਸੀ। ਜੇਕਰ ਹੁਣ ਤਕ ਹੋਈਆਂ ਕਿਸਾਨਾਂ ਤੇ ਸਰਕਾਰ ਦਰਮਿਆਨ ਮੁਲਾਕਾਤਾਂ ਵਲ ਝਾਤ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ ਸਰਕਾਰ ਸਾਰਾ ਮਾਮਲਾ ਲਟਕਾ ਰਹੀ ਹੈ।ਸਟੇਟ ਦਾ ਸੁਭਾਅ ਸਿਰਫ ਕਿਸਾਨ ਨੇਤਾ ਜਥੇਦਾਰ ਗੁਰਨਾਮ ਸਿੰਘ ਚੜੂਨੀ ਨੇ ਸਮਝਿਆ ਹੈ। ਉਹਨਾਂ ਦਾ ਮੰਨਣਾ ਹੈ ਕਿ ਸਰਕਾਰ ਮਸਲੇ ਨੂੰ ਲਟਕਾ ਰਹੀ ਹੈ ਤੇ ਹਲ ਕਰਨ ਲਈ ਸੁਹਿਰਦ ਨਹੀਂ ਜਾਪਦੀ। ਜੇਕਰ ਧਰਮ ਯੁਧ ਮੋਰਚੇ ਦੌਰਾਨ ਇੰਦਰਾ ਗਾਂਧੀ ਵੇਲੇ ਸਟੇਟ ਦਾ ਸੁਭਾਅ ਤੇ ਕਿਰਦਾਰ ਸਮਝਿਆ ਜਾਵੇ ਤਾਂ ਭਿੰਨਤਾ ਨਜ਼ਰ ਨਹੀਂ ਆਵੇਗੀ। ਮੀਟਿੰਗਾਂ ਉਦੋਂ ਅਕਾਲੀ ਲੀਡਰਾਂ ਦੀਆਂ ਦਿਲੀ ਵਿਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਨਾਲ ਹੋਈਆਂ ਸਨ। ਕੁਝ ਗੁਪਤ ਹੋਈਆਂ ਵੀ ਦਸੀਆਂ ਜਾਂਦੀਆਂ ਹਨ । ਜਦ ਪ੍ਰਧਾਨ ਮੰਤਰੀ ਇੰਦਰਾ ਨੇ ਮਸਲਾ ਹਲ ਨਹੀਂ ਕਰਨਾ ਸੀ ਤਾਂ ਮਸਲਾ ਖਤਮ ਕਰਨਾ ਪੈਣਾ ਸੀ। ਮਸਲਾ ਖਤਮ ਕਰਨ ਲਈ ਜੂਨ 84 ਘਲੂਘਾਰੇ ਨੂੰ ਜਨਮ







ਦਿਤਾ। ਜੇਕਰ ਅਕਾਲੀ ਲੀਡਰਸ਼ਿਪ ਬਾਦਲ ਪਰਿਵਾਰ ਦੀ ਲੀਡਰਸ਼ਿਪ ਵਰਗੀ ਸਤਾ ਦੀ ਲਾਲਸਾ ਦਾ ਸ਼ਿਕਾਰ ਨਾ ਹੁੰਦੀ ਤਾਂ ਪੰਜਾਬ ਦੀ ਗਲ ਟਿਕਾਣੇ ਲਗ ਜਾਣੀ ਸੀ। ਇਹ ਸਾਡੇ ਪੰਜਾਬ ਦੇ ਵਾਜੂਦ ਦੀ ਲੜਾਈ ਸਾਡੇ ਲੀਡਰਾਂ ਦੀ ਸਤਾ ਲਾਲਸਾ ਨੇ ਹਰਾਈ। ਸੰਤ ਲੌਂਗੋਵਾਲ ਦਾ ਕਤਲ ਇਸੇ ਸਤਾ ਲਾਲਸਾ ਦੇ ਪ੍ਰਤੀਕਰਮ ਦਾ ਇਤਿਹਾਸ ਹੈ। ਇਸ ਸਮੁਚੇ ਬਿਰਤਾਂਤ ਵਿਚ ਸਿਖ ਕੌਮ ਨੂੰ ਬਦਨਾਮ ਕਰਨ ਲਈ ਸੰਤ ਭਿੰਡਰਾਂਵਾਲਿਆਂ ਨੂੰ ਬਹਾਨਾ ਬਣਾਇਆ ਗਿਆ। ਮੋਦੀ ਸਰਕਾਰ ਦੇ ਇਸ ਅੰਦੋਲਨ ਬਾਰੇ ਰਣਨੀਤੀ ਲਗਭਗ ਉਸੇ ਪੈੜਾਂ ਉਪਰ ਚਲ ਰਹੀ ਹੈ। ਜਿਆਣੀ ਤੇ ਹਰਜੀਤ ਗਰੇਵਾਲ ਭਾਜਪਾ ਆਗੂ ਦੀ ਮੋਦੀ ਨਾਲ ਮੁਲਾਕਾਤ ਤੋਂ ਬਾਅਦ ਮੀਡੀਆ ਨਾਲ ਸੰਬੋਧਨ ਵਿਚ ਉਸਦਾ ਰੰਗ ਢੰਗ ਤੇ ਚਿਹਰਾ ਪੜ੍ਹਿਆ ਜਾ ਸਕਦਾ ਹੈ ਕਿ ਇਹ ਮਸਲਾ ਹਲ ਨਹੀਂ ਹੋਣਾ। ਕੀ ਕਿਹਾ ਭਾਜਪਾ ਆਗੂਆਂ ਨੇ

ਭਾਜਪਾ ਆਗੂ ਸੁਰਜੀਤ ਕੁਮਾਰ ਜਿਆਨੀ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਨੂੰ ਕਾਨੂੰਨ ਵਾਪਸ ਕਰਾਉਣ ਦੀ ਜਿੱਦ ਛੱਡਣੀ ਚਾਹੀਦੀ ਹੈ। ਕਿਸਾਨ ਦਾ ਭਲਾ ਸਰਕਾਰ ਕਰਨ ਨੂੰ ਤਿਆਰ ਹੈ। ਉਨ੍ਹਾਂ ਅੱਗੇ ਕਿਹਾ, “ ਜਦੋਂ ਵੀ ਭਾਰਤ ਵਿੱਚ ਕੋਈ ਮੁਹਿੰਮ ਹੋਈ ਹੈ, ਉਸ ਦਾ ਇੱਕ ਆਗੂ ਹੁੰਦਾ ਹੈ ਜੋ ਗੱਲ ਕਰਕੇ ਮੁਕਾ ਲੈਂਦਾ ਹੈ। ਇਹ ਮੁਹਿੰਮ ਤਾਂ ਲੀਡਰਹੀਣ ਹੈ। 40 ਵਿਅਕਤੀਆਂ ਵਿੱਚ ਇੱਕ ਵੀ ਆਗੂ ਨਹੀਂ ਹੈ। ਫੈਸਲਾ ਲੈਣ ਦੀ ਤਾਕਤ ਕਿਸੇ ਇੱਕ ਵਿੱਚ ਵੀ ਨਹੀਂ ਹੈ।“ “ਮੈਂ ਤਾਂ ਕਹਿੰਦਾ ਹਾਂ ਕਿ ਆਪਣਾ ਲੀਡਰ ਬਣਾਓ, ਕੋਈ ਦੋ ਲੀਡਰ ਬਣਾਓ, ਉਹ ਗੱਲ ਕਰੇ ਤਾਂ ਮਸਲਾ ਹੱਲ ਹੋ ਜਾਏਗਾ। ਇੱਥੇ ਕਾਮਰੇਡ ਜੁੜ ਗਏ ਹਨ। ਇਹ ਕਦੇ ਮਸਲਾ ਹਲ ਨਹੀਂ ਹੋਣ ਦੇਣਗੇ। ਕਿਸਾਨਾਂ ਨੂੰ ਕਾਮਰੇਡਾਂ ਤੋਂ ਵੱਖ ਹੋ ਕੇ ਆਪਣੇ ਹਿੱਤ ਦੀ ਗੱਲ ਕਰਨੀ ਪਵੇਗੀ।“ਸਰਕਾਰ ਕਿਸਾਨਾਂ ਦੇ ਹਿੱਤ ‘ਚ ਕੰਮ ਕਰਨ ਲਈ ਹਮੇਸ਼ਾ ਤਿਆਰ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਅੰਦੋਲਨ ਬਿਨਾ ਕਿਸੇ ਆਗੂ ਦੇ ਹੈ ਇਸ ਲਈ ਉਨ੍ਹਾਂ ਨਾਲ ਗੱਲਬਾਤ ਕਰਨਾ ਮੁਸ਼ਕਲ ਹੋ ਰਿਹਾ ਹੈ। ਸਿਖਾਂ ਤੇ ਕਾਮਰੇਡਾਂ ਵਿਚ ਫੁਟ ਪਾਉਣ ਦਾ ਯਤਨ

ਸਠ ਕਿਸਾਨਾਂ ਦੀਆਂ ਮੌਤਾਂ ਉਪਰ ਗਰੇਵਾਲ ਦੀ ਟਿਪਣੀ ਕਿ ਇਸ ਬਾਰੇ ਮੈਂ ਕੁਝ ਨਹੀਂ ਕਹਿਣਾ ਤਾਂ ਇਹ ਸਾਰਾ ਸਰਕਾਰੀ ਬਿਰਤਾਂਤ ਪੜ੍ਹਿਆ ਜਾ ਸਕਦਾ ਹੈ ਕਿ ਇਹ ਮਸਲਾ ਹਲ ਵਾਲੇ ਪਾਸੇ ਨਹੀਂ ਜਾ ਰਿਹਾ। ਸਰਕਾਰ ਕਾਮਰੇਡਾਂ ਤੇ ਸਿਖਾਂ ਵਿਚਾਲੇ ਫੁਟ ਪਾਉਣ ਦਾ ਯਤਨ ਕਰ ਰਹੀ ਹੈ। ਇਹ ਜਿਆਣੀ ਦੇ ਪਰਵਚਨ ਤੋਂ ਸਭ ਪ੍ਰਗਟ ਹੋ ਜਾਂਦਾ ਹੈ। ਪਰ ਖਬੇਪਖੀ ਯੂਨੀਅਨਾਂ ਦੇ ਲੀਡਰ ਸਿਖ ਪੰਥ ਦੀ ਤਾਕਤ ਨੂੰ ਨਕਾਰ ਕੇ ਫੋਕੇ ਫਾਇਰਾਂ ਰਾਸ਼ਟਰਵਾਦੀ ਯੋਗਿੰਦਰ ਯਾਦਵ ਨੂੰ ਤਰਜੀਹ ਦੇ ਰਹੇ ਹਨ। ਕਿਹਾ ਜਾ ਸਕਦਾ ਹੈ ਕਿ ਸਾਡੇ ਸਿਰਾਂ ਉਪਰ ਖਤਰੇ ਮੰਡਰਾ ਰਹੇ ਹਨ ।ਕੁਛ ਵੀ ਚੰਗਾ ਹੋਣ ਵਾਲਾ ਨਹੀਂ। ਗਰੇਵਾਲ ਦੀ ਭਾਸ਼ਾ ਉਸਦੀ ਆਪਣੀ ਭਾਸ਼ਾ ਨਹੀਂ ,ਦਰਬਾਰੀ ਭਾਸ਼ਾ ਹੈ ।ਇਹ ਸਭ ਦਸ ਰਹੀ ਹੈ ਕਿ ਕੀ ਬੀਤੇਗਾ। ਕਿਸਾਨੀ ਲਹਿਰ ਅਸਲ ਵਿਚ ਆਰਥਿਕ ਮੁੱਦੇ ‘ਤੇ ਅਧਾਰਿਤ ਹੈ ਜਿਸਦੀ ਮੂਲ ਭਾਵਨਾ ਸਟੇਟ ਖੁਦਮੁਖਤਿਆਰੀ ਹੈ। ਇਸ ਨੂੰ ਭਾਰਤ ਵਿਚ ਤਕਰੀਬਨ 75 ਕਰੋੜ ਕਿਸਾਨਾਂ ਦਾ ਸਮਰਥਨ ਪ੍ਰਾਪਤ ਹੈ, ਹਾਲਾਂਕਿ ਸਾਰੇ ਕਿਸਾਨ ਦਿੱਲੀ ਦੇ ਨੇੜੇ ਇਕੱਠੇ ਨਹੀਂ ਹੋ ਸਕਦੇ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਭਾਰਤੀ ਫੌਜ, ਅਰਧ ਸੈਨਿਕ ਬਲਾਂ ਅਤੇ ਪੁਲਿਸ ਕਰਮਚਾਰੀਆਂ ਦਾ ਮੂਕ ਸਮਰਥਨ ਵੀ ਹੈ, ਕਿਉਂਕਿ ਉਨ੍ਹਾਂ ਵਿਚੋਂ ਜ਼ਿਆਦਾਤਰ ਸੁਰਖਿਆ ਫੋਰਸਾਂ ਦੇ ਜਵਾਨ ਕਿਸਾਨ, ਜਾਂ ਕਿਸਾਨਾਂ ਦੇ ਪੁੱਤਰ ਹਨ।

ਇਹ ਇਕ ਲੋਕ ਲਹਿਰ ਹੈ ਜੋ ਜਲਦੀ ਹੀ ਸਾਰੇ ਦੇਸ ਨੂੰ ਇਸ ਅੰਦੋਲਨ ਲਈ ਇਕਮੁਠ ਕਰ ਸਕਦੀ । ਚੀਨੀ ਤੇ ਫਰਾਂਸ ਦੇ ਇਨਕਲਾਬ ਵਿਚ ਵੀ ਇਹੀ ਵਾਪਰਿਆ ਸੀ। ਭਾਰਤ ਦੀ ਧਰਤੀ ਉਪਰ ਅਠਾਰਵੀਂ ਸਦੀ ਦੌਰਾਨ ਵਾਪਰੇ ਬਾਬਾ ਬੰਦਾ ਸਿੰਘ ਬਹਾਦਰ ਦੇ ਇਨਕਲਾਬ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਹੈ।

**ਬਾਕੀ ਸਫ਼ਾ 27 ’ਤੇ**

# ਨੌਜਵਾਨਾਂ ਦੀ ਕਿਸਾਨੀ ਸੰਘਰਸ਼ ਵਿੱਚ ਸ਼ਮੂਲੀਅਤ

## ਕਾਰਪੋਰੇਟ ਤੇ ਉਸਦੀ ਕਠਪੁਤਲੀ ਸਰਕਾਰ ਦੇ ਖ਼ਿਲਾਫ਼ ਡਟ ਗਿਆ ਏ ਕਿਸਾਨ ਸਿੰਘੂ ਬਾਰਡਰ ਤੋਂ

**- ਹਰਨੰਦ ਸਿੰਘ ਬੱਲਿਆਂਵਾਲਾ**

ਅਸੀਂ ਸੋਚ ਬੈਠੇ ਸਾਂ ਕਿ ਪੰਜਾਬ ਦੀ ਜ਼ਿਆਦਾਤਰ ਜਵਾਨੀ ਨਸ਼ੇ ਵਿੱਚ ਰੁੜ ਗਈ ਹੈ, ਪ੍ਰਵਾਸ ਕਰ ਗਈ ਹੈ। ਮਾੜੇ ਗੀਤਾਂ ਅਤੇ ਫ਼ਿਲਮਾਂ ਨੇ ਨੌਜਵਾਨਾਂ ਦਾ ਕਿਰਦਾਰ ਧੁੰਦਲਾ ਕਰ ਦਿੱਤਾ ਹੈ, ਜਿਸ ਕਾਰਨ ਉਹ ਗੈਂਗਸਟਰ ਅਤੇ ਅਸ਼ਲੀਲਤਾ ਦੇ ਡੰਗੇ ਜਾ ਚੁੱਕੇ ਹਨ। ਦੂਜਾ ਵਿਦਵਾਨ ਤੇ ਸੂਝਵਾਨ ਚਾਹੁੰਦੇ ਸਨ ਕਿ ਪੰਜਾਬ ਦੇ ਨੌਜਵਾਨਾਂ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਵਰਗਾ ਜੋਸ਼ ਤੇ ਜਜ਼ਬਾ ਹੋਵੇ, ਸ਼ਹੀਦ ਕਰਤਾਰ ਸਿੰਘ ਸਰਾਭੇ ਵਾਂਗ ਜਥੇਬੰਦੀਆਂ ਵਿੱਚ ਸਰਗਰਮੀ ਅਤੇ ਸ਼ਹੀਦ ਭਗਤ ਸਿੰਘ ਵਾਂਗ ਕਾਨੂੰਨੀ ਮਾਹਿਰਾਂ ਦੀ ਵੀ ਬੋਲਤੀ ਬੰਦ ਕਰਨ ਵਾਲੇ ਤਿੱਖੇ ਵਿਚਾਰ ਹੋਣ। ਕਿਸਾਨੀ ਸੰਘਰਸ਼ ਵਿੱਚ ਪੰਜਾਬ ਦੇ ਨੌਜਵਾਨਾਂ ਦੀ ਸ਼ਮੂਲੀਅਤ ਨੇ ਦਰਸਾ ਦਿੱਤਾ ਹੈ ਕਿ ਪੰਜਾਬ ਦੀ ਜਵਾਨੀ ਅਜੇ ਵੀ ਪੰਜਾਬ ’ਤੇ ਭੀੜ ਪੈਣ ਉੱਤੇ ਉਸਦੀ ਰੱਖਿਆ ਕਰਨ ਦਾ ਜਜ਼ਬਾ ਰੱਖਦੀ ਹੈ।

ਜਿਵੇਂ ਸ਼ਹੀਦ ਊਧਮ ਸਿੰਘ ਨੇ ਜਲਿਆਂਵਾਲੇ ਬਾਗ ਦੇ ਅਸਲੀ ਦੁਸ਼ਮਣ ਜਨਰਲ ਓਡਵਾਇਰ ਨੂੰ ਲੱਭ ਕੇ ਉਸ ਦੇ ਘਰ ਵਿੱਚ ਹੀ ਖ਼ਤਮ ਕੀਤਾ, ਅੱਜ ਪੰਜਾਬ ਦੀ ਜਵਾਨੀ ਦੇਸ਼ ਦੇ ਦੂਸਰੇ ਨੌਜਵਾਨਾਂ ਨੂੰ ਨਾਲ ਲੈ ਕੇ ਦੇਸ਼ ਦੇ ਅਸਲੀ ਦੁਸ਼ਮਣ ਕਾਰਪੋਰੇਟ ਨੂੰ ਲੱਭ ਕੇ ਉਸਦੇ ਅਤੇ ਉਸ ਦੁਆਰਾ ਬਣਾਈ ਕਠਪੁਤਲੀ ਸਰਕਾਰ ਦੇ ਖ਼ਿਲਾਫ਼ ਡਟ ਗਏ ਹਨ। ਉਹ ਜਾਣਦੇ ਹਨ ਕਿ ਉਨਾਂ ਦੇ ਪਿਓ-ਦਾਦੇ ਦੁਆਰਾ ਖ਼ੂਨ-ਪਸੀਨੇ ਨਾਲ ਪਾਲੀ ਫ਼ਸਲ ਜੇਕਰ ਅੱਜ ਪੂੰਜੀਵਾਦ ਦੇ ਹੱਥਾਂ ਵਿੱਚ ਚਲੀ ਗਈ ਤਾਂ ਉਨਾਂ ਦੀ ਹੋਂਦ ਖ਼ਤਮ ਹੋ ਜਾਵੇਗੀ। ਜ਼ਮੀਨ ਦੇ ਛੋਟੇ ਜਿਹੇ ਟੁਕੜੇ ਨੂੰ ਪਾਸੇ ਜਾਂਦੇ ਵੇਖ ਕਿਸਾਨ ਮਰਨ-ਮਰਾਉਣ ਤਕ ਚਲਾ ਜਾਂਦਾ ਹੈ, ਇੱਥੇ ਤਾਂ ਕਾਰਪੋਰੇਟ ਪੱਖੀ ਸਰਕਾਰ ਤਾਂ ਉਨਾਂ ਦੀ ਸਾਰੀ ਜ਼ਮੀਨ ਲੁੱਟ ਕੇ ਲਿਜਾ ਰਹੀ ਹੈ ਅਤੇ ਉਨਾਂ ਨੂੰ ਆਪਣੀ ਹੀ ਮਾਲਕੀ ਜ਼ਮੀਨ ’ਤੇ ਗ਼ੁਲਾਮ ਬਣਾ ਰਹੀ ਹੈ। ਆਪਣੀ ਹੋਂਦ ਨੂੰ ਬਚਾਉਣ ਲਈ ਨੌਜਵਾਨਾਂ ਲਈ ਅਣਸਰਦੀ ਲੋੜ ਬਣ ਗਈ ਸੀ, ਜਿਨਾਂ ਦੇ ਜੋਸ਼ ਅੱਗੇ ਸਰਕਾਰੀ ਰੋਕਾਂ ਜਿਵੇਂ, ਬੈਰੀਕੇਡ, ਵੱਡੇ-ਵੱਡੇ ਪੱਥਰ, ਮਿੱਟੀ ਦੇ ਭਰੇ ਟਰਾਲੇ ਇਸ ਤਰਾਂ ਬਣ ਗਏ ਜਿਵੇਂ ਕੋਈ ਰਸਤੇ ਵਿੱਚੋਂ ਛੋਟੇ ਜਿਹੇ ਰੋੜ ਨੂੰ ਆਸਾਨੀ ਨਾਲ ਚੁੱਕ ਕੇ ਪਾਸੇ ਸੁੱਟ ਦਿੰਦਾ ਹੈ।

ਸੰਘਰਸ਼ ਵਿੱਚ ਨੌਜਵਾਨ ਟਰੈਕਟਰ-ਟਰਾਲੀਆਂ, ਗੱਡੀਆਂ, ਜੀਪਾਂ ਅਤੇ ਮੋਟਰਸਾਈਕਲਾਂ ਉੱਤੇ ਭਗਤ-ਸਰਾਭੇ ਦੇ ਬੈਨਰ, ਕਿਸਾਨ ਯੂਨੀਅਨਾਂ ਦੇ ਝੰਡੇ ਅਤੇ ਕਿਸਾਨੀ ਵਾਲੇ ਗੀਤ ਲਗਾ ਸੰਘਰਸ਼ ਵਿੱਚ ਸ਼ਮੂਲੀਅਤ ਕਰ ਰਹੇ ਹਨ। ਉਨਾਂ ਨੇ ਹੱਥਾਂ ਵਿੱਚ ਵੱਖੋ-ਵੱਖ ਨਾਅਰੇ ਲਿਖੇ ਬੈਨਰ ਫੜੇ ਹਨ ਜਿਵੇਂ- ਅਸੀਂ ਜਿੱਤਾਂਗੇ ਜ਼ਰੂਰ ਜਾਰੀ ਜੰਗ ਰੱਖਿਓ, ਗੋਦੀ ਮੀਡੀਆ ਦੇ ਵਿਰੋਧ ਵਾਲੇ, ਜੱਟ-ਜਾਟ ਭਾਈ-ਭਾਈ, ਅਸੀਂ ਕਿਸਾਨ ਹਾਂ ਅੱਤਵਾਦੀ ਨਹੀਂ, ਕਿਸੇ ਭਰਮ ਵਿੱਚ ਨਾ ਰਹੀਂ ਦਿੱਲੀਏ ਪੰਜਾਬ ਦੇ ਵਾਰਿਸ ਅਜੇ ਜਿਉਂਦੇ ਨੇ, ਕਾਲੇ ਕਾਨੂੰਨ ਵਾਪਸ ਲਓ, ਮਜ਼ਦੂਰ-ਕਿਸਾਨ ਏਕਤਾ ਜ਼ਿੰਦਾਬਾਦ, ਮੋਦੀ ਸਰਕਾਰ ਬੇਈਮਾਨ, ਐੱਮ.ਐੱਲ.ਏ, ਐੱਮ.ਪੀ ਦੋ ਲੱਖ ਪੈਨਸ਼ਨ ਅਤੇ ਮਜ਼ਦੂਰ ਦੀ ਤਨਖ਼ਾਹ ਅੱਠ ਤੋਂ ਦਸ ਹਜ਼ਾਰ ਅਤੇ ਡਿਊਟੀ ਬਾਰਾਂ ਘੰਟੇ, ਕਿਉਂ ? ਇਨਕਲਾਬ ਜ਼ਿੰਦਾਬਾਦ ਆਦਿ। ਇਸ ਤੋਂ ਇਲਾਵਾ ਕੰਧਾਂ ਉੱਤੇ ਵੀ ਹਿੰਦੀ ਵਿੱਚ ਸਾਮਰਾਜਵਾਦ ਦਾ ਨਾਸ਼ ਹੋਏ, ਇਨਕਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ ਅਤੇ ਕਿਨਾਂ-ਕਿਨਾਂ ਨੂੰ ਕੈਦ ਕਰੋਗੇ ਆਦਿ ਨਾਅਰੇ ਲਿਖੇ ਮਿਲਦੇ ਹਨ।

ਨੌਜਵਾਨ ਸਟੇਜਾਂ ਸਾਂਭ ਰਹੇ ਹਨ ਅਤੇ ਆਪਣੀਆਂ ਜੋਸ਼ ਭਰੀਆਂ ਤਕਰੀਰਾਂ ਦੁਆਰਾ ਇਸ ’ਤੇ ਬਾਜ਼ ਵਾਲੀ ਅੱਖ ਰੱਖ ਰਹੇ ਹਨ। ਉਹ ਮੀਡੀਆ ਦੇ ਸਵਾਲਾਂ ਦਾ ਜਵਾਬ ਬੜੀ ਸੂਝ ਨਾਲ ਦੇ ਰਹੇ ਹਨ ਅਤੇ ਗੋਦੀ ਮੀਡੀਆ ਦਾ ਵਿਰੋਧ ਵੀ ਕਰ ਰਹੇ ਹਨ।







ਵਿਸ਼ਾਲ ਇਕੱਠ ਨੂੰ ਪ੍ਰਭਾਵਿਤ ਕਰ ਰਹੇ ਹਨ। ਸਟੇਜ ਅਤੇ ਪੰਡਾਲ ਦੁਆਲੇ ਲੋਕਾਂ ਦੇ ਵੱਡੇ ਇਕੱਠ ਨੂੰ ਸਾਂਭਣ ਲਈ ਉਨਾਂ ਆਪੋ-ਆਪਣੀਆਂ ਬਣਦੀਆਂ ਡਿਊਟੀਆਂ ਸਾਂਭ ਰੱਖੀਆਂ ਹਨ। ਇਸ ਕੰਮ ਵਿੱਚ ਦੇਸ਼ ਦੀ ਅੰਤਰਰਾਸ਼ਟਰੀ ਕਬੱਡੀ ਟੀਮ ਦੇ ਖਿਡਾਰੀ ਮੁੱਖ ਭੂਮਿਕਾ ਨਿਭਾ ਰਹੇ ਹਨ। ਭੀੜ ਵਿੱਚ ਵੜੇ ਸ਼ਰਾਰਤੀ ਅਨਸਰਾਂ ਤੋਂ ਵੀ ਲੋਕਾਂ ਨੂੰ ਸੁਚੇਤ ਕੀਤਾ ਜਾ ਰਿਹਾ ਹੈ। ਖ਼ਾਸ ਕਰਕੇ ਨੌਜਵਾਨ ਆਟਾ ਗੁੰਨਣਾ, ਰੋਟੀਆਂ ਵੇਲਣਾ ਤੇ ਪਕਾਉਣਾ, ਕੱਪੜੇ ਧੋਣਾ, ਝਾੜੂ ਮਾਰਨਾ ਆਦਿ ਦੀਆਂ ਜ਼ਿੰਮੇਵਾਰੀਆਂ ਨੂੰ ਨੌਜਵਾਨ ਬਾਖ਼ੂਬੀ ਨਿਭਾ ਰਹੇ ਹਨ। ਉਨਾਂ ਦੁਆਰਾ ਆਪਣੇ ਨਾਲ ਆਏ ਬਜ਼ੁਰਗਾਂ ਦਾ ਵੀ ਧਿਆਨ ਰੱਖਿਆ ਜਾ ਰਿਹਾ ਹੈ। ਉਹ ਨੌਜਵਾਨ ਧੀਆਂ-ਭੈਣਾਂ ਪ੍ਰਤੀ ਬੜੇ ਸਲੀਕੇ ਨਾਲ ਪੇਸ਼ ਆ ਰਹੇ ਹਨ ਅਤੇ ਸ਼ਰਾਰਤੀ ਲੋਕਾਂ ਨੂੰ ਤਾੜਨਾ ਕਰ ਰਹੇ ਹਨ। ਉਹ ਅੱਜ ਧੀਆਂ-ਭੈਣਾਂ ਦੇ ਰਖਵਾਲੇ ਬਣੇ ਹੋਏ ਹਨ। ਲੜਕੀਆਂ ਰਾਤ ਸਮੇਂ ਤਕ ਵੀ ਟਰੈਕਟਰ-ਟਰਾਲੀਆਂ ਦੀਆਂ ਕਿਲੋਮੀਟਰਾਂ ਤਕ ਲੱਗੀਆਂ ਲੰਮੀਆਂ ਲਾਈਨਾਂ ਵਿੱਚੋਂ ਬਿਨਾ ਕਿਸ ਡਰ ਦੇ ਇਕੱਲੀਆਂ ਆ-ਜਾ ਰਹੀਆਂ ਹਨ। ਸੱਚਮੁੱਚ ਨੌਜਵਾਨਾਂ ਨੇ ਉਹ ਸਮਾਂ ਚੇਤੇ ਕਰਵਾ ਦਿੱਤਾ ਜਦੋਂ ਅਬਦਾਲੀ ਬਹੂ-ਬੇਟੀਆਂ ਨੂੰ ਕੈਦ ਕਰਕੇ ਲੈ ਜਾਂਦਾ ਸੀ ਅਤੇ ਸਿੱਖ ਉਨਾਂ ਨੂੰ ਉਸਦੇ ਚੁੰਗਲ ਵਿੱਚੋਂ ਛੁਡਾ ਕੇ ਉਨਾਂ ਦੇ ਘਰਾਂ ਤਕ ਪਹੁੰਚਾ ਕੇ ਆਉਂਦੇ ਸਨ।

ਦਰਅਸਲ ਇਸ ਕਿਸਾਨੀ ਸੰਘਰਸ਼ ਵਿੱਚ ਸਾਨੂੰ ਨੌਜਵਾਨਾਂ ਦੀ ਬਦਲੀ ਹੋਈ ਤਸਵੀਰ ਨਜ਼ਰ ਆ ਰਹੀ ਹੈ। ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਲਈ ਜੋ ਇਤਿਹਾਸ ਉਸ ਸਮੇਂ ਸ਼ਹੀਦ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਚੰਦਰਸ਼ੇਖਰ ਆਜ਼ਾਦ, ਊਧਮ ਸਿੰਘ, ਭਗਵਤੀ ਚਰਨ ਵੋਹਰਾ ਆਦਿ ਨੌਜਵਾਨਾਂ ਨੇ ਸਿਰਜਿਆ ਸੀ, ਇੱਕ ਵਾਰ ਫਿਰ ਉਸ ਇਤਿਹਾਸ ਨੂੰ ਨੌਜਵਾਨ ਕਿਸਾਨੀ ਸੰਘਰਸ਼ ਵਿੱਚ ਦੁਹਰਾ ਰਹੇ ਹਨ।

ਅਸੀਂ ਕਹਿ ਸਕਦੇ ਹਾਂ ਕਿ ਨੌਜਵਾਨ ਪੰਜਾਬ ਅਤੇ ਦੇਸ਼ ਦੀ ਕੁਲ ਲੋਕਾਈ ਦੀਆਂ ਹੱਕੀ ਮੰਗਾਂ ਲਈ ਅੱਜ ਦੇ ਕਿਸਾਨ-ਮਜ਼ਦੂਰ ਸੰਘਰਸ਼ ਵਿੱਚ ਬਹੁਤ ਵੱਡੀ ਭੂਮਿਕਾ ਨਿਭਾ ਰਿਹਾ ਹੈ। ਹੁਣ ਸਾਡੇ ਦੇਸ ਦਾ ਆਉਣ ਵਾਲਾ ਭਵਿੱਖ ਉੱਜਵਲ ਹੋਣ ਦੇ ਆਸਾਰ ਬਣ ਰਹੇ ਹਨ। ਅਸੀਂ ਆਸ ਕਰਦੇ ਹਾਂ ਕਿ ਦੇਸ਼ ਦੇ ਨੌਜਵਾਨ ਬਜ਼ੁਰਗਾਂ ਦੇ ਮੋਢੇ ਨਾਲ ਮੋਢਾ ਮਿਲਾ ਕੇ, ਉਨਾਂ ਦੁਆਰਾ ਪਿੰਡੇ ’ਤੇ ਹੰਢਾਏ ਤਜਰਬੇ ਨੂੰ ਨਾਲ ਲੈ ਕੇ ਚੱਲਣਗੇ ਅਤੇ ਰਾਜਨੀਤੀ ਵਿੱਚ ਵੱਡੀ ਭੂਮਿਕਾ ਨਿਭਾ ਕੇ ਆਪਣੀ ਨਵੀਂ ਸੋਚ ਜ਼ਰੀਏ ਵਿਦੇਸ਼ਾਂ ਨੂੰ ਜਾਣ ਦੀ ਸੋਚ ਛੱਡ, ਆਪਣੇ ਦੇਸ਼ ਨੂੰ ਵਿਕਸਤ ਦੇਸ਼ ਦੇ ਬਰਾਬਰ ਲਿਆ ਖੜਾ ਕਰਨਗੇ।

ਅੰਮ੍ਰਿਤਸਰ ਟਾਈਮਜ਼ AMRITSAR TIMES

06 ਜਨਵਰੀ 2021 ਤੋਂ 12 ਜਨਵਰੀ 2021

# ਹਕੀਕਤ ਨੂੰ ਤਸਲੀਮ ਕਰਨ ਦਾ ਵੇਲਾ

ਸਮੇਂ ਸਮੇਂ ਉੱਤੇ ਇੰਡੀਆ ਦੇ ਮੌਜੂਦਾ ਪ੍ਰਬੰਧਕੀ ਢਾਂਚੇ ਬਾਬਤ ਸਵਾਲ ਖੜੇ ਹੁੰਦੇ ਰਹੇ ਹਨ ਕਿ ਇਹ ਬਰਾਬਰਤਾ ਵਾਲਾ ਰਾਜ ਪ੍ਰਬੰਧ ਨਹੀਂ ਹੈ ਸਗੋਂ ਸਾਮਰਾਜੀ ਹੈ, ਕਿਸੇ ਵੀ ਮਸਲੇ ਵਿੱਚ ਸ਼ਹਿਰੀਆਂ ਦੀ ਕੋਈ ਸਹਿਮਤੀ ਨਹੀਂ ਲਈ ਜਾਂਦੀ, ਕੋਈ ਦਲੀਲ ਜਾਂ ਅਪੀਲ ਨਹੀਂ ਸੁਣੀ/ਮੰਨੀ ਜਾਂਦੀ। ਭਿੰਨਤਾ ਨੂੰ ਖਤਮ ਕਰਕੇ ਸਭ ਨੂੰ ਇੱਕੋ ਰਾਜਨੀਤਕ ਢਾਂਚੇ ਅਧੀਨ ਰੱਖਣ ਲਈ ਇੱਕੋ ਸਭਿਆਚਾਰ ਉਤੇ ਅਧਾਰਤ ਇੱਕ ਨੇਸ਼ਨ-ਸਟੇਟ ਬਣਾਉਣ ਦਾ ਕੰਮ ਪੂਰੀ ਰਫਤਾਰ ਨਾਲ ਹੋ ਰਿਹਾ ਹੈ। ਸਾਰੀਆਂ ਵੱਖਰੀਆਂ ਪਹਿਚਾਣਾਂ ਨੂੰ ਖਤਮ ਕਰ ਕੇ ਇੱਕੋ ਨੇਸ਼ਨ ਬਣਾਉਣ ਲਈ ਹਰ ਸੰਭਵ ਸਾਧਨ ਦੀ ਵਰਤੋਂ ਕੀਤੀ ਜਾ ਰਹੀ ਹੈ। ਪਰ ਤਕਰੀਬਨ ਹਰ ਵਾਰ ਇਹ ਕਹਿ ਕੇ ਪੱਲਾ ਝਾੜ ਦਿੱਤਾ ਜਾਂਦਾ ਸੀ ਕਿ ਇਸ ਤਰ੍ਹਾਂ ਦੇ ਸਵਾਲ ਚੁੱਕਣ ਵਾਲੇ ਉਹ ਲੋਕ ਹਨ ਜੋ ਵਿਰੋਧੀ ਮੁਲਕਾਂ ਦੀ ਸ਼ੈਅ ਉੱਤੇ ਇੰਡੀਆ ਨੂੰ ਤੋੜਨਾ ਚਾਹੁੰਦੇ ਹਨ। ਪਰ ਹੁਣ ਤਾਂ ਇਸ ਤਰ੍ਹਾਂ ਦੀਆਂ ਅਵਾਜ਼ਾਂ ਇਥੋਂ ਦੇ ਢਾਂਚਿਆਂ ਵਿਚੋਂ ਅਤੇ ਇੰਡੀਆ ਦੀ ਮੌਜੂਦਾ ਸਥਾਪਤੀ ਦੇ ਹਾਮੀਆਂ ਵੱਲੋਂ ਵੀ ਆਉਣ ਲੱਗ ਪਈਆਂ ਹਨ ਜੋ ਸ਼ਕਤੀਆਂ ਦੇ ਕੇਂਦਰੀਕਰਨ ਨੂੰ ਕਰੜੇ ਹੱਥੀਂ ਲੈ ਰਹੀਆਂ ਹਨ ਅਤੇ ਨਾਲ ਹੀ ਕਹਿ ਰਹੀਆਂ ਹਨ ਕਿ ਹੁਣ ਸ਼ੀਸ਼ੇ ਵੱਲ ਉਂਗਲ ਕਰਨ ਨਾਲ ਗੱਲ ਨਹੀਂ ਬਣਨੀ, ਧੂੜ ਚਿਹਰੇ 'ਤੇ ਹੈ, ਸਾਫ ਵੀ ਚਿਹਰਾ ਹੀ ਕਰਨਾ ਪੈਣਾ ਹੈ।

ਦੁਨੀਆ ਦੇ ਵੱਡੇ ਮੀਡੀਆ ਅਦਾਰੇ 'ਦ ਇਕੋਨੋਮਿਸਟ' ਵਿਚ ਲੰਘੀ 16 ਦਸੰਬਰ ਨੂੰ ਭਾਰਤੀ ਹਕੂਮਤ ਵਲੋਂ ਨਵੇਂ ਪਾਸ ਕੀਤੇ ਗਏ ਖੇਤੀ ਕਨੂੰਨਾਂ ਦਾ ਮੁਲਾਂਕਣ ਕਰਦੇ ਇਕ ਲੇਖ ਵਿਚ ਇਹ ਨਿਚੋੜ ਕੱਢਿਆ ਕਿ "ਦਿੱਲੀ ਦੀ ਚਲ ਰਹੀ ਘੇਰਾਬੰਦੀ ਕਿਸੇ ਵੀ ਸਿੱਟੇ ਤੇ ਖਤਮ ਹੋਵੇ ਪਰ ਇਸ ਪੂਰੇ ਵਿਦਰੋਹ ਤੋਂ ਇੰਡੀਆ ਦੇ ਹਾਕਮਾਂ ਨੂੰ ਇਹ ਸਿੱਖਿਆ ਪੱਲੇ ਬੰਨ ਲੈਣੀ ਚਾਹੀਦੀ ਹੈ ਕਿ ਇੰਡੀਆ ਵਰਗੇ ਬਹੁਭਾਂਤੀ ਖਿੱਤੇ ਵਿੱਚ ਤੁਸੀਂ ਸਾਰਿਆਂ ਨੂੰ ਕਿਸੇ ਇਕ ਕਾਨੂੰਨ ਦੇ ਘੇਰੇ ਚ ਨਹੀਂ ਬੰਨ ਸਕਦੇ ਅਤੇ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਲੋਕਾਂ ਨੂੰ ਵਿਸ਼ਵਾਸ ਚ ਲਏ ਬਿਨਾਂ ਤਾਂ ਕਦੇ ਵੀ ਕੋਈ ਕਨੂੰਨ ਨਹੀਂ ਬਣਾ ਸਕਦੇ।"

ਰਾਸ਼ਟਰੀ ਕਾਂਗਰਸ ਪਾਰਟੀ ਦੇ ਮੁਖੀ 'ਸ਼ਰਦ ਪਵਾਰ' ਨੇ ਵੀ ਪੀ ਟੀ ਆਈ ਨੂੰ ਦਿੱਤੇ ਬਿਆਨ ਚ ਦਿੱਲੀ ਦੀ ਮੌਜੂਦਾ ਸਰਕਾਰ ਨੂੰ ਕਿਹਾ ਕਿ "ਲੋਕਤੰਤਰ ਵਿਚ ਸਰਕਾਰ ਇਹ ਕਦੀ ਵੀ ਨਹੀਂ ਕਹਿ ਸਕਦੀ ਕਿ ਉਹ ਆਪਣੇ ਫੈਸਲੇ ਨਹੀਂ ਬਦਲੇਗੀ" ਅਤੇ ਉਨ੍ਹਾਂ ਇਹ ਸਪਸ਼ਟ ਕੀਤਾ ਕਿ "ਖੇਤੀਬਾੜੀ ਦਿੱਲੀ ਤੋਂ ਕੇਂਦਰੀ ਤਰੀਕੇ ਨਾਲ ਨਹੀਂ ਚਲਾਈ ਜਾ ਸਕਦੀ ਅਤੇ ਇਹ ਰਾਜਾਂ ਦੇ ਅਧਿਕਾਰ ਖੇਤਰ ਦਾ ਵਿਸ਼ਾ ਹੈ। ਇਹ ਨਵੇਂ ਕਾਨੂੰਨ ਧੱਕੇ ਨਾਲ ਲੋਕਾਂ ਉੱਤੇ ਥੋਪੇ ਗਏ ਹਨ।"

ਸ਼ਕਤੀਆਂ ਦੇ ਕੇਂਦਰੀਕਰਨ ਦੇ ਰੁਝਾਨ ਕਾਰਨ ਇਥੋਂ ਦੇ ਲੋਕਾਂ ਨੂੰ ਰਾਜਨੀਤਕ, ਸਭਿਆਚਾਰਕ, ਆਰਥਕ, ਅਤੇ ਹੋਰ ਬਹੁਤ ਸਾਰੇ ਪੱਖਾਂ ਤੋਂ ਮਾਰ ਪੈ ਰਹੀ ਹੈ। ਆਰਥਕ ਪੱਖ ਤੋਂ ਤਾਂ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਮੁਖੀ ਅਤੇ ਦੁਨੀਆ ਦੇ ਵੱਡੇ ਅਰਥ ਸ਼ਾਸਤਰੀ 'ਰਘੂ ਰਾਮ ਰਾਜਨ' ਨੇ 'ਬਰਖਾ ਦੱਤ' ਨਾਲ ਭਾਰਤੀ ਅਰਥ ਵਿਵਸਥਾ ਉੱਤੇ ਕੀਤੀ ਮੁਲਾਕਾਤ ਵਿੱਚ ਇਥੋਂ ਤਕ ਕਹਿ ਦਿੱਤਾ ਹੈ ਕਿ "ਭਾਰਤੀ ਦੀ ਅਰਥ ਵਿਵਸਥਾ ਕੇਂਦਰੀ ਸ਼ਾਸਨ ਨਾਲ ਨਹੀਂ ਚਲਾਈ ਜਾ ਸਕਦੀ", ਭਾਵ ਦਿੱਲੀ ਤੋਂ ਲਏ ਫੈਸਲੇ ਭਾਰਤ ਜਿਹੇ ਬਹੁਭਾਂਤੀ ਖਿੱਤੇ ਲਈ ਲਾਭਦਾਇਕ ਨਹੀਂ ਹਨ ਅਤੇ ਰਾਜਾਂ ਨੂੰ ਆਰਥਕ ਅਜ਼ਾਦੀ ਦੇਣਾ ਸਮੇਂ ਦੀ ਲੋੜ ਹੈ।

ਹੁਣ ਤਾਂ ਇੰਡੀਆ ਦੇ ਪਾਰਲੀਮੈਂਟ ਵਿੱਚੋਂ ਵੀ ਦਿੱਲੀ ਦੇ ਰਾਜਾਂ ਨਾਲ ਮੌਜੂਦਾ ਸਬੰਧਾਂ ਬਾਬਤ ਚਿੰਤਾ ਜਾਹਰ ਕੀਤੀ ਜਾ ਰਹੀ ਹੈ ਅਤੇ ਸਿਰਫ ਚਿੰਤਾ ਹੀ ਨਹੀਂ ਸਗੋਂ ਇਸ ਦੇ ਨਤੀਜਿਆਂ ਬਾਬਤ ਅਗਾਹ ਵੀ ਕੀਤਾ ਜਾ ਰਿਹਾ ਹੈ। ਸ਼ਿਵ ਸੈਨਾ ਦੇ ਅਖਬਾਰ 'ਸਾਮਣਾ' ਦੇ ਹਫ਼ਤਾਵਾਰੀ ਕਾਲਮ "ਰੋਕਠੋਕ" ਵਿੱਚ ਇੰਡੀਆ ਦੀ ਪਾਰਲੀਮੈਂਟ ਦੇ ਮੌਜੂਦਾ ਮੈਂਬਰ 'ਸੰਜੇ ਰਾਉਤ' ਨੇ ਕਿਹਾ ਹੈ ਕਿ "ਰਾਜਾਂ ਅਤੇ ਸੈਂਟਰ(ਦਿੱਲੀ) ਦੇ ਸੰਬੰਧਾਂ ਵਿੱਚ ਆ ਰਹੀ ਲਗਾਤਾਰ ਗਿਰਾਵਟ ਦੇ ਚਲਦਿਆਂ ਰੂਸ ਵਾਂਗ ਹੀ ਭਾਰਤ ਦੇ ਟੁੱਟਣ ਦੇ ਅਸਾਰ ਬਣ ਰਹੇ ਹਨ।" ਸੰਜੇ ਰਾਉਤ ਨੇ ਸੈਂਟਰ ਵਿਚ ਕਾਬਜ਼ ਧਿਰ ਵਲੋਂ ਕਪਟੀ ਰਾਜਨਿਤੀ ਖੇਡ ਕੇ ਰਾਜ ਦੀਆਂ ਸਰਕਾਰਾਂ ਨੂੰ ਤੋੜਨ, ਕਸ਼ਮੀਰ ਵਿਚ ਵਧਦੀ ਅਸਥਿਰਤਾ ਅਤੇ ਚੀਨ ਵਲੋਂ ਲਦਾਖ਼ ਵਿਚ ਕੀਤੀ ਜਾ ਰਹੀ ਘੁਸਪੈਠ ਨੂੰ ਬਿਆਨ ਕਰਦਿਆਂ ਕਿਹਾ ਕਿ "ਇਸ ਸਾਰੇ ਵਰਤਾਰੇ ਦੇ ਚਲਦਿਆਂ ਭਾਰਤ ਦੇ ਰੂਸ ਵਾਂਗ ਟੋਟੇ ਹੁੰਦਿਆਂ ਵਕਤ ਨਹੀਂ ਲਗਣਾ।" ਆਪਣੇ ਲੇਖ ਵਿਚ ਉਨ੍ਹਾਂ ਸੁਪਰੀਮ ਕੋਰਟ ਬਾਰੇ ਵੀ ਕਿਹਾ ਕਿ "ਸਰਵਉੱਚ ਅਦਾਲਤ ਵੀ ਆਪਣੀਆਂ ਜਿੰਮੇਵਾਰੀਆਂ ਨੂੰ ਭੁੱਲੀ ਬੈਠੀ ਹੈ।"

ਸ਼ਕਤੀਆਂ ਦੇ ਕੇਂਦਰੀਕਰਨ ਦੀ ਸਮੱਸਿਆ ਸਿਰਫ ਸਿਖਰਲੇ ਟੰਬੇ 'ਤੇ ਹੀ ਮੌਜੂਦ ਨਹੀਂ ਹੈ ਬਲਕਿ ਇਹ ਰਾਜਾਂ ਦੇ ਰਾਜਨੀਤਕ ਸਭਿਆਚਾਰ ਵਿੱਚ ਵੀ ਆਪਣੀ ਥਾਂ ਪੱਕੀ ਕਰ ਗਈ ਹੈ। 'ਪ੍ਰਤਾਪ ਭਾਨੂ ਮਹਿਤਾ' ਨੇ ਲੰਘੀ 10 ਦਿਸੰਬਰ ਦੇ 'ਇੰਡਿਯਨ ਐਕਸਪ੍ਰੈਸ' ਵਿਚ ਲਿਖੇ ਆਪਣੇ ਲੇਖ ਵਿਚ ਭਾਰਤ ਦੇ ਮੌਜੂਦਾ ਫੈਡਰਲ ਵਿਵਸਥਾ ਨੂੰ ਵਿਗੜੀ ਹੋਈ ਅਤੇ ਅਖੌਤੀ ਦੱਸਿਆ ਹੈ ਅਤੇ ਲਿਖਿਆ ਹੈ ਕਿ ਇਹ ਸਮੱਸਿਆ ਸਿਰਫ ਦਿੱਲੀ ਤੋਂ ਚਲ ਰਹੇ ਕੇਂਦਰੀ ਪ੍ਰਬੰਧ ਦੀ ਪੈਦਾ ਕੀਤੀ ਹੋਈ ਨਹੀਂ ਹੈ ਬਲਕਿ ਇਸ ਵਿਚ ਰਾਜਾਂ ਦੇ ਰਾਜਨੀਤਕ ਸੱਭਿਆਚਾਰ ਦਾ ਪੂਰਾ ਪੂਰਾ ਯੋਗਦਾਨ ਹੈ। ਰਾਜਾਂ ਨੂੰ ਮਿਲੀ ਥੋੜੀ ਬਹੁਤ ਖੁਦਮੁਖਤਿਆਰੀ ਨੂੰ ਵੀ ਰਾਜਾਂ ਨੇ ਸਹੀ ਤਰ੍ਹਾਂ ਇਸਤੇਮਾਲ ਨਹੀਂ ਕੀਤਾ। ਤਕਰੀਬਨ ਭਾਰਤ ਦੇ ਸਾਰੇ ਹੀ ਰਾਜ ਆਪਣੇ ਰਾਜ ਦੇ ਅੰਦਰੂਨੀ ਢਾਂਚੇ(ਪੰਚਾਇਤਾਂ, ਨਗਰ ਨਿਗਮਾਂ, ਗ੍ਰਾਮ ਸਭਾਵਾਂ ਆਦਿ) ਵਿਚ ਵਿਕੇਂਦਰੀਕਰਨ ਤੋਂ ਝਿਝਕਦੀਆਂ ਹਨ।

ਉਪਰੋਕਤ ਸਾਰੀਆਂ ਟਿੱਪਣੀਆਂ ਨੂੰ ਵੇਖਦਿਆਂ ਇਕ ਗੱਲ ਸਹਿਜੇ ਸਮਝੀ ਜਾ ਸਕਦੀ ਹੈ ਕਿ ਹੁਣ ਗੱਲ ਇੰਡੀਆ ਦੇ ਮੌਜੂਦਾ ਪ੍ਰਬੰਧ ਵਿੱਚ ਕੋਈ ਨਿੱਕੀ ਮੋਟੀ ਸੋਧ ਦੀ ਨਹੀਂ ਰਹੀ ਬਲਕਿ ਪੂਰੇ ਢਾਂਚੇ ਨੂੰ ਮੁੜ ਤੋਂ ਨਵਾਂ ਰੂਪ ਦੇਣ ਤੱਕ ਚਲੀ ਗਈ ਹੈ। ਇਸ ਹਕੀਕਤ ਨੂੰ ਸਮਝ ਵਿਚਾਰ ਕੇ ਹੀ ਇਥੋਂ ਦੇ ਢਾਂਚੇ ਨੂੰ ਮੁੜ ਉਸਾਰਨਾ ਚਾਹੀਦਾ ਹੈ। ਮੁੜ ਉਸਾਰਨ ਦੀ ਕਵਾਇਦ ਵਿੱਚ ਇਸ ਖਿੱਤੇ ਵਿੱਚ ਵੱਸਦੀ ਵੰਨ ਸੁਵੰਨੀ ਲੋਕਾਈ ਦੇ ਪਿਛੋਕੜ, ਰਵਾਇਤਾਂ, ਮਨੌਤਾਂ ਅਤੇ ਸਮੂਹਿਕ ਨਿਸ਼ਾਨਿਆਂ ਦੇ ਮੱਦੇਨਜ਼ਰ ਲੋਕਾਂ ਨੂੰ ਅਜ਼ਾਦੀ ਦਾ ਹੱਕ ਦੇਣਾ ਪਵੇਗਾ; ਇਸ ਆਜ਼ਾਦੀ ਦਾ ਮਤਲਬ ਅਤੇ ਨਿਸ਼ਾਨਾ ਆਪੋ ਆਪਣੀ ਜ਼ਮੀਨੀ ਹਕੀਕਤ ਮੁਤਾਬਿਕ ਸਭਿਆਚਾਰਕ ਅਜ਼ਾਦੀ ਤੋਂ ਲੈਕੇ ਆਰਥਿਕ ਆਜ਼ਾਦੀ ਅਤੇ ਇਸ ਤੋਂ ਵੀ ਅੱਗੇ ਰਾਜਨੀਤਕ ਆਜ਼ਾਦੀ ਵੀ ਹੋ ਸਕਦਾ ਹੈ। ਜਦੋਂ ਵੀ ਇਥੋਂ ਦੇ ਢਾਂਚੇ ਵਿੱਚ ਕਿਸੇ ਪ੍ਰਕਾਰ ਦੀ ਗੁਲਾਮੀ ਦੇ ਅੰਸ਼ ਮੌਜੂਦ ਰਹਿਣਗੇ ਉਦੋਂ ਇਹ ਢਾਂਚੇ ਇਸੇ ਤਰ੍ਹਾਂ ਟੁੱਟਣ ਵੱਲ ਵੱਧਦੇ ਰਹਿਣਗੇ। ਹੁਣ ਸਹੀ ਵੇਲਾ ਹੈ ਕਿ ਇਸ ਹਕੀਕਤ ਨੂੰ ਤਸਲੀਮ ਕੀਤਾ ਜਾਵੇ।

# ਕਿਸਾਨੀ ਅੰਦੋਲਨ ਦੀ ਤਾਕਤ ਨੇ ਖ਼ਾਲਸਾ ਪੰਥ ਤੇ ਕਾਮਰੇਡ

**✪ ਮੋਦੀ ਸਰਕਾਰ ਤੇ ਸਾਮਰਾਜੀ ਢਾਂਚੇ ਲਈ ਚੈਲਿੰਜ ਬਣਿਆ ਕਿਸਾਨੀ ਸੰਘਰਸ਼ ✪ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿਮੀ ਕਾਰਟਰ ਵੱਲੋਂ ਹਮਾਇਤ ਮਿਲਣ ਕਾਰਨ ਕਿਸਾਨੀ ਸੰਘਰਸ਼ ਦਾ ਵਿਸ਼ਵ ਪੱਧਰੀ ਹੋਇਆ ਫੈਲਾਅ**



- ਗੁਰਬਚਨ ਸਿੰਘ ਦੇਸ ਪੰਜਾਬ
9815698451

ਕਿਸਾਨ ਅੰਦੋਲਨ ਵਿਚ ਸਿੱਖ ਪੰਥ ਅਤੇ ਖੱਬੇਪੱਖੀ ਦੋ ਧਿਰਾਂ ਮਿਲ ਕੇ ਸੰਘਰਸ਼ ਕਰ ਰਹੀਆਂ ਹਨ। ਸਰਕਾਰੀ ਏਜੰਸੀਆਂ ਦਾ ਪੂਰਾ ਟਿੱਲ ਲਗਾ ਹੋਇਆ ਹੈ ਕਿ ਕਿਸੇ ਤਰਾਂ ਇਹ ਸਾਂਝ ਤੋੜੀ ਜਾਏ। ਪਿਛਲੇ 40 ਸਾਲ ਤੋਂ ਉਹ ਇਹ ਸਾਂਝ ਨਾ ਬਣਨ ਦੇਣ ਲਈ ਯਤਨ ਕਰਦੀਆਂ ਆ ਰਹੀਆਂ ਹਨ ਅਤੇ ਇਕ-ਦੂਜੇ ਵਿਚ ਫੁੱਟ ਪਾਈ ਰੱਖਣ ਲਈ ਕਰੋੜਾਂ ਰੁਪਏ ਪ੍ਰਚਾਰ ਉੱਤੇ ਖ਼ਰਚਦੀਆਂ ਆ ਰਹੀਆਂ ਹਨ। ਸੰਘਰਸ਼ ਦੀ ਸਫਲਤਾ ਦੀ ਕਾਮਨਾ ਕਰਦੇ ਸਾਰੇ ਸੱਜਣਾਂ ਨੂੰ ਇਹ ਸਾਂਝ ਬਣਾਈ ਰੱਖਣ ਲਈ ਆਪਣੇ ਸੁਹਿਰਦ ਯਤਨ ਕਰਨੇ ਚਾਹੀਦੇ ਹਨ। ਪਿਛਲੇ ਗ਼ੁੱਸੇ ਗਿਲੇ ਭੁੱਲਣੇ ਚਾਹੀਦੇ ਹਨ। ਸੰਭਾਵਨਾ ਹੈ ਕਿ ਇਸ ਸੰਘਰਸ਼ ਦੌਰਾਨ ਦੋਵੇਂ ਧਿਰਾਂ ਇਕ-ਦੂਜੇ ਪ੍ਰਤੀ ਕੀਤੀਆਂ ਪਿਛਲੀਆਂ ਗ਼ਲਤੀਆਂ ਨੂੰ ਕਬੂਲ ਕਰ ਕੇ ਉਨਾਂ ਦਾ ਅਮਲ ਵਿਚ ਪਸ਼ਚਾਤਾਪ ਕਰ ਲੈਣਗੀਆਂ। ਮਸਲਨ ਉਗਰਾਹਾਂ ਗਰੁੱਪ ਦਾ ਆਪਣੀ ਸਟੇਜ ਉੱਤੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਨੂੰ ਮਨਾਉਣਾ ਅਤੇ ਇਸ ਨੂੰ ਵੱਡੀ ਪੱਧਰ ਉੱਤੇ ਪ੍ਰਚਾਰਨਾ ਇਕ ਅਜਿਹੀ ਕਾਰਵਾਈ ਹੀ ਹੈ। ਇਸ ਸੰਘਰਸ਼ ਨੇ ਦੁਨੀਆ ਪੱਧਰ ਉੱਤੇ ਆਪਣਾ ਪ੍ਰਭਾਵ ਛੱਡਣਾ ਹੈ। ਇਸ ਲਈ ਇਸ ਦੀ ਇਤਿਹਾਸਕ ਮਹੱਤਤਾ ਨੂੰ ਸਮਝਦਿਆਂ ਹੋਇਆਂ ਦੋਵਾਂ ਧਿਰਾਂ ਨੂੰ ਇਕ-ਦੂਜੇ ਬਾਰੇ ਟਿੱਪਣੀ ਕਰਨ ਲੱਗਿਆਂ ਸ਼ਬਦਾਂ ਦੀ ਚੋਣ ਬੜੇ ਧਿਆਨ ਨਾਲ ਕਰਨੀ ਚਾਹੀਦੀ ਹੈ। ਇਹ ਗੱਲ ਸੱਚ ਹੈ ਕਿ ਆਮ ਨਾਸਤਿਕਾਂ ਵਾਂਗ ਬਹੁਤੇ ਕਮਿਊਨਿਸਟ ਵੀ ਆਪਣੇ ਮਨਾਂ ਵਿਚ ਇਹ ਧਾਰਨਾ ਬਣਾਈ ਬੈਠੇ ਹਨ ਕਿ ਕਿਸੇ 'ਰੱਬ' ਦੀ ਕੋਈ ਹੋਂਦ ਨਹੀਂ ਅਤੇ ਮਨੁੱਖ ਇਕ ਕੁਦਰਤੀ ਜੀਵ ਹੈ। ਪਰ ਜਦੋਂ ਇਹ ਪੁੱਛਿਆ ਜਾਂਦਾ ਹੈ ਕਿ ਮਨੁੱਖ ਇਕ ਕੁਦਰਤੀ ਜੀਵ ਕਿਵੇਂ ਹੈ ਅਤੇ ਇਹ ਬਾਕੀ ਦੇ ਕੁਦਰਤੀ ਜੀਵਾਂ ਨਾਲੋਂ ਕਿਵੇਂ ਵੱਖਰਾ ਹੈ, ਤਾਂ ਅਕਸਰ ਮਾਰਕਸ ਦੇ ਇਹ ਸ਼ਬਦ ਦੁਹਰਾ ਦਿੱਤੇ ਜਾਂਦੇ ਹਨ ਕਿ ਮਨੁੱਖ ਇਕ ਚੇਤੰਨ ਜੀਵ ਹੈ। ਜਦੋਂ ਇਹ ਪੁੱਛਿਆ ਜਾਂਦਾ ਹੈ ਕਿ ਮਨੁੱਖ ਇਕ ਚੇਤੰਨ ਜੀਵ ਕਿਵੇਂ ਹੈ, ਤਾਂ ਦੜ ਵਟ ਲਈ ਜਾਂਦੀ ਹੈ। ਇਸਦਾ ਕਾਰਨ ਇਹੀ ਹੈ ਕਿ ਇਹ ਸਾਰੇ ਇਸ ਸਮੁੱਚੇ ਵਰਤਾਰੇ ਤੋਂ ਹੀ ਅਣਜਾਣ ਹਨ ਕਿ ਜੇ ਕਿਸੇ 'ਰੱਬ' ਦੀ ਕੋਈ ਹੋਂਦ ਨਹੀਂ ਤਾਂ ਫਿਰ ਆਦਿ-ਕਾਲ ਤੋਂ ਲੈ ਕੇ ਹੁਣ ਤਕ ਇਕੱਠੇ ਹੋਏ ਮਨੁੱਖੀ ਗਿਆਨ ਦੀ ਪ੍ਰਾਪਤੀ ਦਾ ਕੀ ਭੇਦ ਹੈ ? ਗਿਆਨ ਪ੍ਰਾਪਤੀ ਦਾ ਦਵੰਦਵਾਦੀ ਢੰਗ ਹੀ ਸਾਨੂੰ ਇਹ ਭੇਦ ਦੱਸਦਾ ਹੈ। ਗਿਆਨ ਪ੍ਰਾਪਤੀ ਦੇ ਇਸ ਢੰਗ ਦੀ ਖੋਜ ਜਰਮਨ ਫ਼ਿਲਾਸਫ਼ਰ ਹੀਗਲ ਨੇ ਕੀਤੀ ਪਰ ਇਸ ਨੂੰ ਮਨੁੱਖੀ ਅਮਲ ਵਿਚ ਮਾਰਕਸ ਨੇ ਲਾਗੂ ਕੀਤਾ। ਮਾਰਕਸ-ਏਂਗਲਜ ਆਪਣੀਆਂ ਫ਼ਿਲਾਸਫ਼ੀ ਦੀਆਂ ਅਨੇਕ ਲਿਖਤਾਂ ਵਿਚ ਸਪਸ਼ਟ ਕਰਦੇ ਹਨ ਅਤੇ ਜਿਵੇਂ ਇਸ ਲਿਖਤ ਵਿਚ ਵੀ ਸਪਸ਼ਟ ਕੀਤਾ ਗਿਆ ਹੈ, ਕਿ ਮਨੁੱਖੀ ਮਨ ਕੁਦਰਤ ਦੀ ਸਿਰਮੌਰ ਸਿਰਜਣਾ ਹੈ। ਕੁਦਰਤ ਨਾਲ ਮਨੁੱਖੀ ਮਨ ਦਾ ਅਨੁਭਵੀ ਰਿਸ਼ਤਾ ਸਪਸ਼ਟ ਕਰਨ ਤੋਂ ਬਾਅਦ ਇਹ ਜਾਣਕਾਰੀ ਵੀ ਦਿੱਤੀ ਗਈ ਹੈ ਕਿ ਕੁਦਰਤ ਮੁੱਖ ਪੱਖ ਹੈ ਅਤੇ ਮਨ ਅਧੀਨ ਪੱਖ ਹੈ। ਬੇਸ਼ੱਕ ਇਸਦਾ ਇਹ ਭਾਵ ਹਰਗਿਜ ਨਹੀਂ ਕਿ ਕੁਦਰਤ ਅਤੇ ਮਨੁੱਖੀ ਮਨ ਦੇ ਇਸ ਅਨੁਭਵੀ ਰਿਸ਼ਤੇ ਨੂੰ ਸਪਸ਼ਟ ਕਰਨ ਤੋਂ ਬਾਅਦ ਕੁਦਰਤ ਦੀ ਅਨਮੋਲ ਸਿਰਜਣਾ ਮਨੁੱਖੀ ਮਨ ਨੂੰ ਉੱਕਾ ਹੀ ਅਣਗੌਲਿਆ ਕਰ ਦਿੱਤਾ ਜਾਏ ਅਤੇ ਮਨੁੱਖੀ ਮਨ ਦੀ ਖੋਜ ਦਾ ਸਾਰਾ ਕੰਮ ਭਾਵ ਮਨੋਵਿਗਿਆਨ ਵਿਕਸਿਤ ਕਰਨ ਦਾ ਸਮੁੱਚਾ ਕਾਰਜ ਸਾਮਰਾਜੀ ਦੌਰ ਦੇ ਮਨੋਰੋਗੀ ਮਾਹਿਰਾਂ ਲਈ ਛੱਡ ਦਿੱਤਾ ਜਾਏ। ਮਾਰਕਸ ਦਾ ਹੀਗਲ ਨਾਲੋਂ ਬੁਨਿਆਦੀ ਫ਼ਰਕ ਇਹੀ ਹੈ, ਕਿ ਹੀਗਲ ਦਾ ਮੰਨਣਾ ਹੈ ਕਿ ਕੁਦਰਤੀ ਅਤੇ ਸਮਾਜੀ ਵਰਤਾਰਿਆਂ ਬਾਰੇ ਪੈਦਾ ਹੋਇਆ ਸਾਰਾ ਗਿਆਨ, ਮਨੁੱਖੀ ਮਨ ਵਿਚ ਪੈਦਾ ਹੁੰਦੇ ਸੰਕਲਪਾਂ ਦੀ ਦੇਣ ਹੈ। ਭਾਵ ਸਾਰਾ ਮਨੁੱਖੀ ਗਿਆਨ, ਮਨੁੱਖੀ ਮਨ ਵਿਚ ਪੈਦਾ ਹੋਏ ਸੰਕਲਪਾਂ (ਵਿਚਾਰਾਂ) ਦਾ ਜਮਾ ਜੋੜ ਹੈ। ਭਾਵ ਮਨੁੱਖੀ ਮਨ ਵਿਚ ਬਣਿਆ ਸੰਕਲਪ ਮੁੱਖ ਪੱਖ ਹੈ ਅਤੇ ਕੁਦਰਤ ਅਧੀਨ ਪੱਖ ਹੈ। ਅਰਥਾਤ ਮਨੁੱਖੀ ਮਨ ਅੰਤਿਮ ਸੱਚ ਹੈ। ਪਰ ਮਾਰਕਸ-ਏਂਗਲਜ ਦਾ ਮੰਨਣਾ ਹੈ ਕਿ ਕੁਦਰਤ ਬਾਹਰਮੁਖੀ ਠੋਸ ਹਕੀਕਤ ਹੈ ਤੇ ਮੁੱਖ ਪੱਖ ਹੈ ਜਦੋਂ ਕਿ ਮਨ ਅਧੀਨ ਪੱਖ ਹੈ। ਬੇਸ਼ੱਕ ਅਨੁਭਵੀ ਮਨ ਰਾਹੀਂ ਕੁਦਰਤ ਅਤੇ ਕੁਦਰਤੀ ਨੇਮਾਂ (ਹੁਕਮ) ਦੀ ਹੋਈ ਜਾਣਕਾਰੀ ਅੰਤਿਮ ਸੱਚ ਹੈ। ਯਕੀਨਨ ਮਨੁੱਖੀ ਮਨ ਕੁਦਰਤ ਦੀ ਸਿਰਮੌਰ ਸਿਰਜਣਾ ਹੈ ਅਤੇ ਹੁਣ ਤੱਕ ਦਾ ਇਕੱਠਾ ਹੋਇਆ ਸਾਰਾ ਮਨੁੱਖੀ ਗਿਆਨ, ਕੁਦਰਤੀ ਅਤੇ ਸਮਾਜੀ ਵਰਤਾਰਿਆਂ ਬਾਰੇ ਮਨੁੱਖੀ ਮਨ ਵਿਚ ਬਣਦੇ ਅਤੇ ਲਗਾਤਾਰ ਵਿਕਸਿਤ ਹੁੰਦੇ ਆ ਰਹੇ ਸੰਕਲਪਾਂ ਦੀ ਦੇਣ ਹੈ। ਇਨਾਂ ਸੰਕਲਪਾਂ ਨੂੰ ਲਗਾਤਾਰ ਵਿਕਸਿਤ ਕਰਨ ਵਿਚ ਮਨੁੱਖ ਦੀ ਆਪਣੀ ਚੇਤੰਨ ਸੋਚ ਸਹਾਈ ਹੁੰਦੀ ਹੈ। ਬੇਸ਼ੱਕ ਹੁਣ ਤਕ ਮਨੁੱਖ ਇਹ ਸਮਝਣ ਤੋਂ ਅਸਮਰਥ ਰਿਹਾ ਹੈ ਕਿ ਉਸ ਦੀ ਆਪਣੀ ਚੇਤੰਨ ਸੋਚ ਹੀ ਉਸ ਦੀ ਆਪਣੀ ਸਰੀਰੀ ਆਤਮਾ ਹੈ।

ਕੁਝ ਸਿਆਣੇ ਤੇ ਸੁਲਝੇ ਲੋਕਾਂ ਨੂੰ ਵੀ ਲਗ ਰਿਹਾ ਹੈ ਕਿ ਕਿਸਾਨ ਅੰਦੋਲਨ ਖੜੋਤ ਦਾ ਸ਼ਿਕਾਰ ਹੋ ਰਿਹਾ ਹੈ। ਉਹ ਸਮਝਦੇ ਹਨ ਕਿ ਹਰ ਰੋਜ਼ ਕੋਈ ਨਵਾਂ ਪ੍ਰੋਗਰਾਮ ਦਿੱਤਾ ਜਾਏ, ਤਾਂ ਕਿ ਸੰਘਰਸ਼ ਵਿਚ ਹਿੱਸਾ ਲੈ ਰਹੇ ਲੋਕਾਂ ਦਾ ਮਨੋਬਲ ਕਾਇਮ ਰਹੇ ਅਤੇ ਮੋਦੀ ਸਰਕਾਰ ਦਾ ਨੱਕ ਵਿਚ ਦਮ ਕੀਤਾ ਜਾਏ ਤੇ ਉਹ ਕਿਸਾਨੀ ਦੀਆਂ ਮੰਗਾਂ ਮੰਨਣ ਲਈ ਮਜਬੂਰ ਹੋਵੇ। ਪਰ ਸਮਝਣ ਵਾਲੀ ਗੱਲ ਇਹ ਹੈ ਕਿ ਇਹ ਸੰਘਰਸ਼ ਨਾ ਸਿਰਫ਼ ਮੋਦੀ ਸਰਕਾਰ ਲਈ ਚੁਣੌਤੀ ਹੈ , ਬਲਕਿ ਉਸ ਸਾਮਰਾਜੀ ਢਾਂਚੇ ਨੂੰ ਵੀ ਚੁਣੌਤੀ ਹੈ, ਜਿਸ ਉੱਤੇ ਇਹ ਪੂਰਾ ਰਾਜ ਪ੍ਰਬੰਧ ਖੜਾ ਹੈ। ਮੋਦੀ ਦਾ ਸਾਮਰਾਜੀ ਢਾਂਚਾ ਕਿੰਨੇ ਵੱਡੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਇਸ ਦਾ ਅੰਦਾਜ਼ਾ ਸਿਰਫ਼ ਇਸ ਇਕ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਉਸ ਦੇ ਆਪਣੇ ਮੈਂਬਰ ਪਾਰਲੀਮੈਂਟ ਤੇ ਆਰ ਐਸ ਐਸ ਆਗੂ ਨੂੰ ਕਹਿਣਾ ਪੈ ਰਿਹਾ ਹੈ ਕਿ ਲੋਕਾਂ ਨਾਲ ਏਨਾ ਧੱਕਾ ਨਾ ਕਰੋ ਕਿ 30 ਰੁਪਏ ਲੀਟਰ ਪੈਟਰੋਲ ਲੈ ਕੇ 90 ਰੁਪਏ ਵੇਚ ਰਹੇ ਹੋ. ਸੂਬਿਆਂ ਦੇ ਜੀਐਸਟੀ ਨੂੰ ਸੰਵਿਧਾਨ ਦੀਆਂ ਧੱਜੀਆਂ ਉਡਾ ਕੇ ਧੱਕੇ ਨਾਲ ਖੋਹਿਆ ਜਾ ਰਿਹਾ ਹੈ। ਉੱਤੋਂ ਚੀਨ ਨਾਲ ਈਰਖਾ ਉਨਾਂ ਨੂੰ ਅਰਬਾਂ ਰੁਪਏ ਦੇ ਹਥਿਆਰ ਖ਼ਰੀਦਣ ਲਈ ਮਜਬੂਰ ਕਰ ਰਹੀ ਹੈ। ਇਸ ਲਈ ਦੇਸ ਦੀ ਸਮੁੱਚੀ ਖੇਤੀ ਨੂੰ ਆਪਣੀ ਸਾਮਰਾਜੀ ਲੁੱਟ ਦੇ ਕਲਾਵੇ ਵਿਚ ਲੈਣਾ ਮੋਦੀ ਸਰਕਾਰ ਲਈ ਬਹੁਤ ਜ਼ਰੂਰੀ ਹੈ। ਤਸੱਲੀ ਦੇਣ ਵਾਲੀ ਗੱਲ ਇਹ ਹੈ ਕਿ ਮੋਦੀ ਸਰਕਾਰ ਨੂੰ ਇਸ ਸੰਘਰਸ਼ ਦੀ ਦੇਸ ਤੇ ਕੌਮਾਂਤਰੀ ਪੱਧਰ ਉੱਤੇ ਬੜੀ ਮਹਿੰਗੀ ਰਾਜਸੀ ਕੀਮਤ ਤਾਰਨੀ ਪੈ ਰਹੀ ਹੈ। ਦੁਨੀਆ ਭਰ ਵਿਚ ਇਸ ਸੰਘਰਸ਼ ਦੀ ਚਰਚਾ ਹੋਣੀ ਤੇ ਜਿਮੀ ਕਾਰਟਰ ਵਰਗੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਵੱਲੋਂ ਇਸ ਸੰਘਰਸ਼ ਨੂੰ ਮਿਲੀ ਹਮਾਇਤ ਸਾਬਤ ਕਰਦੀ ਹੈ ਕਿ ਹਰ ਰੋਜ਼ ਇਸ ਅੰਦੋਲਨ ਦਾ ਘੇਰਾ ਵੱਡਾ ਹੋ ਰਿਹਾ ਹੈ। ਪੰਜਾਬ ਦੀ ਕਿਸਾਨੀ ਤੇ ਖ਼ਾਸ ਕਰਕੇ ਸਿੱਖ ਕਿਸਾਨੀ ਦੇ ਧਿਆਨ ਹਿਤ ਕੁਝ ਨੁਕਤੇ :

1. ਮੋਦੀ ਸਰਕਾਰ ਤਿੰਨੇ ਖੇਤੀ ਬਿਲ ਵਾਪਸ ਲਵੇ ਜਾਂ ਨਾ ਲਵੇ ਪਰ ਉਸ ਨੇ ਆਪਣੀ ਨੀਯਤ ਸਪਸ਼ਟ ਕਰ ਦਿੱਤੀ ਹੈ ਕਿ ਉਹ ਪੰਜਾਬ ਦੀ ਕਿਸਾਨੀ ਨੂੰ ਅੰਨੇ ਬੋਲੇ ਮਨੋਰੋਗੀ ਅੰਬਾਨੀਆਂ ਅਡਾਨੀਆਂ ਦੇ ਮਾਇਆਧਾਰੀ ਸ਼ਿਕੰਜੇ ਵਿਚ ਫਸਾ ਕੇ ਉਨਾਂ ਨੂੰ ਜ਼ਮੀਨ ਰਹਿਤ ਮਜ਼ਦੂਰ ਤੇ ਘਸਿਆਰੇ ਬਣਾਉਣਾ ਚਾਹੁੰਦੀ ਹੈ.
2. ਮੋਦੀ ਸਰਕਾਰ ਲਈ ਕੋਈ ਸੰਵਿਧਾਨ, ਕੋਈ ਕਾਨੂੰਨ, ਕੋਈ ਨਿਆਂ ਪ੍ਰਬੰਧ ਹੋਂਦ ਨਹੀਂ ਰੱਖਦਾ, ਇਸ ਲਈ ਉਹ ਆਪਣੇ ਇਸ ਧੱਕੜ ਫ਼ੈਸਲੇ ਨੂੰ ਪੁਲਿਸ ਤੇ ਫ਼ੌਜੀ ਜ਼ੋਰ ਨਾਲ ਲਾਗੂ ਕਰਵਾਉਣਾ ਚਾਹੁੰਦੀ ਹੈ.
3. ਮੋਦੀ ਸਰਕਾਰ ਦੀ ਇਸ ਵਹਿਸ਼ੀ ਰਾਜਨੀਤੀ ਤੋਂ ਖਹਿੜਾ ਛੁਡਾਉਣ ਲਈ ਸਿੰਘੂ ਬਾਰਡਰ ਉੱਤੇ ਬੁਲੰਦ ਹੋਈਆਂ ਪੰਜਾਬੀ ਸਾਂਝ ਤੇ ਵੰਡ ਛਕਣ ਦੀਆਂ ਸਿੱਖ ਰਵਾਇਤਾਂ ਦੀ ਰੌਸ਼ਨੀ ਵਿਚ ਇਸ ਸੰਘਰਸ਼ ਦੀ ਅਗਵਾਈ ਕਰ ਰਹੀਆਂ ਧਿਰਾਂ ਨੂੰ ਇਕ ਪਾਰਟੀ ਬਣਾ ਕੇ 2022 ਦੀਆਂ ਚੋਣਾਂ ਲੜਨ ਦੀ ਤਿਆਰੀ ਕਰਨੀ ਚਾਹੀਦੀ ਹੈ ਅਤੇ ਆਪਣੀ ਹਮਾਇਤ ਵਿਚ ਨਿੱਤਰੀ ਪੰਜਾਬ ਦੀ ਅਫ਼ਸਰਸ਼ਾਹੀ ਦੇ ਸਹਿਯੋਗ ਨਾਲ ਪੰਜਾਬ ਦੇ ਰਾਜ ਪ੍ਰਬੰਧ ਨੂੰ ਲੋਕ ਪੱਖੀ ਲੀਹਾਂ ਉੱਤੇ ਚਲਾਉਣ ਦੇ ਯਤਨ ਕਰਨੇ ਚਾਹੀਦੇ ਹਨ.
4. ਪਿੰਡ ਨੂੰ ਪੰਜਾਬ ਦੇ ਵਿਕਾਸ ਦੀ ਮੁੱਢਲੀ ਇਕਾਈ ਮੰਨ ਕੇ ਤੇ ਤਿੰਨ ਏਕੜ ਤੋਂ ਘੱਟ ਮਾਲਕੀ ਦੇ ਕਿਸਾਨਾਂ ਨੂੰ ਨਾਲ ਲੈ ਕੇ ਤੇ ਪੰਚਾਇਤੀ ਜ਼ਮੀਨਾਂ ਨੂੰ ਇਸ ਵਿਚ ਮਿਲਾ ਕੇ ਪਿੰਡ ਦੇ ਹੋਰਨਾਂ ਕਿਰਤੀਆਂ ਨੂੰ ਨਾਲ ਲੈ ਕੇ ਸਾਂਝੀ ਕੁਦਰਤੀ ਖੇਤੀ ਵਿਕਸਿਤ ਕਰਨੀ ਚਾਹੀਦੀ ਹੈ।
5. ਗੁਰੂ ਵਰੋਸਾਈ ਧਰਤੀ ਉੱਤੋਂ ਹਮੇਸ਼ਾ ਲਈ ਜਾਤ-ਪਾਤ ਖ਼ਤਮ ਕਰ ਕੇ ਪਿੰਡ ਵਿਚ ਇਕ ਗੁਰਦੁਆਰਾ ਇਕ ਸ਼ਮਸ਼ਾਨ ਘਾਟ ਦੀ ਪਿਰਤ ਪਾਉਣੀ ਚਾਹੀਦੀ ਹੈ। ਸ਼ਹਿਰੀ ਅਮੀਰਾਂ ਨੂੰ ਭਰੋਸੇ ਵਿਚ ਲੈ ਕੇ ਸ਼ਹਿਰੀ ਗ਼ਰੀਬਾਂ ਦੀ ਜੂਨ ਸੁਧਾਰਨ ਦੇ ਯਤਨ ਕਰਨੇ ਚਾਹੀਦੇ ਹਨ। ਅਜਿਹਾ ਕੋਈ ਲੋਕ ਪੱਖੀ ਪ੍ਰੋਗਰਾਮ ਲੈ ਕੇ ਇਸ ਗੱਠਜੋੜ ਨੂੰ ਪੰਜਾਬ ਦੀ ਰਾਜਨੀਤੀ ਵਿਚ ਉੱਤਰਨਾ ਚਾਹੀਦਾ ਹੈ। ਇੰਟਰਨੈਟ ਅਖ਼ਬਾਰ 'ਦ ਪ੍ਰਿੰਟ' ਵਿਚ ਸ਼ਿਵਮ ਵਿਜ ਦੀ ਛਪੀ ਇਕ ਲਿਖਤ ਅਨੁਸਾਰ ਮੋਦੀ ਸਰਕਾਰ 38 ਫੀਸਦੀ ਲੋਕਾਂ ਦੀ ਸਰਕਾਰ ਹੈ। ਮੋਦੀ-ਸ਼ਾਹ ਦਾ ਸਾਰਾ ਜ਼ੋਰ ਇਸ ਗੱਲ ਉੱਤੇ ਲਗਾ ਹੋਇਆ ਹੈ ਕਿ 38 ਫੀਸਦੀ ਵੋਟਰਾਂ ਨੂੰ ਆਪਣੇ ਜਾਲ ਵਿਚ ਕਿਵੇਂ ਫਸਾਈ ਰੱਖਣਾ ਹੈ, ਇਸ ਵਾਸਤੇ ਉਸ ਨੂੰ ਭਾਵੇਂ 20 ਕਰੋੜ ਮੁਸਲਮਾਨਾਂ ਨੂੰ ਜ਼ਲੀਲ ਕਰਨਾ ਪਵੇ, ਭਾਵੇਂ 40 ਲੱਖ ਕਸ਼ਮੀਰੀਆਂ ਨੂੰ ਘਰਾਂ ਵਿਚ ਨਜ਼ਰਬੰਦ ਕਰਨਾ ਪਵੇ ਅਤੇ ਭਾਵੇਂ ਸਾਰੇ ਸਿੱਖਾਂ ਨੂੰ ਖਾਲਿਸਤਾਨੀ ਕਰਾਰ ਦੇਣਾ ਪਵੇ। ਬਾਕੀ ਦੇ 62 ਫੀਸਦੀ ਲੋਕ ਉਸ ਵਾਸਤੇ ਕੋਈ ਮਾਇਨੇ ਨਹੀਂ ਰੱਖਦੇ। ਇਹੀ ਕਾਰਨ ਹੈ ਕਿ ਉਹ ਕਿਸਾਨੀ ਦੇ ਸੰਘਰਸ਼ ਨੂੰ ਟਿੱਚ ਜਾਣਦਾ ਹੈ। ਉਸ ਨੂੰ ਪਤਾ ਹੈ ਕਿ ਉਹ ਪੰਜਾਬ ਵਿਚ ਕਦੀ ਸਰਕਾਰ ਨਹੀਂ ਬਣਾ ਸਕਦਾ ਤੇ ਹਰਿਆਣੇ ਵਿਚ ਦੁਸ਼ਿਅੰਤ ਚੌਟਾਲਾ ਭਾਜਪਾ ਸਰਕਾਰ ਦੀ ਹਮਾਇਤ ਕਦੀ ਵਾਪਸ ਨਹੀਂ ਲੈ ਸਕਦਾ, ਕਿਉਂਕਿ ਜਿਸ ਦਿਨ ਉਸ ਨੇ ਸਰਕਾਰ ਤੋਂ ਹਮਾਇਤ ਵਾਪਸ ਲਈ, ਉਸੇ ਦਿਨ ਉਸ ਦੇ ਪਿਤਾ ਦੀ ਪੈਰੋਲ ਖ਼ਤਮ ਕਰ ਦਿੱਤੀ ਜਾਵੇਗੀ। ਇਸ ਹਾਲਤ ਵਿਚ ਉਹ ਬੇਫ਼ਿਕਰੀ ਨਾਲ ਸ਼ੀਤ ਰਾਤਾਂ ਦੀ ਮਾਰ ਝੱਲ ਰਹੀ ਕਿਸਾਨੀ ਦੀ ਪੀੜ ਦਾ ਅਨੰਦ ਲੈ ਰਿਹਾ ਹੈ ਅਤੇ ਉਸ ਦੀਆਂ ਨੀਤੀਆਂ ਦਾ ਵਿਰੋਧ ਕਰ ਰਹੇ ਲੋਕਾਂ ਨੂੰ ਸਬਕ ਸਿਖਾ ਰਿਹਾ ਹੈ। ਇਹੀ ਕਾਰਨ ਹੈ ਕਿ ਉਸ ਦੀਆਂ ਨੀਤੀਆਂ ਦੇ ਸਤਾਏ 62 ਫੀਸਦੀ ਲੋਕ ਪੰਜਾਬ ਦੀ ਕਿਸਾਨੀ ਦੇ ਇਸ ਸੰਘਰਸ਼ ਨੂੰ ਬੜੀਆਂ ਆਸ ਭਰੀਆਂ ਨਜ਼ਰਾਂ ਨਾਲ ਵੇਖ ਰਹੇ ਹਨ। ਇਸੇ ਕਰਕੇ ਇਸ ਸੰਘਰਸ਼ ਨੂੰ ਦੇਸ਼ ਭਰ ਵਿਚੋਂ ਵੱਡਾ ਹੁੰਗਾਰਾ ਮਿਲ ਰਿਹਾ ਹੈ।

## ਜੋ ਬੋਲੇ ਸੋ ਨਿਹਾਲ : 'ਗਾਥਾ ਗੂੜ ਅਪਾਰੰ....'

# ਗੁਰੂ ਨਾਨਕ ਦਾ ਵਿਸ਼ਵ ਆਰਡਰ ਤੇ ਮਾਰਕਸਵਾਦੀਆਂ ਦਾ ਵਿਰਸਾ



**- ਗੁਰਤੇਜ ਸਿੰਘ ਆਈਏਐਸ**

ਜੋਜ਼ਫ ਸਟੈਲਿਨ ਤੇ ਮਾਓ ਜ਼ੇ ਤੁੰਗ ਸੋਵੀਅਤ ਯੂਨੀਅਨ ਅਤੇ ਚੀਨ ਦੇ ਵੱਡੇ ਸਿਆਸੀ ਆਗੂ ਹੋਏ ਹਨ। ਇਹਨਾਂ ਨੇ ਕਾਰਲ ਮਾਰਕਸ ਦੇ ਮਨੁੱਖਤਾ ਲਈ ਸਿਰਜੇ ਵੱਡੇ ਸੁਪਨਿਆਂ ਨੂੰ ਸੰਸਾਰ ਦੀ ਧਰਾਤਲ ਉੱਤੇ ਉਤਾਰਨਾ ਸੀ। ਇਹਨਾਂ ਉਹ ਸੁਰਗ ਦਾ ਨਕਸ਼ਾ ਜਿਸ ਵਿੱਚ 'ਹਰ ਇੱਕ ਬੰਦਾ ਸ਼ਾਹ ਦੁਨੀਆ ਦਾ ਹਰ ਇੱਕ ਤੀਵੀਂ ਰਾਣੀ' ਹੋਵੇ, ਧਰਤੀ ਉੱਤੇ ਵਾਹੁਣਾ ਸੀ। ਅਨੇਕਾਂ ਬੋਲੀਆਂ ਵਿੱਚ ਹਿੰਦੋਸਤਾਨ ਵਿੱਚ ਤਕਰੀਬਨ ਮੁਫ਼ਤ ਵੰਡੇ ਜਾਂਦੇ ਸੋਵੀਅਤ ਰਸਾਲੇ ਵਿੱਚ ਦਿਓ-ਕੱਦ ਜੋੜੇ ਦੀ ਤਸਵੀਰ ਜ਼ਰੂਰ ਹੁੰਦੀ ਸੀ। ਔਰਤ ਦੇ ਹੱਥ ਵਿੱਚ ਕਣਕ ਦੀਆਂ ਬੱਲੀਆਂ ਤੇ ਮਰਦ ਦੇ ਹੱਥ ਦਾਤ-ਨੁਮਾ ਦਾਤਰੀ ਹੁੰਦੀ ਸੀ। ਬਰਾਬਰਤਾ, ਖ਼ੁਸ਼ਹਾਲੀ ਉਹਨਾਂ ਦੇ ਚਿਹਰਿਆਂ ਤੋਂ ਝਲਕਦੀ ਹੁੰਦੀ ਸੀ। ਇਹੋ ਜਿਹੇ ਮੁਜੱਸਮੇ ਵੇਖ ਕੇ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸੋਹਣ ਸਿੰਘ ਜੋਸ਼ ਤੇ ਸੰਤ ਸਿੰਘ ਸੇਖੋਂ ਆਦਿ ਨੇ ਸਿੱਖਾਂ ਦੀ ਬੌਧਿਕ ਅਗਵਾਈ ਦੇ ਪਰ ਕੱਟ ਕੇ, ਉਸ ਨੂੰ ਸਾਮਵਾਦੀ ਦਲਦਲ ਵਿੱਚ ਧੱਕ ਕੇ ਸਿੱਖ ਕੌਮ ਨੂੰ ਦਿਸ਼ਾਹੀਣ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਚੰਗੇ ਭਲ਼ੇ ਨਿੱਤ ਨੇਮੀ, ਅੰਮ੍ਰਿਤਧਾਰੀ, ਗ਼ਦਰੀ ਬਾਬਿਆਂ ਨੂੰ ਵੀ ਤਰਾਸ਼ ਕੇ ਕੌਮਿਊਨਿਜ਼ਮ ਦੇ ਚੌਖਟੇ ਵਿੱਚ ਕੱਸ ਦਿੱਤਾ ਸੀ।

ਇਹ ਤਾਂ ਸਰਬੀਆ ਵਿੱਚ ਦਫ਼ਨਾਏ ਲੱਖਾਂ ਲੋਕਾਂ ਦੀਆਂ ਕਬਰਾਂ ਅਤੇ ਚੀਨ ਦੀ 'ਅਗਾਂਹ ਨੂੰ ਵੱਡੀ ਛਾਲ' ਇਨਕਲਾਬ ਵਿੱਚ ਕਤਲ ਕੀਤਿਆਂ ਦੀਆਂ ਗਿਣਤੀਆਂ ਦੇ ਬਾਅਦ ਪਤਾ ਲੱਗਿਆ ਕਿ ਚੀਨ, ਰੂਸ ਨੇ ਕਿਹੋ ਜਿਹਾ ਸੁਰਗ ਸਾਜਿਆ ਸੀ। ਮਾਓ ਨੇ 1958 ਤੋਂ 1962 ਤੱਕ 450 ਤੋਂ 600 ਲੱਖ ਨਿਹੱਥੇ, ਨਿਮਾਣੇ, ਨਿਤਾਣੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਇਨਾਂ ਵਿੱਚ ਹੂਨਾਨ ਸੂਬੇ ਦਾ ਇੱਕ ਭੁੱਖ ਦਾ ਸਤਾਇਆ ਬੱਚਾ ਵੀ ਸੀ ਜਿਸ ਨੇ ਇੱਕ ਮੁੱਠੀ ਅਨਾਜ ਚੋਰੀ ਕਰ ਲਿਆ ਸੀ ਅਤੇ ਉਸ ਦੇ ਬਾਪ ਨੂੰ ਮਜਬੂਰ ਕਰ ਕੇ ਉਸ ਨੂੰ ਜਿਊਂਦੇ ਨੂੰ ਦਫ਼ਨ ਕਰਵਾ ਦਿੱਤਾ ਸੀ। ਇੱਕ ਉਹ ਵੀ ਸੀ ਜਿਸ ਨੂੰ ਇੱਕ ਆਲੂ ਪੁੱਟਣ ਦੀ ਸਜ਼ਾ ਵਜੋਂ ਗਰਮ ਲੋਹੇ ਨਾਲ ਦਾਗ਼ ਦਿੱਤਾ ਸੀ। ਸਟੈਲਿਨ ਨੇ 400 ਲੱਖ ਕੂਲਕ ਲੋਕਾਂ ਨੂੰ ਨਕਲੀ ਕਾਲ ਪਾ ਕੇ ਭੁੱਖਿਆਂ ਮਾਰ ਦਿੱਤਾ ਸੀ। ਇਹ ਸਾਰੇ ਇਹਨਾਂ ਦੇ ਆਪਣੇ ਦੇਸ਼-ਵਾਸੀ ਸਨ।

ਧੰਨ ਹਨ ਸਾਡੇ ਆਗੂ ਜਿਹੜੇ ਅਜੇ ਵੀ ਸਮਰਾਜਵਾਦ ਦੇ ਗੁਣਗਾਣ ਦਾ ਰਿਆਜ਼ ਮੁਕਤ-ਕੰਠ ਕਰ ਰਹੇ ਹਨ।

ਸਟੈਲਿਨ ਨੇ ਦਾਅਵਾ ਕੀਤਾ ਸੀ ਕਿ ਕੁੱਲ ਮਨੁੱਖੀ ਸਮਾਜ ਦੀ ਭਲਾਈ ਲਈ, ਅਸੂਲਾਂ ਉੱਤੇ ਟੇਕ ਰੱਖਦੀ, ਸੰਸਾਰ ਦੀ ਪਹਿਲੀ ਸਿਆਸੀ ਤਨਜ਼ੀਮ ਉਸ ਦੀ ਕੌਮਿਊਨਿਸਟ ਪਾਰਟੀ ਹੈ। ਦੁਨੀਆ ਭਰ ਦੇ ਸਮਾਜਕ ਤੇ ਸਿਆਸੀ ਢਾਂਚਿਆਂ ਦੇ ਵੱਡੇ ਜਾਣਕਾਰ ਆਰਨਲਡ ਟੌਇਨਬੀ ਨੇ ਇਸ ਦਾਅਵੇ ਨੂੰ ਨਕਾਰਦਿਆਂ ਨਿਰਣਾ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਹੀ ਅਜਿਹੀ ਪਹਿਲੀ ਸਿਆਸੀ ਤਨਜ਼ੀਮ ਹੈ। ਸਿੱਖ ਪੰਥ ਦੀ ਇਹ ਕਮਜ਼ੋਰੀ ਹੈ ਕਿ ਇਸ ਨੇ ਅਜੇ ਤੱਕ ਖ਼ਾਲਸੇ ਦੇ ਸਿਆਸੀ ਰੁਤਬੇ ਅਤੇ ਕਰਤਬ ਬਾਰੇ ਚਰਚਾ ਨਾ ਕਰਕੇ ਕੇਵਲ ਉਸ ਦੇ ਧਾਰਮਕ ਪੱਖ ਨੂੰ ਹੀ ਉਜਾਗਰ ਕੀਤਾ ਹੈ। ਅੱਜ, ਖ਼ਾਸ ਤੌਰ ਉੱਤੇ ਕੋਵਿਡ ਦੇ ਜ਼ਮਾਨੇ ਵਿੱਚ, ਹਰ ਕਿਸਮ ਦੇ ਸਿਆਸੀ ਪ੍ਰਬੰਧ ਢਹਿ-ਢੇਰੀ ਹੋ ਚੁੱਕੇ ਹਨ। ਲੋਕਾਂ ਦਾ ਯਕੀਨ ਮੌਜੂਦਾ ਕਿਸਮ ਦੇ ਸਿਆਸੀ ਆਗੂਆਂ ਤੋਂ ਉੱਠ ਚੁੱਕਾ ਹੈ। ਹੁਣ ਪਰਗਟ ਹੋਇਆ ਹੈ ਕਿ ਹਰ ਕਿਸਮ ਦੀ ਰਾਜ-ਪ੍ਰਣਾਲੀ ਹਾਕਮ ਜਮਾਤ ਦੀ ਲੁੱਟ, ਚਾਲੀ ਗੰਜ ਜੋੜਨ ਦੀ ਹਵਸ ਅਤੇ ਹੁਕਮ ਚਲਾਉਣ ਦੇ ਝੱਸ ਪੂਰਾ ਕਰਨ ਦਾ ਕੇਵਲ ਸਾਧਨ ਬਣ ਕੇ ਹੀ ਰਹਿ ਗਈ ਹੈ।

ਮਨੁੱਖਤਾ ਦੀ ਆਤਮਾ ਆਪਣੀਆਂ ਨਸਲਾਂ ਦੇ ਭਵਿੱਖ ਨੂੰ ਲੈ ਕੇ ਡੂੰਘੇ ਫ਼ਿਕਰ ਵਿੱਚ ਹੈ। ਅੱਜ ਦੀ ਪੀੜੀ ਨੇ ਧਰਮ ਨੂੰ ਅਤੇ ਸਿਆਸਤ ਨੂੰ, ਇੱਕ ਦੂਜੇ ਤੋਂ ਵਧ ਕੇ, ਆਮ ਲੋਕਾਂ ਦਾ ਹਰ ਪੱਖੋਂ ਸ਼ੋਸ਼ਣ ਕਰਦਿਆਂ ਵੇਖਿਆ ਹੈ ਠੀਕ ਉਵੇਂ ਜਿਵੇਂ ਸੱਚੇ ਸਾਹਿਬ ਨੇ ਸਦੀਆਂ ਪਹਿਲਾਂ ਫੁਰਮਾਇਆ ਸੀ: 'ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ॥ ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥੧॥' ਜਦੋਂ ਮਨੁੱਖਤਾ ਦੀ ਉੱਤਮ ਚੇਤਨਾ ਵਿੱਚ ਲੇਖਾ-ਜੋਖਾ ਹੁੰਦਾ ਹੈ ਤਾਂ ਮਾਓ, ਹਿਟਲਰ, ਸਟੈਲਿਨ ਦਾ ਅਤੇ ਉਨਾਂ ਦੀਆਂ ਰਾਜ-ਪ੍ਰਣਾਲੀਆਂ ਦਾ ਕੌਡੀ ਮੁੱਲ ਨਹੀਂ ਪੈਂਦਾ। 'ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ॥ ਅਢੁ ਨ ਲਹਦੜੋ ਮੁਲੁ ਨਾਨਕ ਸਾਥਿ ਨਾ ਜੁਲਈ ਮਾਇਆ॥'

'ਸਾਥਿ' ਜਾਂਦੀ ਹੈ ਬਾਬਾ ਬੰਦਾ ਸਿੰਘ ਬਹਾਦਰ ਵਰਗਿਆਂ ਦੀ ਸੁੱਚੀ ਘਾਲਣਾ ਜਿਸ ਤੋਂ ਪ੍ਰੇਰਨਾ ਲੈ ਕੇ 25 ਸਿਪਾਹੀਆਂ ਨੇ ਪੰਜ ਤੀਰਾਂ ਦੀ ਵਿਰਾਸਤ ਨਾਲ ਜ਼ਮਾਨੇ ਦੀ ਸਭ ਤੋਂ ਤਾਕਤਵਰ ਅਤੇ ਸਭ ਤੋਂ ਜ਼ਾਲਮ ਹਕੂਮਤ ਉੱਤੇ ਫ਼ਤਿਹ ਪਾਈ। ਫਿਰ ਦੁਨੀਆਂ ਦਾ ਸਭ ਤੋਂ ਪਹਿਲਾ ਲੋਕ-ਰਾਜ ਸਥਾਪਤ ਕੀਤਾ ਜਿਸ ਵਿੱਚ ਊਚ-ਨੀਚ ਦੇ ਭੇਦ-ਭਾਵ ਮਿਟ ਗਏ। ਜੁੱਤੀਆਂ ਗੰਢਣ ਵਾਲੇ ਸਿਰ ਉੱਤੇ ਕਲਗੀਆਂ ਸਜਾ ਕੇ ਰਾਜੇ ਬਣੇ। ਉਸ ਨੇ ਆਖਿਆ ਅਸੀਂ 'ਸਤਿਜੁਗ ਵਰਤਾਇਆ ਹੈ।' ਜ਼ਮਾਨੇ ਨੇ ਇੱਕ ਜ਼ੁਬਾਨ ਹੋ ਸ਼ਾਹਦੀ ਭਰੀ। ਤੇਗ਼ ਅਤੇ ਦੇਗ਼ ਪਹਿਲੀ ਵਾਰ ਨਪੀੜਿਆਂ-ਲਤਾੜਿਆਂ ਦੇ ਹੱਕ ਵਿੱਚ ਚੱਲੀ। ਬਰਕਤ ਵਾਲੀ ਨਾਨਕ ਦੀ ਤੇਗ਼ ਨੇ ਸਭ ਸਤਾਇਆਂ ਦੇ ਉੱਤੇ ਛਾਂ ਕੀਤੀ: 'ਤੇਗੇ ਨਾਨਕ ਵਾਹਬ ਅਸਤ।' ਖਰੇ ਸੌਦੇ ਵਾਲੀ ਦੇਗ਼ ਫਿਰ ਚੜੀ ਅਤੇ ਨਾ ਕੋਈ ਭੁੱਖਾ ਸੁੱਤਾ ਨਾ ਦੁਖੀ। ਲੋਕਾਂ ਦਾ ਕਤਲੇਆਮ ਕਰਨ ਦੀ ਬਜਾਏ, ਸਮਾਂ ਆਉਣ ਉੱਤੇ, ਹਾਕਮਾਂ ਨੇ ਆਪਣੇ ਬੱਚਿਆਂ ਦੇ ਕਾਲਜੇ ਮੂੰਹ ਪਵਾਏ ਅਤੇ ਆਪਣੇ ਸਰੀਰਾਂ ਨੂੰ ਮਨੁੱਖ-ਮਾਤਰ ਦੀ ਢਾਲ ਬਣਾਇਆ; ਸਾਰੇ ਵਾਰ ਹੱਸ-ਹੱਸ ਝੱਲੇ। ਸਾਰੀ ਸਦੀ ਇਹ ਵਰਤਾਰਾ ਰਿਹਾ।

ਰਣਜੀਤ ਸਿੰਘ ਦੇ ਸਮੇਂ ਦਾ ਖ਼ਾਲਸਾ ਰਾਜ ਜਾਂ ਖ਼ਾਲਸੇ ਦੀ ਅਗਵਾਈ ਵਿੱਚ ਲੋਕਾਂ ਦਾ ਰਾਜ, ਬੰਦਾ ਬਹਾਦਰ ਦੇ ਖ਼ਾਲਸਾ ਰਾਜ ਦਾ ਪਰਛਾਵਾਂ ਮਾਤਰ ਸੀ। ਪਰ ਦੇਗ਼ ਅਤੇ ਤੇਗ਼ ਓਸੇ ਵੇਗ ਅਤੇ ਖ਼ਲੂਸ ਨਾਲ ਚੱਲੀ। ਮੁਖੀ ਨੇ ਕਲਗੀ ਪੱਗ ਤੋਂ ਲਾਹ ਕੇ ਲਾਚਾਰ ਬੁੱਢੇ ਨੂੰ ਸਰਕਾਰੋਂ ਮਿਲੀ ਕਣਕ ਦੀ ਪੰਡ ਸਿਰ ਉੱਤੇ ਰੱਖ ਲਈ ਅਤੇ 'ਪਾਂਡੀ ਪਾਤਸ਼ਾਹ' ਕਹਾਇਆ। ਜੰਗਲ ਦੇ ਜਾਨਵਰਾਂ ਨੂੰ ਵੀ ਧਰਵਾਸ ਮਿਲਿਆ। ਵਿਲਕਦੀ ਸ਼ੇਰਨੀ ਦੀ ਫ਼ਰਿਆਦ ਉਸ ਦੇ ਕੰਨੀਂ ਪਈ ਅਤੇ ਇਹ ਆਖ ਕੇ ਉਸ ਨੇ ਉਸ ਦੇ ਬੱਚਿਆਂ ਨੂੰ ਸਿਪਾਹੀਆਂ ਤੋਂ ਮੁਕਤ ਕਰਾਇਆ: 'ਸ਼ੇਰਨੀ ਵੀ ਤਾਂ ਮਾਂ ਹੁੰਦੀ ਹੈ।' ਲੌਰਡ ਐਕਟਨ ਆਖਦਾ ਹੈ ਕਿ ਚਾਲੀ ਸਾਲਾਂ ਵਿੱਚ ਕਿਸੇ ਇੱਕ ਮਨੁੱਖ ਨੂੰ ਉਸ ਦੇ ਹੁਕਮ ਨਾਲ ਫ਼ਾਂਸੀ ਨਾ ਲੱਗੀ।

ਇੱਕੀਵੀਂ ਸਦੀ ਵਿੱਚ ਜਦੋਂ ਬੀ.ਬੀ.ਸੀ. ਨੇ ਸਭ ਤੋਂ ਵੱਧ ਜਾਣਕਾਰੀ ਰੱਖਣ ਵਾਲੇ ਕਈ ਮੁਲਕਾਂ ਦੇ ਇਤਿਹਾਸਕਾਰਾਂ ਨੂੰ ਪੁੱਛਿਆ ਤਾਂ ਸਭ ਦਾ ਨਿਰਣਾ ਸੀ ਕਿ ਬੀਤੀਆਂ ਸਦੀਆਂ ਵਿੱਚ ਸਭ ਤੋਂ ਉੱਤਮ ਰਾਜ ਰਣਜੀਤ ਸਿੰਘ ਦਾ ਖ਼ਾਲਸਾ ਰਾਜ ਹੀ ਸੀ। ਸਮੇਂ ਨੇ ਤੇਗ਼ ਦੇ ਰਾਹ ਵਿੱਚ ਕੁਝ ਰੁਕਾਵਟਾਂ ਪਾਈਆਂ ਪਰ ਖ਼ਾਲਸੇ ਦੀ ਦੇਗ਼ ਨਿਰੰਤਰ ਚੱਲਦੀ ਰਹੀ। ਮਨੁੱਖਤਾ ਦੀ ਹਰ ਮੁਸ਼ਕਲ, ਹਰ ਮਜਬੂਰੀ ਦਾ ਅਹਿਸਾਸ ਖ਼ਾਲਸੇ ਨੂੰ ਹੋਇਆ। ਇਰਾਕ, ਬੰਗਲਾ ਦੇਸ਼, ਕਸ਼ਮੀਰ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨੇਪਾਲ, ਕੇਰਲਾ, ਗੁਜਰਾਤ ਆਦਿ ਜਿੱਥੇ ਵੀ ਲੋੜ ਪਈ ਗੁਰੂ ਨਾਨਕ ਦੀ ਦੇਗ਼ ਸਭ ਤੋਂ ਪਹਿਲਾਂ ਉੱਥੇ ਪਹੁੰਚੀ। ਗੁਰੂ ਰੂਪ ਵਿੱਚ ਖ਼ਾਲਸੇ ਦਾ ਬਿਰਦ ਹੈ 'ਜੋ ਬੋਲੇ ਸੋ ਨਿਹਾਲ।' ਅਰਥਾਤ 'ਕਿਸੇ ਮੁਸ਼ਕਲ ਵਿੱਚ ਫ਼ਸੇ ਮਨੁੱਖ ਦੀ ਪੁਕਾਰ ਸੁਣ ਕੇ ਜੋ ਮਦਦ ਦਾ ਹੁੰਗਾਰਾ ਭਰਦਾ ਹੈ ਉਹ ਸੱਚੇ ਦੀ ਦਰਗਾਹ ਵਿੱਚ ਨਿਹਾਲ ਹੋਵੇਗਾ।' ਬੋਲਣਾ ਧਰਮ ਹੈ ਕਿਉਂਕਿ ਅਕਾਲ ਦੀ ਹਰ ਮੁਹਾਜ਼ ਉੱਤੇ ਜਿੱਤ ਨੂੰ ਯਕੀਨੀ ਬਣਾਉਣਾ ਗੁਰੂ ਦਾ ਕਉਲ ਹੈ, ਖ਼ਾਲਸੇ ਦਾ ਕਰਤੱਵ ਹੈ 'ਸਤਿ ਸ੍ਰੀ ਅਕਾਲ।'

ਅੱਜ ਹਿੰਦੋਸਤਾਨ ਨੂੰ ਉਸੇ ਗ਼ੁਲਾਮੀ ਵਿਚ ਧੱਕਣ ਦਾ ਵੱਡਾ ਯਤਨ ਧਰਮ ਅਤੇ ਸਿਆਸਤ ਕਰ ਰਹੇ ਹਨ। ਬ੍ਰਾਹਮਣ ਹਰ ਇੱਕ ਨੂੰ ਨਿਆਸਰਾ ਕਰ ਕੇ ਆਪਣੀ ਹਕੂਮਤ ਸਭਨਾਂ ਉੱਤੇ ਸਥਾਪਤ ਕਰਨ ਨੂੰ ਉਤਾਵਲਾ ਹੈ। ਚਮਨ ਨੂੰ ਅੱਗ ਲੱਗੇਗੀ ਤਾਂ ਹਰ ਆਲਣਾ ਰਾਖ ਹੋ ਜਾਵੇਗਾ। ਇੱਕ ਦਹਿ-ਸਦੀ ਬਾਅਦ ਇੱਕ ਵਾਰ ਫੇਰ ਦਸਤਕ ਦੇ ਰਹੀ ਬ੍ਰਾਹਮਣ ਦੀ ਗ਼ੁਲਾਮੀ ਵਿਰੁੱਧ ਆਵਾਜ਼ ਉਠਾ ਕੇ ਇਸ ਕੁਲਹਿਣੀ ਗੀਤ ਨੂੰ ਧੱਕ ਕੇ ਮਨੁੱਖਤਾ ਦੇ ਬੂਹੇ ਤੋਂ ਦੂਰ ਕਰਨਾ ਸਭਨਾਂ ਦਾ ਫ਼ਰਜ਼ ਹੈ। ਇੱਕ ਵਾਰੀ ਫੇਰ ਖ਼ਾਲਸਾਈ ਨਾਅਰਾ ਹੈ: 'ਜੋ ਬੋਲੇ ਸੋ ਨਿਹਾਲ।' ਕੀ ਸ਼ਿਵਾ ਜੀ ਦੇ ਪੈਰੋਕਾਰ, ਜਿਨਾਂ ਦੇ ਮੱਥੇ ਉੱਤੇ ਬ੍ਰਾਹਮਣ ਨੇ ਪੈਰ ਨਾਲ ਤਿਲਕ ਲਗਾਇਆ ਸੀ, ਨਹੀਂ ਬੋਲਣਗੇ ? ਕੀ ਹਰ ਤੀਜੇ ਵਰੇ ਮਾਵਾਂ, ਭੈਣਾਂ, ਬੇਟੀਆਂ ਦਾ ਜੌਹਰ ਹੰਢਾਉਣ ਵਾਲੇ ਰਾਜਪੂਤ ਨਹੀਂ ਬੋਲਣਗੇ ? ਕੀ ਹਿੰਦ ਦੀ ਆਤਮਾ ਦੇ ਅਸਲ ਵਾਰਸ ਅਤੇ ਸਦੀਆਂ ਤੋਂ ਬ੍ਰਾਹਮਣ ਦੇ ਸਤਾਏ ਮੂਲ ਨਿਵਾਸੀ ਨਹੀਂ ਬੋਲਣਗੇ ?

ਕਾਰਲ ਮਾਰਕਸ, ਮਾਓ, ਸਟੈਲਿਨ ਦੇ ਪੈਰੋਕਾਰਾਂ ਦੇ, ਹਿਟਲਰ ਦੇ ਪੈਰੋਕਾਰਾਂ ਵਾਂਗ ਹੀ, ਹੱਥ ਮਨੁੱਖਤਾ ਦੇ ਖ਼ੂਨ ਨਾਲ ਰੰਗੇ ਹੋਏ ਹਨ। ਜੇ ਇਹਨਾਂ ਬੋਲਣਾ ਹੈ ਤਾਂ ਹਿਰਦੇ ਨੂੰ ਸ਼ੁੱਧ ਕਰ ਕੇ ਗੁਰੂ ਨਾਨਕ ਦੇ ਨਕਸ਼ੇ- ਕਦਮ ਉੱਤੇ ਚੱਲਦਿਆਂ 'ਜੋ ਬੋਲੇ ਸੋ ਨਿਹਾਲ' ਦੇ ਨਾਅਰੇ ਦਾ ਨਿੱਘ ਮਾਣਦਿਆਂ 'ਸਤਿ ਸ੍ਰੀ ਅਕਾਲ' ਫ਼ਤਹਿ ਕਰਨ ਵੱਲ ਹੀ ਮੂੰਹ ਕਰਨਾ ਪਵੇਗਾ। ਅੱਜ ਇਹੀ ਕੁੱਲ ਮਨੁੱਖਤਾ ਦਾ ਸਾਂਝਾ ਨਾਅਰਾ ਹੈ।

---

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਆਦਰਸ਼

**- ਹਰਕੀਰਤ ਕੌਰ ਸਭਰਾ**
੯੭੭੯੧੧੮੦੬੬

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਆਦਰਸ਼, ਸੰਘਰਸ਼, ਸਪਿਰਟ ਤੇ ਸੰਦੇਸ਼ ਦਾ ਨਿਰਪੱਖ ਅਧਿਐਨ ਤੇ ਸਰਵੇਖਣ ਕੇਵਲ ਸਿੱਖਾਂ ਜਾਂ ਪੰਜਾਬੀਆਂ ਨੂੰ ਹੀ ਨਹੀਂ, ਸਗੋਂ ਸਮੁੱਚੇ ਭਾਰਤ ਤੇ ਸਮੂਹ ਸੰਸਾਰ ਨੂੰ ਵੀ ਅਜੋਕੀ ਅਸ਼ਾਂਤ ਤੇ ਘਾਤਕ ਸਥਿਤੀ ਵਿੱਚ ਸੁਖ ਦਾ ਸਾਹ ਦੁਆਣ ਅਤੇ ਚੜਦੀ ਕਲਾ ਵੱਲ ਲਿਜਾਣ ਲਈ ਬੜਾ ਸਹਾਇਕ ਤੇ ਲਾਭਦਾਇਕ ਸਿੱਧ ਹੋ ਸਕਦਾ ਹੈ।

ਇਹ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਸ਼ਖ਼ਸੀਅਤ ਸੀ ਕਿ ਜੋ 42 ਵਰੇ ਦੀ ਅਲਪ ਅਵਸਥਾ ਵਿੱਚ ਕੌਮ, ਦੇਸ਼ ਤੇ ਮਨੁੱਖਤਾ ਦੀ ਦਰਵੱਟੜੀ ਉੱਤੇ, ਸਹਿਤ ਪਰਿਵਾਰ, ਨਿਛਾਵਰ ਵੀ ਹੋ ਗਏ ਸਨ। ਇਹ ਇਸ ਲਈ ਵੀ ਕਿ ਗੁਰੂ ਗੋਬਿੰਦ ਸਿੰਘ, ਖ਼ੁਦ ਆਪ ਅਜਿਹੇ ਦ੍ਰਿੜ ਨਿਸ਼ਚੇ, ਨਿਰਭੈਤਾ ਤੇ ਚੜਦੀ ਕਲਾ ਦੇ ਪੁੰਜ ਸਨ। ਅਜਿਹੇ ਅਨੂਠੇ ਸਵੈਮਾਣ, ਸਵੈ ਵਿਸ਼ਵਾਸ ਤੇ ਸਵੈ ਸਮਰਪਣ ਦੇ ਮੁਜੱਸਮਾ ਸਨ, ਜਿਨਾਂ ਦਾ ਮੁਕਾਬਲਾ ਸਿਰਫ਼ ਉਦੋਂਕੀ ਸਥਿਤੀ ਲਈ ਹੀ ਨਹੀਂ, ਸਗੋਂ ਅਜੋਕੀ ਤੇ ਅਗੋਕੀ ਸਥਿਤੀ ਲਈ ਵੀ ਕਿਸੇ ਪੱਖੋਂ ਵੀ ਘੱਟ ਲੋੜੀਂਦਾ, ਲਾਭਦਾਇਕ ਤੇ ਪ੍ਰੇਰਣਾਜਨਕ ਨਹੀਂ ਹੈ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਅਤੇ ਉਸ ਦੀ ਹਰ ਗੱਲ, ਹਰ ਕਿਰਿਆ, ਹਰ ਕਰਤੱਵ ਹੀ ਉਸ ਉੱਤਮ ਤੇ ਉੱਚਤਮ ਦਰਜੇ ਦੀ ਚੜਦੀ ਕਲਾ ਦਾ ਸਾਕਾਰ ਰੂਪ ਸੀ।

ਉਹ ਜਿੱਥੇ ਸਹਿਜ ਤੇ ਸਚਾਈ ਅਤੇ ਨੇਕੀ ਤੇ ਭਗਤੀ ਦੀ ਸਾਖਿਆਤ ਮੂਰਤ ਸਨ, ਉੱਥੇ ਅਣਖ ਤੇ ਸ਼ਕਤੀ ਦੇ ਸੋਮੇ, ਕਥਨੀ ਤੇ ਕਰਨੀ ਦੇ ਸੂਰੇ ਅਤੇ ਕਲਮ ਦੇ, ਤਲਵਾਰ ਦੇ ਧਨੀ ਵੀ ਸਨ। 'ਤੇਗ-ਫਤਹਿ ਉਨਾਂ ਦਾ ਨਾਅਰਾ ਅਤੇ 'ਸਤਿ ਸ੍ਰੀ ਅਕਾਲ' ਜੈਕਾਰਾ ਸੀ। ਹੱਥ ਉੱਤੇ ਬਾਜ਼ ਅਤੇ ਸੀਸ ਉੱਤੇ ਕਲ਼ਗੀ ਸਜਾਉਣ ਕਰਕੇ ਕੋਈ ਉਨਾਂ ਨੂੰ 'ਬਾਜ਼ਾਂ ਵਾਲੇ' ਤੇ ਕੋਈ 'ਕਲ਼ਗੀਆਂ ਵਾਲੇ' ਗੁਰੂ ਆਖਣ ਵਿੱਚ ਮਾਣ ਤੇ ਖ਼ੁਸ਼ੀ ਮਹਿਸੂਸ ਕਰਦਾ ਹੈ । ਪਰ ਅਸੀਂ ਤਾਂ ਉਨਾਂ ਦੀ ਅਜਿਹੀ ਭਰਵੀਂ ਤੇ ਅਨੂਠੀ ਸ਼ਖ਼ਸੀਅਤ, ਬਹੁਪੱਖੀ ਤੇ ਕਲਾਧਾਰੀ ਪ੍ਰਤਿਭਾ ਅਤੇ ਨਰੋਈ ਤੇ ਨਿਰਭੈ ਸਪਿਰਟ ਨੂੰ ਮੁੱਖ ਰੱਖਦਿਆਂ, ਉਨਾਂ ਨੂੰ ਖ਼ਾਸ ਤੌਰ 'ਤੇ ਚੜਦੀ ਕਲਾ ਵਾਲੇ ਗੁਰੂ ਕਹਿਣ ਤੇ ਮੰਨਣ ਵਿੱਚ ਹੀ ਉਨਾਂ ਦੀ ਉੱਤਮ ਤੇ ਸਮੁੱਚੀ ਮਨੁੱਖਤਾ ਦਾ ਮਾਣ ਸਮਝਦੇ ਹਾਂ।

ਮਨੁੱਖੀ ਜਾਮੇ ਵਿੱਚ ਕੁਦਰਤ ਦੀਆਂ ਜਿੰਨੀਆਂ ਅਪੂਰਵ ਤੇ ਭਰਪੂਰ ਬਖ਼ਸ਼ੀਸ਼ਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਾਪਤ ਹੋਈਆਂ ਸਨ, ਸ਼ਾਇਦ ਹੀ ਕਿਸੇ ਨੂੰ ਨਸੀਬ ਹੋਈਆਂ ਹੋਣ, ਤੇ ਫਿਰ ਜਿਸ ਸਿਆਣਪ, ਪਰਸੁਆਰਥ ਤੇ ਖੁੱਲਦਿਲੀ ਨਾਲ ਉਨਾਂ ਨੇ ਇਨਾਂ ਨੂੰ ਲੋਕਾਂ ਵਿੱਚ ਵੰਡਿਆ ਤੇ ਉਨਾਂ ਲਈ ਵਰਤਿਆ ਸੀ, ਉਸ ਦਾ ਸੁਭਾਗ ਵੀ, ਮੈਨੂੰ ਨਹੀਂ ਲੱਗਦਾ ਕਿਸੇ ਵਿਰਲੇ ਨੂੰ ਹੀ ਹਾਸਲ ਹੋਇਆ ਹੋਵੇਗਾ।

ਇਉਂ ਹੀ, ਸੰਖੇਪ ਜਿਹੀ ਜੀਵਨ ਯਾਤਰਾ ਦੌਰਾਨ ਜਿੰਨੀਆਂ ਮੁਸ਼ਕਿਲਾਂ ਤੇ ਮੁਸੀਬਤਾਂ ਨੇ ਆਪ ਨੂੰ ਘੇਰੀ ਰੱਖਿਆ ਸੀ, ਸ਼ਾਇਦ ਹੀ ਕਿਸੇ ਹੋਰ ਦੇ ਹਿੱਸੇ ਆਈਆਂ ਹੋਣ। ਜਿਸ ਸਬਰ, ਸਿਦਕ ਅਤੇ ਸੂਰਬੀਰਤਾ ਤੇ ਸੁਆਰਥਹੀਣਤਾ ਨਾਲ ਆਪ ਨੇ ਇਨਾਂ ਨਾਲ ਭਰਵੀਂ ਟੱਕਰ ਲਈ ਅਤੇ ਜਿੱਤ ਪ੍ਰਾਪਤ ਕੀਤੀ ਸੀ। ਮਾਪਿਆਂ ਦੀ ਪਵਿੱਤਰ ਧਰਤੀ ਅਨੰਦਪੁਰ ਵਿੱਚ ਪੈਰ ਧਰਦਿਆਂ ਹੀ ਸਮੇਂ ਦੀ ਪੁਕਾਰ ਨੇ ਬਾਲ ਵਰੇਸ ਵਿੱਚ ਹੀ ਵਿਚਰਦੇ ਇਸ ਇਕਲੌਤੇ ਪੁੱਤਰ ਨੂੰ ਆਪਣੇ ਗੁਰੂ ਪਿਤਾ ਦਾ ਬਲੀਦਾਨ ਦੇਣ ਲਈ ਇੱਕ ਬੜੀ ਭਿਆਨਕ ਤੇ ਹਿਰਦਾਵੇਦਕ ਵੰਗਾਰ ਸੀ । ਇਹ ਉਹ ਭਿਅੰਕਰ ਸਮਾਂ ਸੀ ਜਦੋਂ ਮੁਗ਼ਲਈ ਤੁਅੱਸਬ ਤੇ ਔਰੰਗਜ਼ੇਬੀ ਜਬਰ ਹਿੰਦੂ ਧਰਮ ਕਰਮ ਅਤੇ ਭਾਰਤੀ ਸੱਭਿਆਚਾਰ ਦਾ ਮਲੀਆਮੇਟ ਕਰ ਰਿਹਾ ਸੀ।

ਸੋ ਗੁਰੂ ਤੇਗ਼ ਬਹਾਦੁਰ ਸਮੁੱਚੇ ਹਿੰਦ ਦੀ ਪੱਤ ਪ੍ਰਤੀਤ ਅਤੇ ਸੱਭਿਆਚਾਰ ਦੀ ਰਾਖੀ ਲਈ, ਧਰਮ ਕਰਮ ਦੀ ਅਜ਼ਾਦੀ ਅਤੇ ਮਾਨਵੀ ਹੱਕਾਂ ਦੀ ਬਰਕਰਾਰੀ ਲਈ ਬੜੀ ਦਲੇਰੀ ਤੇ ਦ੍ਰਿੜਤਾ ਨਾਲ, ਸਿਰ ਤਲੀ ਉੱਤੇ ਰੱਖ ਕੇ ਤੁਰ ਪਏ ਸਨ।

ਐਨ ਅਜਿਹੇ ਬਿਖੜੇ, ਦੁਖਾਵੇਂ ਤੇ ਸਾਹ ਸਤ ਹੀਣ ਹਾਲਾਤ ਵਿੱਚ ਲਗਭਗ ਨੌਂ ਵਰੇ ਦੇ ਬਾਲ, ਗੋਬਿੰਦ ਦਾਸ ਜੀ, ਨੂੰ ਗੁਰੂ ਨਾਨਕ ਦੇਵ ਜੀ ਦੀ ਮਹਾਨ ਤੇ ਪਾਵਨ ਗੱਦੀ ਅਤੇ ਉਸ ਦੀ ਬੜੀ ਭਾਰੀ ਜ਼ਿੰਮੇਵਾਰੀ ਸੰਭਾਲਣੀ ਪੈ ਗਈ ਸੀ। ਇਹ ਜਿਸ ਸਮੇਂ ਵਿਚੋਂ ਅਸੀਂ ਹੁਣ ਨਿਕਲ ਰਹੇ ਹਾਂ ਇਹ ਸ਼ਹਾਦਤਾਂ ਦੇ ਦਿਨ ਸਨ। ਪਿਤਾ ਦੇ ਬਲੀਦਾਨ ਉਪਰੰਤ, ਪਰਿਵਾਰ ਵਿਛੋੜਾ, ਵੱਡੇ ਪੁੱਤਰਾਂ ਦੀਆਂ ਸ਼ਹਾਦਤ, ਛੋਟੇ ਫਰਜੰਦਾਂ ਦੀ ਨੀਂਹਾਂ ਵਿੱਚ ਚਿਣਨਾ, ਮਾਤਾ ਗੁਜ਼ਰ ਕੌਰ ਦਾ ਠੰਡੇ ਬੁਰਜ ਦੀ ਸੀਤ ਸਹਿਣੀ ਤੇ ਮਾਛੀਵਾੜੇ ਦੇ ਜੰਗਲਾਂ ਵਿੱਚ ਕੰਡਿਆਂ ਦੀ ਸੇਜ ਅਤੇ ਟਿੰਡ ਦਾ ਸਹਾਰਾ ਕੋਈ ਕਹਿਣ ਸੁਣਨ ਦੀਆਂ ਗੱਲਾਂ ਨਹੀਂ ਬਲਕਿ ਹੰਡਈਆਂ ਹੋਈਆਂ ਦਾਸਤਾਨਾਂ ਨੇ।

ਇਤਹਿਾਸ ਇਸ ਅਸਲੀਅਤ ਦਾ ਵੀ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਾਕੀ ਉਮਰ ਬੱਸ ਅਨੂਠੇ ਆਦਰਸ਼ ਦੀ ਪੈਰਵੀ ਕਰਦਿਆਂ ਉਸੇ ਵਿਲੱਖਣ ਸਿਧਾਂਤ ਉੱਤੇ ਪਹਿਰਾ ਦਿੰਦਿਆਂ, ਚੜਦੀ ਕਲਾ ਪੂਰਤੀ ਉਸੇ ਸੰਦੇਸ਼ ਨੂੰ ਪ੍ਰਸਾਰਦਿਆਂ ਅਤੇ ਉਨਾਂ ਮੁਤਾਬਿਕ ਹੀ ਧਰਮ ਨਿਆਂ, ਦੇਸ਼ ਕੌਮ ਤੇ ਸਮੂਹ ਮਨੁੱਖਤਾ ਦੇ ਹਿਤਾਂ ਹੱਕਾਂ ਲਈ ਨਿਸ਼ਕਾਮ ਤੇ ਨਿਰੰਤਰ ਸੰਘਰਸ਼ ਕਰਦਿਆਂ ਗੁਜ਼ਾਰ ਦਿੱਤੀ ਸੀ। ਗੁਰੂ ਸਾਹਿਬ ਨੇ ਅੰਤਮ ਸੁਆਸਾਂ ਤੱਕ ਅਜਿਹੀ ਅਦੁੱਤੀ ਚੜਦੀ ਕਲਾ ਵਿੱਚ ਵਿਚਰਦੇ ਅਤੇ ਵਿਗਸਦੇ ਰਹੇ ਸਨ ਜੋ ਕੇਵਲ ਉਦੋਂ ਦੇ ਤੇ ਹੁਣ ਦੇ ਹੀ ਨਹੀਂ ਸਗੋਂ ਆਉਂਦੇ ਸਮਿਆਂ ਦੇ ਮਨੁੱਖ ਨੂੰ ਵੀ ਉਵੇਂ ਹੀ ਪ੍ਰੇਰਦੀ , ਉਤਸ਼ਾਹਿਤ ਕਰਦੀ ਅਤੇ ਵਿਗਸਾਉਂਦੀ ਰਹੇਗੀ।

# 'ਵ੍ਹਾਈਟ ਹਾਊਸ ਦਾ ਬਾਸ਼ਿੰਦਾ'

**- ਸੰਤੋਖ ਮਿਨਹਾਸ**

ਪਰਵਾਸ ਕਰਦਿਆਂ ਉਮਰ ਦਾ ਸਫ਼ਰ ਵੀ ਤੁਹਾਡੇ ਨਾਲ ਨਾਲ ਤੁਰਦਾ ਹੈ। ਪਰਵਾਸ ਤੇ ਉਮਰ ਦਾ ਆਪਣਾ ਨੇੜਲਾ ਸਬੰਧ। ਜਵਾਨ ਉਮਰੇ ਪਰਵਾਸ ਜੱਫੀ ਵਿੱਚ ਲੈਂਦਾ। ਵਡੇਰੀ ਉਮਰੇ ਪਰਵਾਸ ਯੁੱਧ ਲਈ ਅੱਗੇ ਖੜਾ ਹੁੰਦਾ। ਢਲਦੀ ਉਮਰ ਦਾ ਪਰਛਾਵਾਂ ਪਰਵਾਸ ਦੇ ਮੇਚ ਨਹੀਂ ਆਉਂਦਾ। ਪਰਵਾਸ ਤੇ ਉਮਰ, ਦੁੱਖ ਸੁਖ ਦੇ ਹਮਸਾਏ ਹਨ।

ਮੈਂ ਜਵਾਨ ਉਮਰੇ ਜ਼ਿੰਦਗੀ ਦੇ ਸੁਹਾਪਣ ਨੂੰ ਰੱਜ ਕੇ ਮਾਣਿਆ। ਮੈਨੂੰ ਜ਼ਿੰਦਗੀ ਦੇ ਉਲਟ ਹਾਲਾਤ ਨਾਲ ਬਹੁਤਾ ਲੜਨਾ ਨਹੀਂ ਪਿਆ। ਪੜਾਈ ਦੇ ਖ਼ਤਮ ਹੁੰਦਿਆਂ ਹੀ ਸਰਕਾਰੀ ਨੌਕਰੀ ਮਿਲ ਗਈ। ਵਿਆਹ ਹੁੰਦਿਆਂ ਹੀ ਪਤਨੀ ਮੈਥ ਅਧਿਆਪਕ ਲੱਗ ਗਈ। ਖੇਤੀਬਾੜੀ ਵਾਲਾ ਪਰਿਵਾਰ ਹੋਣ ਕਾਰਨ ਰੋਟੀ ਪਾਣੀ ਦਾ ਕੋਈ ਫ਼ਿਕਰ ਨਹੀਂ ਸੀ। ਗੱਲ ਕੀ ਗੱਡੀ ਚੰਗੀ ਰਿੜੀ ਹੋਈ ਸੀ। ਜ਼ਿੰਦਗੀ ਦੇ ਰੰਗ ਮਾਣਦਿਆਂ ਪਤਾ ਹੀ ਨਹੀਂ ਲੱਗਿਆ ਕਦੋਂ ਸੇਵਾ ਮੁਕਤੀ ਦੇ ਨੇੜੇ ਪਹੁੰਚ ਗਏ।

ਅਚਾਨਕ ਨਿਰੰਤਰ ਚੱਲ ਰਹੇ ਪਰਵਾਰਿਕ ਪ੍ਰਵਾਹ ਵਿੱਚ ਇੱਕ ਨਵਾਂ ਫ਼ੈਸਲਾ ਲੈਣ ਵਿੱਚ ਕਾਫੀ ਸਮਾਂ ਆਪਣੇ ਆਪ ਨਾਲ ਘੁਲਣਾ ਪਿਆ। ਅਮਰੀਕਾ ਰਹਿੰਦੀ ਛੋਟੀ ਭੈਣ ਨੇ ਬਲੱਡ ਰੀਲੇਸ਼ਨ 'ਤੇ ਅਪਲਾਈ ਕੀਤਾ ਹੋਇਆ ਸੀ। ਇੰਟਰਵਿਊ ਦੇ ਪੇਪਰ ਆ ਗਏ ਸਨ। ਇੱਕ ਪਾਸੇ ਚੰਗੀਆਂ ਨੌਕਰੀਆਂ ਸਨ ਦੂਜੇ ਪਾਸੇ ਭਾਰਤ ਦੇ ਹਾਲਾਤ ਮੁਤਾਬਕ ਬੱਚਿਆਂ ਦੇ ਭਵਿੱਖ ਦਾ ਫ਼ਿਕਰ ਸੀ। ਫ਼ੈਸਲਾ ਲੈਣ ਵਿੱਚ ਕਾਫੀ ਦੁਚਿੱਤੀ ਵਿੱਚ ਸਾਂ। ਆਖ਼ਰ ਕਈ ਦਿਨਾਂ ਦੀ ਜੱਦੋਜਹਿਦ ਤੋਂ ਬਾਅਦ ਅਮਰੀਕਾ ਆਉਣ ਦੇ ਫ਼ੈਸਲੇ ਨੇ ਜ਼ਿੰਦਗੀ ਨੂੰ ਨਵਾਂ ਮੋੜ ਦਿੱਤਾ। ਅਸੀਂ ਪ੍ਰੀ ਮੈਚਿਊਰ ਪੈਨਸ਼ਨ ਲੈ ਕੇ ਅਮਰੀਕਾ ਪਹੁੰਚ ਗਏ ਸਾਂ।

ਮੈਨੂੰ ਮਹੀਨਾ ਕੁ ਹੋ ਗਿਆ ਸੀ ਗੈਸ ਸਟੇਸ਼ਨ ਤੇ ਕੰਮ ਸਿੱਖਦਿਆਂ। ਮੈਂ ਬੀਅਰ, ਜੂਸ, ਕੋਕ ਅਤੇ ਵਾਈਨ ਵਗ਼ੈਰਾ ਦੇ ਰੇਟ ਅਤੇ ਕਿਸਮਾਂ ਯਾਦ ਕਰ ਲਈਆਂ ਸਨ। ਬੀਅਰ, ਜੂਸ, ਕੋਕ ਜਾਂ ਕੈਂਡੀ ਵਗ਼ੈਰਾ ਗਾਹਕ ਆਪ ਚੁੱਕ ਲਿਆਉਂਦੇ ਸਨ, ਮੈਂ ਸਿਰਫ਼ ਰੇਟ ਹੀ ਲਾਉਣਾ ਹੁੰਦਾ ਸੀ। ਮੈਨੂੰ ਇਹ ਕੰਮ ਸੌਖਾ ਲੱਗਦਾ ਸੀ। ਇੱਕ ਮੇਰਾ ਅੰਗਰੇਜ਼ੀ ਵੱਲੋਂ ਹੱਥ ਤੰਗ ਹੋਣ ਕਾਰਨ ਮੈਨੂੰ ਦੂਹਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਸੀ। ਗਾਹਕਾਂ ਦੇ ਉਚਾਰਨ ਨੂੰ ਸਮਝਣ ਤੇ ਜਵਾਬ ਦੇਣ ਵਿੱਚ ਮੈਨੂੰ ਕਾਫੀ ਦਿੱਕਤ ਆਉਂਦੀ ਸੀ। ਪਰ ਹੌਲੀ ਹੌਲੀ ਗੱਡੀ ਰਿੜ ਪਈ।

ਦੂਜੇ ਮਹੀਨੇ ਮੇਰੀ ਤਨਖ਼ਾਹ ਸ਼ੁਰੂ ਹੋ ਗਈ। ਮੈਂ ਆਪਣੇ ਤੌਰ 'ਤੇ ਸਵੇਰ ਵੇਲੇ ਸਟੋਰ ਖੋਲਣ ਲੱਗ ਪਿਆ ਸਾਂ। ਮੈਂ ਸਵੇਰੇ ਛੇ ਵਜੇ ਸਟੋਰ ਖੋਲਦਾ ਅਤੇ ਸ਼ਾਮ ਦੇ ਤਿੰਨ ਵਜੇ ਦੂਜੇ ਇੰਪਲਾਈ ਨੂੰ ਸਟੋਰ ਸੰਭਾਲ ਕੇ ਆਪਣੀ ਅਪਾਰਮੈਂਟ ਵਿੱਚ ਆ ਜਾਂਦਾ। ਗਰਮੀਆਂ ਦੇ ਦਿਨਾਂ ਵਿੱਚ ਸਵੇਰੇ ਛੇ ਵਜੇ ਕਾਫੀ ਚਾਨਣ ਹੁੰਦਾ ਸੀ, ਇਸ ਲਈ ਸਟੋਰ ਖੋਲਣ ਵੇਲੇ ਕੋਈ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਿਆ। ਹੋਮਲੈੱਸ, ਡਰੱਗੀ ਤੇ ਟਰੈਸ਼ ਫਰੋਲਣ ਵਾਲੇ ਭਾਵੇਂ ਸਟੋਰ ਦੇ ਆਸੇ ਪਾਸੇ ਘੁੰਮਦੇ ਦਿਖਾਈ ਦਿੰਦੇ ਸਨ ਪਰ ਸਵੇਰ ਵੇਲੇ ਚਾਨਣ ਹੋਣ ਕਾਰਨ ਡਰ ਘੱਟ ਲੱਗਦਾ ਸੀ। ਸਿਆਲ ਹੁੰਦਿਆਂ ਹੀ ਸ਼ਾਮ ਨੂੰ ਹਨੇਰਾ ਛੇਤੀ ਉੱਤਰ ਆਉਂਦਾ ਹੈ ਅਤੇ ਸਵੇਰੇ ਵੀ ਸੂਰਜ ਲੇਟ ਦਿਖਾਈ ਦਿੰਦਾ ਹੈ। ਮੀਹਾਂ ਦਾ ਮੌਸਮ ਸ਼ੁਰੂ ਹੋਣ ਨਾਲ ਬਦਲਵਾਈ ਵੀ ਬਣੀ ਰਹਿੰਦੀ ਹੈ। ਸਰਦੀ ਦੇ ਦਿਨਾਂ ਵਿੱਚ ਵੱਡੇ ਵੱਡੇ ਕੋਟਾਂ ਅਤੇ ਕੰਬਲਾਂ ਵਿੱਚ ਲਪੇਟੇ ਸਟੋਰ ਦੇ ਬਾਹਰੀ ਖੂੰਜਿਆਂ ਜਾਂ ਕੰਧ ਦਾ ਸਹਾਰਾ ਓਟੀ ਬੈਠੇ ਡਰੱਗੀ, ਹੋਮਲੈੱਸ ਆਮ ਹੀ ਮਿਲ ਜਾਂਦੇ ਹਨ। ਇਨਾਂ ਦੀਆਂ ਆਦਤਾਂ ਤੇ ਸੁਭਾਅ ਅੱਖੜ ਹੋਣ ਕਾਰਨ ਡਰ ਹਮੇਸ਼ਾ ਬਣਿਆ ਰਹਿੰਦਾ ਹੈ।

ਉਸ ਦਿਨ ਸਰਦੀਆਂ ਦਾ ਮੌਸਮ ਹੋਣ ਕਾਰਨ ਮੀਂਹ ਰਾਤ ਤੋਂ ਹੀ ਪੈ ਰਿਹਾ ਸੀ। ਸਵੇਰ ਵੇਲੇ ਜਦੋਂ ਮੈਂ ਸਟੋਰ ਖੋਲਣ ਪਹੁੰਚਿਆ ਤਾਂ ਵੇਖਿਆ, ਸਟੋਰ ਦੇ ਬਾਰ ਮੂਹਰੇ ਕੋਈ ਲੇਟਿਆ ਪਿਆ ਹੈ। ਮੀਂਹ ਦੀ ਵਾਛੜ ਤੋਂ ਬਚਣ ਲਈ ਉਸ ਵਿਅਕਤੀ ਨੇ ਟਰੈਸ਼ ਬੈਗ ਪਾੜ ਕੇ ਆਪਣੇ ਉੱਪਰ ਲਪੇਟੇ ਹੋਏ ਸਨ। ਪਹਿਲਾਂ ਤਾਂ ਮੈਂ ਉਸ ਦੇ ਕੋਲੇ ਜਾ ਕੇ ਉਠਾਉਣ ਬਾਰੇ ਸੋਚਿਆ, ਫਿਰ ਮੈਂ ਸੋਚਿਆ ਕਿਤੇ ਅੱਕਿਆ ਹਮਲਾ ਹੀ ਨਾ ਕਰ ਦੇਵੇ। ਮੈਂ ਕਾਰ ਵਿੱਚ ਬੈਠ ਕੇ ਹੀ ਹਾਰਨ ਮਾਰਨਾ ਸ਼ੁਰੂ ਕਰ ਦਿੱਤਾ ਅਤੇ ਨਾਲ ਹੀ ਉੱਚੀ ਦੇ ਕੇ ਬੋਲਿਆ 'ਆਈ ਉਪਨ ਦਾ ਸਟੋਰ' ਉਹ ਉੱਠਿਆ ਤੇ ਆਪਣਾ ਨਿਕ-ਸੁਕ ਸਾਂਭ ਕੇ ਇੱਕ ਪਾਸੇ ਹੋ ਤੁਰਿਆ। ਮੈਨੂੰ ਸੁਖ ਦਾ ਸਾਹ ਆਇਆ।

ਮੈਂ ਆਸਾ ਪਾਸਾ ਵੇਖ ਕੇ ਛੇਤੀ ਨਾਲ ਸਟੋਰ ਦਾ ਗੇਟ ਖੋਲਿਆ, ਅੰਦਰ ਵੜ ਕੇ ਝੱਟ ਲੌਕ ਲਾ ਲਿਆ। ਮੈਂ ਕੈਸ਼ ਰਜਿਸਟਰ ਤਿਆਰ ਕਰਕੇ ਅਤੇ ਕੌਫੀ ਵਗ਼ੈਰਾ ਬਣਾ ਕੇ ਗਾਹਕਾਂ ਲਈ ਸਟੋਰ ਖੋਲ ਦਿੱਤਾ। ਸਵੇਰ ਵੇਲੇ ਕੰਮਾਂ 'ਤੇ ਜਾਣ ਵਾਲੇ ਦੋ ਤਿੰਨ ਗਾਹਕ ਆਪਣਾ ਸਮਾਨ ਖ਼ਰੀਦ ਕੇ ਛੇਤੀ ਛੇਤੀ ਸਟੋਰ ਤੋਂ ਬਾਹਰ ਚਲੇ ਗਏ। ਉਹ ਸਵੇਰ ਵਾਲਾ ਸ਼ਖ਼ਸ ਪਾਣੀ ਨਾਲ ਭਿੱਜਿਆ ਕੌਫੀ ਦਾ ਵੱਡਾ ਕੱਪ ਭਰ ਕੇ ਕਾਊਂਟਰ ਸਾਹਮਣੇ ਆ ਕੇ ਖੜਾ ਹੋ ਗਿਆ। ਉਸ ਨੇ ਪੈਸੇ ਕੱਢਣ ਲਈ ਆਪਣੇ ਕੱਪੜਿਆਂ ਦੀ ਕਾਫੀ ਫਰੋਲਾ ਫਰਾਲੀ ਕੀਤੀ। ਉਸ ਦੇ ਕੱਪੜਿਆਂ ਵਿੱਚੋਂ ਪਾਣੀ ਦੇ ਛਿੱਟੇ ਫ਼ਰਸ਼ ਤੇ ਡਿਗ ਰਹੇ ਸਨ। ਮੈਨੂੰ ਖਿਝ ਚੜ ਰਹੀ ਸੀ। ਸਵੇਰੇ ਸਵੇਰੇ ਮੈਂ ਕਲੇਸ਼ ਤੋਂ ਡਰਦਾ ਚੁੱਪ ਰਹਾ। ਕਾਫੀ ਕੋਸ਼ਿਸ਼ ਤੋਂ ਬਾਅਦ ਉਸ ਨੇ ਇੱਕ ਭਿੱਜਿਆ ਤੇ ਨੁੱਚੜਿਆ ਜਿਹਾ ਡਾਲਰ ਕਾਊਂਟਰ 'ਤੇ ਰੱਖ ਦਿੱਤਾ। ਮੈਂ ਆਖਿਆ, 'ਦਿਸ ਇਜ਼ ਨਾਟ ਗੁੱਡ।'

'ਡਾਲਰ ਇਜ਼ ਏ ਡਾਲਰ, ਆਈ ਐਮ ਅਮੇਰੇਕਨ, ਆਈ ਨੋ, ਵੈਰੀ ਵੈੱਲ।' ਉਸ ਨੇ ਖਿਝ ਕੇ ਆਖਿਆ।

'ਆਈ ਐਮ ਆਲਸੋ ਅਮਰੀਕਨ।' ਮੈਂ ਵੀ ਤਲਖੀ ਵਿੱਚ ਆਖਿਆ।

'ਯੂ ਆਰ ਨੌਟ ਅਮਰੀਕਨ, ਯੂ ਆਰ ਇਮੀਗਰੈਂਟਸ।' ਆਖ ਕੇ ਉਸ ਨੇ ਕੌਫੀ ਦਾ ਕੱਪ ਕਾਊਂਟਰ 'ਤੇ ਰੱਖ ਦਿੱਤਾ। ਕੌਫੀ ਉਹ ਪਹਿਲਾਂ ਹੀ ਜੂਠੀ ਕਰ ਚੁੱਕਾ ਸੀ। ਸਟੋਰ ਮਾਲਕ ਦਾ ਕਿਹਾ ਮੈਨੂੰ ਯਾਦ ਆਇਆ, ਕਦੇ ਵੀ ਗਾਹਕ ਨਾਲ ਖਹਿਬੜਨਾ ਨਹੀਂ। ਇਹ ਸਾਰਾ ਕੁਝ ਜਰਦਿਆਂ ਮੈਂ ਕਿਹਾ, 'ਵੰਨ ਡਾਲਰ ਮੋਰ।'

'ਆਈ ਹੈਵ ਨੋ ਮੋਰ।' ਉਸ ਨੇ ਖ਼ਾਲੀ ਹੱਥ ਵਿਖਾਉਂਦਿਆਂ ਕਿਹਾ।

'ਓਕੇ, ਨੈਕਸਟ ਟਾਈਮ ਗਿਵ?' ਝਗੜੇ ਨੂੰ ਨਿਬੇੜਨ ਲਈ ਮੈਂ ਅਗਲੀ ਵਾਰ ਦੇਣ ਲਈ ਕਹਿ ਦਿੱਤਾ ਸੀ। ਮੈਨੂੰ ਪਤਾ ਸੀ ਉਸ ਨੇ ਅਗਲੀ ਵਾਰ ਵੀ ਨਹੀਂ ਦੇਣੇ। ਇਸ ਤਰਾਂ ਦੇ ਢੀਠ ਲੋਕ ਕਾਫੀ ਹਨ ਜੋ ਜਾਣ ਬੁੱਝ ਕੇ ਪੈਸੇ ਦੇਣ ਤੋਂ ਪਹਿਲਾਂ ਹੀ ਚੀਜ਼ ਜੂਠੀ ਕਰ ਦਿੰਦੇ ਹਨ ਤਾਂ ਕਿ ਮਾਲਕ ਸੁੱਟਣ ਦੀ ਬਜਾਏ ਜਿੰਨੇ ਦਿੰਦਾ ਹੈ 'ਤੇ ਸਬਰ ਕਰ ਲਵੇ। ਉਸ ਦਾ ਕਿਹਾ, 'ਯੂ ਆਰ ਇਮੀਗਰੈਂਟਸ' ਮੈਨੂੰ ਸਾਰਾ ਦਿਨ ਬੇਚੈਨ ਕਰਦਾ ਰਿਹਾ। ਮੈਂ ਸੋਚ ਰਿਹਾ ਸੀ, ਪੰਜਾਬੀ ਕਈ ਦਹਾਕਿਆਂ ਤੋਂ ਇੱਥੇ ਰਹਿ ਰਹੇ ਹਨ। ਇੱਥੋਂ ਦੇ ਸਿਟੀਜ਼ਨ ਹਨ। ਮਿਹਨਤਾਂ ਕਰਕੇ ਚੰਗੇ ਕਾਰੋਬਾਰ ਚਲਾ ਰਹੇ ਹਨ। ਟੈਕਸ ਭਰਦੇ ਹਨ। ਇੱਥੋਂ ਦੀ ਆਰਥਿਕਤਾ ਨੂੰ ਉੱਚੀ ਚੁੱਕਣ ਵਿੱਚ ਪੰਜਾਬੀਆਂ ਦਾ ਬਹੁਤ ਵੱਡਾ ਹੱਥ ਹੈ। ਇੱਕ ਸਾਧਾਰਨ ਡਰੱਗੀ ਮੰਗਤਾ, ਜਿਸ ਕੋਲ ਰਹਿਣ ਨੂੰ ਨਾ ਘਰ ਹੈ ਨਾ ਕੋਲ ਖਾਣ-ਪੀਣ ਲਈ ਕੋਈ ਪੈਸਾ ਹੈ ਫਿਰ ਵੀ ਆਪਣੇ ਆਪ ਨੂੰ ਸਾਡੇ ਨਾਲੋਂ ਉੱਤਮ ਸਮਝਦਾ ਹੈ। ਉਹ ਆਪਣੇ ਆਪ ਨੂੰ ਗੋਰੀ ਨਸਲ ਦਾ ਹੋਣ ਕਰਕੇ ਅਮਰੀਕਾ ਦਾ ਅਸਲ ਵਾਸੀ ਸਮਝਦਾ ਹੈ। ਭਾਵੇਂ ਉਸ ਦੇ ਵੱਡੇ-ਵਡੇਰੇ ਵੀ ਬਾਹਰੋਂ ਆਏ ਸਨ। ਇੱਥੇ ਬਹੁਤ ਸਾਰੇ ਲੋਕ ਗੋਰੀ ਨਸਲ ਦਾ ਹੋਣ ਕਰਕੇ ਆਪਣੇ ਆਪ ਨੂੰ ਉਚੇਰੇ ਹੋਣ ਦਾ ਭਰਮ ਪਾਲੀ ਰੱਖਦੇ ਹਨ।

ਮੈਨੂੰ ਯਾਦ ਆਇਆ, ਸਾਡੇ ਪੰਜਾਬ ਵਿੱਚ ਵੀ ਆਮ ਲੋਕ ਪਰਵਾਸੀ ਮਜ਼ਦੂਰਾਂ ਨੂੰ ਆਦਰ ਦੀ ਨਿਗਾਹ ਨਾਲ ਨਹੀਂ ਵੇਖਦੇ। ਪਿੰਡਾਂ ਵਿੱਚ ਪੰਜਾਬੀ ਮਜ਼ਦੂਰ ਵੀ ਬਾਹਰੋਂ ਆਏ ਬਿਹਾਰੀ ਜਾਂ ਯੂ.ਪੀ. ਦੇ ਮਜ਼ਦੂਰਾਂ ਨੂੰ ਆਪਣੇ ਨਾਲੋਂ ਹੇਠਲੇ ਦਰਜੇ ਦੇ ਸਮਝਦੇ ਹਨ। ਭਾਵੇਂ ਕੰਮ ਦੇ ਲਿਹਾਜ਼ ਨਾਲ ਦੋਵੇਂ ਬਰਾਬਰ ਹਨ। ਹੁਣ ਤਾਂ ਪਰਵਾਸੀ ਮਜ਼ਦੂਰਾਂ ਨੇ ਕਈ ਸ਼ਹਿਰਾਂ, ਕਸਬਿਆਂ ਵਿੱਚ ਆਪਣੇ ਛੋਟੇ ਛੋਟੇ ਕਾਰੋਬਾਰ ਵੀ ਸ਼ੁਰੂ ਕਰ ਲਏ ਹਨ। ਫਿਰ ਵੀ ਪੰਜਾਬੀ ਉਨਾਂ ਨੂੰ ਆਪਣੇ ਹਾਣਦੇ ਨਹੀਂ ਸਮਝਦੇ। ਉਹ ਭਾਰਤ ਦੇ ਵਸਨੀਕ ਹੋਣ ਦੇ ਨਾਤੇ ਬਰਾਬਰ ਦੇ ਸ਼ਹਿਰੀ ਹਨ। ਪਰ ਫਿਰ ਵੀ ਹਰ ਕੰਮ ਵਿੱਚ ਉਨਾਂ ਨੂੰ ਭਈਏ ਕਹਿ ਕੇ ਬੁਲਾਇਆ ਜਾਂਦਾ ਹੈ।

ਗੋਰੇ ਮੰਗਤੇ ਦਾ ਮੈਨੂੰ ਇਮੀਗਰੈਂਟਸ ਕਹਿਣਾ ਤੇ ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਨੂੰ ਸਾਡੇ ਲੋਕਾਂ ਦਾ ਭਈਏ ਕਹਿਣਾ ਮਨੁੱਖ ਦੀ ਆਪਣੇ ਆਪ ਨੂੰ ਉਚੇਰੇ ਸਮਝਣ ਦੇ ਭਰਮ ਦੀ ਫ਼ਿਤਰਤ ਹੈ।

ਮੈਨੂੰ ਯਾਦ ਆਇਆ, ਗੱਲ ਉਨਾਂ ਦਿਨਾਂ ਦੀ ਹੈ। ਜਦੋਂ ਉਬਾਮਾ ਨਵਾਂ ਨਵਾਂ ਅਮਰੀਕਾ ਦਾ ਰਾਸ਼ਟਰਪਤੀ ਬਣਿਆ ਸੀ। ਅਫਰੀਕਨ ਮੂਲ ਦਾ ਹੋਣ ਕਾਰਨ ਆਮ ਕਾਲੇ ਰੰਗ ਦੇ ਲੋਕਾਂ ਵਿੱਚ ਕਾਫੀ ਉਤਸ਼ਾਹ ਸੀ। ਪਹਿਲੀ ਵਾਰ ਕੋਈ ਕਾਲੇ ਰੰਗ ਦਾ ਬੰਦਾ ਰਾਸ਼ਟਰਪਤੀ ਬਣਿਆ ਸੀ। ਉਨਾਂ ਨੂੰ ਪਹਿਲੀ ਵਾਰ ਲੱਗਿਆ ਸੀ, ਅਸੀਂ ਵੀ ਗੋਰੇ ਲੋਕਾਂ 'ਤੇ ਰਾਜ ਕਰ ਸਕਦੇ ਹਾਂ। ਉਨਾਂ ਦੇ ਵਿਵਹਾਰ ਵਿੱਚ ਕਾਫੀ ਤਬਦੀਲੀ ਵੇਖਣ ਨੂੰ ਮਿਲ ਰਹੀ ਸੀ।

ਇੱਕ ਦਿਨ ਦੁਪਹਿਰ ਦਾ ਵੇਲਾ ਸੀ, ਲੰਚ ਬ੍ਰੇਕ ਹੋਣ ਕਾਰਨ ਸਟੋਰ ਅੰਦਰ ਗਾਹਕ ਕੋਈ ਨਹੀਂ ਸੀ। ਮੈਂ ਸ਼ੀਸ਼ੇ ਵਿੱਚ ਦੀ ਬਾਹਰ ਵੱਲ ਵੇਖਿਆ, ਦੋ ਕੁ ਗਾਹਕ ਗੈਸ ਪਾ ਰਹੇ ਸਨ। ਇੱਕ ਮਾੜਚੂ ਜਿਹਾ ਲੱਗਦਾ ਸ਼ਖ਼ਸ ਗੈਸ ਪਾ ਰਹੇ ਗਾਹਕ ਕੋਲੋਂ ਕੁਝ ਮੰਗ ਰਿਹਾ ਸੀ। ਦੂਜਾ ਆਦਮੀ ਮੋਢੇ 'ਤੇ ਟਰੈਸ਼ ਬੈਗ ਲਟਕਾਈ ਖ਼ਾਲੀ ਬੀਅਰ ਅਤੇ ਸੋਡੇ ਦੇ ਕੈਨ ਇਕੱਠੇ ਕਰਨ ਲਈ ਟਰੈਸ਼ ਫਰੋਲ ਰਿਹਾ ਸੀ। ਕੁਝ ਚਿਰ ਬਾਅਦ ਉਹੀ ਟਰੈਸ਼ ਵਿੱਚੋਂ ਕੈਨ ਇਕੱਠੇ ਕਰਨ ਵਾਲਾ ਆਦਮੀ ਟਰੈਸ਼ ਬੈਗ ਬਾਹਰ ਰੱਖ ਕੇ ਸਟੋਰ ਅੰਦਰ ਦਾਖਲ ਹੋਇਆ। ਕਾਊਂਟਰ 'ਤੇ ਫਿਫਟੀ ਸੈਂਟ ਸੁੱਟਣ ਦੇ ਲਹਿਜ਼ੇ ਵਿੱਚ ਮੇਰੇ ਮੂਹਰੇ ਰੱਖ ਕੇ ਉਸ ਨੇ ਇੱਕ ਸਸਤੀ ਜਿਹੀ ਸਿਗਾਰ ਮੰਗਿਆ। ਮੇਰੇ ਨਾਂਹ ਕਰਨ 'ਤੇ ਗੁੱਸੇ ਵਿੱਚ ਆ ਗਿਆ। ਗੱਲ ਵਿੱਚ ਪਾਈ ਉਬਾਮਾ ਦੀ ਫ਼ੋਟੋ ਵਿਖਾ ਕੇ ਚੀਕ ਕੇ ਆਖਣ ਲੱਗਾ, 'ਯੂ?'

'ਆਈ?' ਮੈਂ ਵੀ, ਕੁਝ ਗਰਮ ਲਹਿਜ਼ੇ ਵਿੱਚ ਆਖਿਆ

'ਤੁਸੀਂ ਲੋਕ ਨਹੀਂ ਜਾਣਦੇ, ਅਸੀਂ ਦੇਸ਼ ਦੇ ਰਾਸ਼ਟਰਪਤੀ ਹਾਂ, ਵ੍ਹਾਈਟ ਹਾਊਸ ਹੁਣ ਸਾਡਾ।' ਉਹ ਉਬਾਮਾ ਦੀ ਫ਼ੋਟੋ ਵਾਰ ਵਾਰ ਮੇਰੇ ਅੱਗੇ ਕਰਕੇ ਵਿਖਾਉਣ ਲੱਗਾ, ਜਿਵੇਂ ਉਹ ਉਬਾਮਾ ਦਾ ਕੋਈ ਸਕਾ ਸਬੰਧੀ ਹੋਵੇ। ਮੈਂ ਕੁਝ ਨਰਮ ਪੈਂਦਿਆਂ ਆਖਿਆ, 'ਮੈਂ ਵੀ ਉਬਾਮਾ ਨੂੰ ਪਸੰਦ ਕਰਦਾ ਹਾਂ, ਸਾਡਾ ਵੀ ਉਹ ਰਾਸ਼ਟਰਪਤੀ ਹੈ।' ਉਸ ਵਿਅਕਤੀ ਨੇ ਕੁਝ ਠੰਢਾ ਪੈਂਦਿਆਂ ਫਿਰ ਸਾਹਮਣੇ ਪਈਆਂ ਸਿਗਾਰਾਂ ਵੱਲ ਇਸ਼ਾਰਾ ਕੀਤਾ। ਮੈਂ ਖਹਿੜਾ ਛੁਡਾਉਣ ਦੇ ਇਰਾਦੇ ਨਾਲ ਜਿਹੜੀ ਸਿਗਾਰ ਉਹ ਮੰਗਦਾ ਸੀ, ਦੇ ਦਿੱਤੀ।

ਮੈਂ ਸੋਚ ਰਿਹਾ ਸੀ ਕਿ ਆਮ ਮਨੁੱਖ ਕੋਲ ਕਹਿਣ ਨੂੰ ਆਪਣਾ ਕੁਝ ਵੀ ਨਹੀਂ ਹੈ। ਉਹ ਆਪਣੀ ਪਛਾਣ ਲਈ ਦੂਸਰਿਆਂ ਦੀ ਪਛਾਣ ਦਾ ਸਹਾਰਾ ਲੈਂਦਾ ਹੈ। ਵੱਡਿਆਂ ਨਾਲ ਜੋੜੇ ਨਾਤੇ ਦੇ ਭਰਮ ਨੂੰ ਆਪਣੇ ਮਨ ਦੀ ਤਸੱਲੀ ਸਮਝਦਾ ਹੈ। ਮੈਨੂੰ ਯਾਦ ਆਇਆ ਕਿ ਸਾਡੇ ਪਿੰਡ ਸਿਬੀਆਂ ਵਿੱਚ ਕਰਤਾਰਾ ਛੜਾ ਹੁੰਦਾ ਸੀ। ਉਸ ਕੋਲ ਕੁਲ ਮਿਲਾ ਕੇ ਇੱਕ ਕੋਠੜੀ, ਕਬੂਤਰਾਂ ਦਾ ਖੁੱਡਾ, ਤੇ ਇੱਕ ਬੱਕਰੀ ਸੀ। ਉਹ ਜਦੋਂ ਵੀ ਸੱਥ ਵਿੱਚ ਬੈਠਦਾ ਆਪਣੇ ਆਪ ਨੂੰ ਖ਼ਾਨਦਾਨੀ ਬੰਦਾ ਆਖਦਾ। ਆਪਣਾ ਪਿਛੋਕੜ ਪਿੰਡ ਦੇ ਸਿਬੀਆ ਸਰਦਾਰਾਂ ਨਾਲ ਜੋੜਦਾ। ਮਾਣ ਨਾਲ ਆਖਦਾ, 'ਆਹ ਜਿਹੜੇ ਸੋਢੀ ਸਰਦਾਰ ਸੌ ਸੌ ਕਿੱਲਿਆਂ ਦੇ ਮਾਲਕ ਬਣੇ ਬੈਠੇ ਆ, ਸਾਡੇ ਵਡੇਰਿਆਂ ਨੇ ਇਨਾਂ ਨੂੰ ਦਾਨ ਵਿੱਚ ਦਿੱਤੇ ਸੀ। ਇਹ ਤਾਂ ਬਾਹਰੋਂ ਆਏ ਐ, ਅਸੀਂ ਤਾਂ ਇੱਥੋਂ ਦੇ ਜੱਦੀ ਸਰਦਾਰ ਆਂ।'

ਥੋੜੇ ਚਿਰ ਬਾਦ ਜਦੋਂ ਮੈਂ ਬਾਹਰ ਵੇਖਿਆ ਉਹੀ 'ਵ੍ਹਾਈਟ ਹਾਊਸ ਦਾ ਬਾਸ਼ਿੰਦਾ' ਫਿਰ ਕੈਨ ਇਕੱਠੇ ਕਰਨ ਲਈ ਟਰੈਸ਼ ਫਰੋਲ ਰਿਹਾ ਸੀ। ਮੈਂ ਸੋਚ ਰਿਹਾ ਸੀ, ਭਾਵੇਂ ਕਾਲੀ ਚਮੜੀ ਵਾਲਾ ਉਬਾਮਾ ਹੋਵੇ ਜਾਂ ਗੋਰੀ ਚਮੜੀ ਵਾਲਾ ਟਰੰਪ ਹੋਵੇ, ਮੂੰਹ ਦੀ ਬੁਰਕੀ ਲਈ ਹੱਥਾਂ ਦੀ ਕਿਰਤ ਨੇ ਹੀ ਕੰਮ ਆਉਣਾ ਹੈ। ਪਰ ਮਨੁੱਖ ਇੱਕ ਭੁਲੇਖੇ ਨੂੰ ਆਪਣੇ ਸਿਰ ਵਿੱਚ ਚੁੱਕੀ ਫਿਰਦਾ ਸਾਰੀ ਉਮਰ ਗਵਾਚਿਆ ਰਹਿੰਦਾ ਹੈ।


Buying or Selling home in Sacramento??
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।
MOBILE 916-513-8094




*Put my knowledge, Service, experience and professionalism to work for you.*



Buying or selling home in Sacramento?
Call 916-513-8094 for free consultation (PUNJABI/ENGLISH/HINDI)
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894

# ਕਿਸਾਨੀ ਮਸਲੇ ਹੱਲ ਲਈ ਮੋਦੀ ਸਰਕਾਰ ਹੰਕਾਰੀ ਰਵੱਈਆ ਤਿਆਗੇ

**- ਅੰਮ੍ਰਿਤ ਕੌਰ ਸ਼ੇਰਗਿੱਲ**

ਮੋਦੀ ਸਰਕਾਰ ਨੇ ਜਿਸ ਤਰਾਂ ਦਾ ਹੰਕਾਰੀ ਤੇ ਤਾਨਾਸ਼ਾਹੀ ਰਵੱਈਆ ਅਪਣਾਇਆ ਹੈ, ਦੁਨੀਆ ਭਰ ਦੇ ਲੋਕ ਦੇਖ ਦੇਖ ਕੇ ਹੈਰਾਨ ਹੋ ਰਹੇ ਹਨ। ਅੰਨਦਾਤੇ ਦੀ ਹਾਲਤ ਕਿਸੇ ਤੋਂ ਛੁਪੀ ਨਹੀਂ। ਦਸੰਬਰ ਦਾ ਮਹੀਨਾ, ਰਾਤਾਂ ਨੂੰ ਪੈਂਦੀ ਥਰ ਥਰ ਕੰਬਾਉਣ ਵਾਲੀ ਠੰਢ ਅਤੇ ਸਾਡੇ ਬਜ਼ੁਰਗ, ਨੌਜਵਾਨ ਅਤੇ ਬੱਚੇ ਸਰਕਾਰ ਵੱਲੋਂ ਬਣਾਏ ਗਏ ਕਿਸਾਨ ਮਾਰੂ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਦਿੱਲੀ ਦੀਆਂ ਸੜਕਾਂ 'ਤੇ ਡਟੇ ਹੋਏ ਹਨ। ਜਿਹੜੇ ਦਿੱਲੀ ਨਹੀਂ ਗਏ ਉਹ ਪੰਜਾਬ ਵਿੱਚ ਲੱਗੇ ਧਰਨਿਆਂ 'ਤੇ ਹਾਜ਼ਰੀਆਂ ਭਰ ਰਹੇ ਹਨ ਅਤੇ ਨਾਲ ਹੀ ਦਿੱਲੀ ਗਏ ਹੋਏ ਯੋਧਿਆਂ ਦੇ ਪਰਿਵਾਰਾਂ ਦਾ ਧਿਆਨ ਰੱਖ ਰਹੇ ਹਨ। ਹੈਰਾਨੀ ਵਾਲੀ ਗੱਲ ਹੈ ਕਿ ਪਿੰਡਾਂ ਦੇ ਨੌਜਵਾਨਾਂ ਨੇ ਇਹੋ ਜਿਹੇ ਗਰੁੱਪ ਬਣਾ ਲਏ ਹਨ ਕਿ ਪਿੰਡ ਦੇ ਕਿਸੇ ਪਰਿਵਾਰ ਨੂੰ ਮਦਦ ਦੀ ਜ਼ਰੂਰਤ ਹੋਵੇ, ਉਹ ਝੱਟ ਬਹੁੜਦੇ ਹਨ। ਕਣਕ ਨੂੰ ਖਾਦ ਪਾਣੀ ਦੀ ਲੋੜ ਹੋਵੇ, ਪਸ਼ੂਆਂ ਲਈ ਚਾਰੇ ਦੀ ਜ਼ਰੂਰਤ ਹੋਵੇ, ਗੱਲ ਕੀ ਜ਼ਰੂਰਤਮੰਦ ਪਰਿਵਾਰ ਦੀ ਜ਼ਰੂਰਤ ਪੂਰੀ ਕਰਨਾ ਇਨਾਂ ਦਾ ਨੈਤਿਕ ਫ਼ਰਜ਼ ਬਣ ਚੁੱਕਿਆ ਹੈ। ਜਿਹੜੀ ਸੰਵੇਦਨਸ਼ੀਲਤਾ ਅਤੇ ਨੈਤਿਕਤਾ ਨੂੰ ਅਸੀਂ ਅਲੋਪ ਹੋਇਆ ਸਮਝਦੇ ਸਾਂ, ਅੱਜ ਹਰ ਪਾਸੇ ਦੇਖਣ ਨੂੰ ਮਿਲਦੀ ਹੈ। ਇਹ ਸਭ ਕੁਝ ਦੇਖ ਕੇ ਮਨ ਮਾਣ ਅਤੇ ਸਕੂਨ ਨਾਲ ਭਰ ਜਾਂਦਾ ਹੈ।

ਅੰਨਦਾਤਾ ਸੰਘਰਸ਼ ਦੇ ਰਾਹ ਉੱਤੇ ਕਿਉਂ ਤੁਰ ਪਿਆ। ਇਹ ਕਿਰਤੀ ਕਿਸਾਨਾਂ ਨਾਲ ਜੁੜੇ ਪਰਿਵਾਰਾਂ ਦਾ ਬੱਚਾ ਬੱਚਾ ਜਾਣਦਾ ਹੈ। ਕਿਸਾਨਾਂ ਦੇ ਵਿਰੋਧ ਕਰਨ ਦੇ ਬਾਵਜੂਦ ਵੀ ਸਰਕਾਰ ਨੇ ਕਿਸਾਨਾਂ ਅਤੇ ਮਾਹਿਰਾਂ ਦੀ ਸਲਾਹ ਲਏ ਬਿਨਾਂ ਕਾਨੂੰਨ ਬਣਾ ਦਿੱਤੇ। ਕਿਸਾਨਾਂ ਲਈ ਇਹ ਮਾਰੂ ਨੇ, ਕਿਸਾਨ ਕੂਕ ਕੂਕ ਕੇ ਆਖ ਰਿਹਾ। ਪਰ ਸਰਕਾਰ ਆਖ ਰਹੀ ਹੈ ਕਿ ਇਹ ਕਿਸਾਨਾਂ ਦੇ ਭਲੇ ਲਈ ਨੇ। ਕਿਸਾਨ ਕਹਿੰਦੇ ਹਨ 'ਇਹੋ ਜਿਹੇ ਭਲੇ ਦੀ ਸਾਨੂੰ ਜ਼ਰੂਰਤ ਨਹੀਂ।' ਪਰ ਸਰਕਾਰਾਂ ਨੇ ਦੋ ਕੁ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਲਈ ਕਰੋੜਾਂ ਕਿਸਾਨਾਂ ਨੂੰ ਵਖਤ ਪਾਇਆ ਹੋਇਆ ਹੈ।

ਵਾਰ ਵਾਰ ਮੀਟਿੰਗਾਂ ਕਰਨ 'ਤੇ ਕੋਈ ਨਤੀਜਾ ਨਹੀਂ ਨਿਕਲ ਸਕਿਆ। ਕਿਉਂਕਿ ਇੱਥੇ ਤਾਂ ਗੱਲ ਈ ਉਲਟੀ ਹੋਈ ਪਈ ਹੈ। ਕਾਨੂੰਨਾਂ ਨੂੰ ਸਮਝ ਚੁੱਕੀ ਜਨਤਾ ਨੂੰ ਸਮਝਾਉਣ ਦੀਆਂ ਕੋਸ਼ਿਸ਼ਾਂ ਉਹ ਲੋਕ ਕਰ ਰਹੇ ਨੇ ਜਿਹਨਾਂ ਨੂੰ ਖੇਤੀ ਕਰਨ ਦਾ ਊੜਾ ਐੜਾ ਵੀ ਨਹੀਂ ਆਉਂਦਾ। ਵੈਸੇ ਇਹੋ ਜਿਹੀ ਬੇਵਕੂਫ਼ੀ ਭਰੀਆਂ ਗੱਲਾਂ 'ਤੇ ਚੰਗਾ ਭਲਾ ਬੰਦਾ ਸਿਰ ਪਿੱਟ ਲੈਂਦਾ ਹੈ। ਸ਼ਰਮ ਵੀ ਆਉਂਦੀ ਐ ਕਿ ਕਿਹੋ ਜਿਹੀਆਂ ਸਰਕਾਰਾਂ ਅਸੀਂ ਬਣਾ ਲੈਂਦੇ ਹਾਂ। ਅਸੀਂ ਤਾਂ ਆਪਣੀ ਜਾਣੇ ਪੜ੍ਹੇ ਲਿਖੇ ਸਿਆਣੇ ਚੁਣ ਕੇ ਭੇਜਦੇ ਹਾਂ। ਪਰ ਕਿਸੇ ਦੇ ਅੰਦਰ ਵੜ ਕੇ ਤਾਂ ਨਹੀਂ ਨਾ ਦੇਖਿਆ ਜਾ ਸਕਦਾ ਕਿ ਇਨਾਂ ਲੋਕਾਂ ਨੇ ਆਪਣੇ ਚਹੇਤਿਆਂ ਨੂੰ ਖੁਸ਼ ਕਰਨ ਲਈ ਅੰਨੇ ਹੋ ਕੇ ਕਾਨੂੰਨ ਬਣਾ ਦੇਣੇ ਹਨ ਤੇ ਜਨਤਾ ਦੀ ਗੱਲ ਹੀ ਨਹੀਂ ਸੁਣਨੀ। ਜਿਨਾਂ ਨੂੰ ਅਸੀਂ ਆਪਣੀ ਗੱਲ ਕੇਂਦਰ ਸਰਕਾਰ ਤਕ ਪਹੁੰਚਾਉਣ ਲਈ ਚੁਣਿਆ ਸੀ, ਉਹ ਵੀ ਸਭ ਕੁਛ ਲੁਟਾ ਕੇ ਹੋਸ਼ ਵਿੱਚ ਆਉਣ ਵਾਲੇ ਸਿਆਣੇ ਲੋਕ ਨਿਕਲੇ, ਜਿਹਨਾਂ ਨੂੰ ਇਹ ਨਹੀਂ ਪਤਾ ਕਿ ਲੋਕਾਂ ਪ੍ਰਤੀ ਉਹਨਾਂ ਦੇ ਕੀ ਕੀ ਫ਼ਰਜ਼ ਬਣਦੇ ਨੇ। ਜੇ ਫ਼ਰਜ਼ ਨਿਭਾਉਣ ਦੀ ਇੱਛਾ ਹੋਵੇ, ਫਿਰ ਸੰਸਦ ਵਿੱਚ ਬੈਠੇ ਸੁੱਤੇ ਸੁੱਤੇ ਹਰ ਕਾਗਜ਼ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਉਹਨਾਂ ਨੂੰ ਪੜਨ ਦੀ ਕੋਸ਼ਿਸ਼ ਕਰਨ। ਜੇ ਨਹੀਂ ਸਮਝ ਲਗਦੀ ਤਾਂ ਕਿਸੇ ਸਮਝਦਾਰ ਦੀ ਸਲਾਹ ਲੈ ਲੈਣ। ਖ਼ੈਰ, ਹੁਣ ਅੱਗੇ ਤੋਂ ਸੁਮੱਤ ਆ ਜਾਵੇ, ਇਹ ਵੀ ਵੱਡੀ ਗੱਲ ਹੋਵੇਗੀ।

ਅੰਨਦਾਤਾ ਆਪਣੇ ਹੱਕਾਂ ਲਈ ਡਟਿਆ ਹੋਇਆ ਹੈ। ਸਰਕਾਰ ਨੇ ਭੁਲੇਖਾ ਪਾਲ ਰੱਖਿਆ ਸੀ ਕਿ ਹੰਭ ਹਾਰ ਕੇ ਇਹ ਲੋਕ ਆਪਣੇ ਘਰਾਂ ਨੂੰ ਪਰਤ ਜਾਣਗੇ। ਕਿਸਾਨਾਂ ਦਾ ਉਤਸ਼ਾਹ ਦਿਨੋਂ ਦਿਨ ਦੂਣ ਸਵਾਇਆ ਹੁੰਦਾ ਜਾ ਰਿਹਾ। ਜਿਉਂ ਜਿਉਂ ਲੋਕ ਜਾਗਰੂਕ ਹੋ ਰਹੇ ਨੇ, ਸੰਘਰਸ਼ ਵਿੱਚ ਸ਼ਮੂਲੀਅਤ ਵਧ ਰਹੀ ਹੈ। ਹੁਣ ਤਾਂ ਜਿਵੇਂ ਲੋਕਾਂ ਨੂੰ ਚਾਅ ਚੜਿਆ ਹੋਇਆ ਹੈ, ਸੰਘਰਸ਼ ਵਿੱਚ ਸ਼ਾਮਲ ਹੋਣ ਦਾ। ਇਸ ਸੰਘਰਸ਼ ਰੂਪੀ ਯੱਗ ਵਿੱਚ ਹਰ ਕੋਈ ਹਿੱਸਾ ਪਾਉਣਾ ਚਾਹੁੰਦਾ ਹੈ। ਕੋਈ ਸੰਘਰਸ਼ ਦਾ ਹਿੱਸਾ ਬਣ ਕੇ, ਕੋਈ ਲੰਗਰ ਲਗਾ ਕੇ, ਕੋਈ ਸੰਘਰਸ਼ ਵਿੱਚ ਸ਼ਾਮਲ ਟਰੈਕਟਰਾਂ ਵਿੱਚ ਮੁਫ਼ਤ ਤੇਲ ਪਾ ਕੇ, ਕੋਈ ਮੁਫ਼ਤ ਦਵਾਈਆਂ ਦੇ ਕੇ ... ਮੁੱਕਦੀ ਗੱਲ, ਉੱਥੇ ਜ਼ਰੂਰਤ ਦੀ ਕਿਸੇ ਵੀ ਚੀਜ਼ ਦੀ ਕਮੀ ਨਹੀਂ ਰਹਿਣ ਦਿੱਤੀ ਜਾ ਰਹੀ। ਹੁਣ ਤਾਂ ਸਗੋਂ ਸੰਘਰਸ਼ੀ ਯੋਧੇ ਹੱਥ ਜੋੜ ਦਿੰਦੇ ਨੇ ਕਿ ਉਹਨਾਂ ਕੋਲ ਲੋੜ ਤੋਂ ਵੱਧ ਵਸਤਾਂ ਹਨ, ਹੋਰ ਨਹੀਂ ਚਾਹੀਦੀਆਂ।

ਪੂਰਨ ਸਿੰਘ ਦੇ ਇਹ ਬੇਪ੍ਰਵਾਹ ਪੰਜਾਬ ਦੇ ਮੌਤ ਨੂੰ ਵੀ ਮਖੌਲਾਂ ਕਰਨ ਵਾਲਿਆਂ ਦੇ ਦਰਸ਼ਨ ਹੋ ਰਹੇ ਹਨ। ਬੜੀ ਦੇਰ ਤੋਂ ਅੱਖਾਂ ਤਰਸੀਆਂ ਪਈਆਂ ਸਨ, ਇਸ ਤਰਾਂ ਦੇ ਪੰਜਾਬੀ ਦੇਖਣ ਲਈ। ਸਾਡੇ ਬਜ਼ੁਰਗ ਸੱਤਰ, ਅੱਸੀ, ਪਚਾਸੀ ਸਾਲਾ ... ਉਮਰਾਂ ਦੇ ਹਿਸਾਬ ਨਾਲ ਭਾਵੇਂ ਅਸੀਂ ਬਜ਼ੁਰਗ ਆਖ ਦੇਈਏ, ਪਰ ਉਹ ਜਵਾਨਾਂ ਵਾਲਾ ਜੋਸ਼ ਦਿਖਾ ਰਹੇ ਹਨ। ਕਿਤੇ ਕੋਈ ਸਰਬੰਸਦਾਨੀ ਦਸਮੇਸ਼ ਪਿਤਾ ਦੀ ਕੁਰਬਾਨੀ ਨੂੰ ਗਾਉਂਦੇ, ਕੋਈ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ, ਕੋਈ ਮਾਤਾ ਗੁਜਰੀ ਦਾ ਠੰਢਾ ਬੁਰਜ ਯਾਦ ਕਰਕੇ ਆਖ ਰਿਹਾ, 'ਅਸੀਂ ਤਾਂ ਫਿਰ ਵੀ ਰਾਤ ਨੂੰ ਕੰਬਲ ਰਜਾਈਆਂ ਵਿੱਚ ਬੈਠਦੇ ਹਾਂ ... ਮਾਤਾ ਗੁਜਰੀ ਛੋਟੇ ਸਾਹਿਬਜ਼ਾਦਿਆਂ ਨਾਲ ਠੰਢੇ ਬੁਰਜ ਵਿੱਚ ਕਿਵੇਂ ਰਹੇ ਹੋਣਗੇ?' ਸਾਰਾ ਸੰਘਰਸ਼ ਸ਼ਾਂਤਮਈ ਚੱਲ ਰਿਹਾ ਹੈ। ਇਹ ਗੱਲ ਵੀ ਬੇਮਿਸਾਲ ਹੈ ਕਿ ਲੱਖਾਂ ਦਾ ਇਕੱਠ ਹੋਵੇ ਤੇ ਵਾਰ ਵਾਰ ਉਹਨਾਂ ਦੀਆਂ ਮੰਗਾਂ ਨੂੰ ਠੁਕਰਾਇਆ ਜਾਵੇ ਤੇ ਉਹ ਫਿਰ ਵੀ ਹੱਸ ਕੇ ਆਖ ਦੇਣ, 'ਕੋਈ ਨਾ ਬੈਠੇ ਆਂ ਅਸੀਂ ਵੀ ... ਦੇਖਤੇ (ਦੇਖਣਾ) ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ...!' ਮਾਣ ਵੀ ਹੁੰਦਾ ਹੈ ਉਹਨਾਂ ਦਾ ਜਜ਼ਬਾ ਦੇਖ ਕੇ ... ਮਨ ਭਾਵੁਕ ਵੀ ਹੋ ਜਾਂਦਾ ਹੈ।

ਸਾਰੀ ਦੁਨੀਆ ਹੈਰਾਨ ਪ੍ਰੇਸ਼ਾਨ ਹੋ ਜਾਂਦੀ ਐ ਇਹੋ ਜਿਹਾ ਵਰਤਾਰਾ ਦੇਖ ਕੇ ...। ਜਨਤਾ ਨੇ ਰਾਜਭਾਗ ਦਿੱਤਾ ਤਖ਼ਤ 'ਤੇ ਬਿਠਾਇਆ। ਤਖ਼ਤ 'ਤੇ ਬੈਠਣ ਤੋਂ ਬਾਅਦ ਸਰਕਾਰ ਜਨਤਾ ਦੀ ਸੰਘੀ ਨੱਪਣ ਲੱਗੀ ਐ। ਕਮਾਲ ਐ, ਤਖ਼ਤ ਉੱਤੇ ਬਿਠਾਉਣ ਵਾਲੇ ਸਰਕਾਰ ਨੂੰ ਆਪਣੀ ਗੱਲ ਸੁਣਾਉਣ ਲਈ ਘਰਾਂ ਦੇ ਨਿੱਘ ਤਿਆਗ ਕੇ ਠੰਢੀਆਂ ਸੜਕਾਂ 'ਤੇ ਰਾਤਾਂ ਕੱਟਣ ਲਈ ਮਜਬੂਰ ਨੇ, ਸਰਕਾਰ ਅੰਨੀ ਤੇ ਬੋਲ਼ੀ ਹੋਈ ਹੈ, ਦੇਖਣ ਸੁਣਨ ਨੂੰ ਤਿਆਰ ਨਹੀਂ। ਸਗੋਂ ਬੂਹੇ ਬੈਠੇ ਕਿਸਾਨਾਂ ਨੂੰ ਛੱਡ ਰੌਸ਼ਨੀ ਸ਼ੋਅ ਦਾ ਆਨੰਦ ਮਾਣਿਆ ਜਾ ਰਿਹਾ ਸੀ। ਮਜ਼ੇ ਦੀ ਗੱਲ ਤਾਂ ਇਹ ਹੈ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਗਈਆਂ ਨੇ। ਪਰ ਇਹ ਨਹੀਂ ਸਮਝ ਆਈ ਕਿ ਵਧਾਈਆਂ ਕਿਸ ਨੂੰ ਦਿੱਤੀਆਂ ਜਾ ਰਹੀਆਂ ਸੀ, ਜਿਨਾਂ ਨਾਲ ਬਾਬਾ ਨਾਨਕ ਲੰਗਰ ਵਰਤਾ ਰਿਹਾ ਤੇ ਛਕ ਰਿਹਾ ਹੈ, ਉਨਾਂ ਦੀ ਤੁਸੀਂ ਗੱਲ ਹੀ ਨਹੀਂ ਸੁਣ ਰਹੇ। ਇਸ ਤਰਾਂ ਪਾਖੰਡੀ ਦਿਖਾਵਾ ਕਰਨ ਨਾਲ ਬਾਬਾ ਨਾਨਕ ਜੀ ਦੇ ਘਰ ਦੀਆਂ ਖ਼ੁਸ਼ੀਆਂ ਨਹੀਂ ਪ੍ਰਾਪਤ ਕੀਤੀਆਂ ਜਾ ਸਕਦੀਆਂ।

ਬਜ਼ੁਰਗ ਕਈ ਵਾਰ ਗੱਲ ਸੁਣਾਉਂਦੇ ਹੁੰਦੇ ਨੇ, ਜਦੋਂ ਸੰਗਰੂਰ ਜੀਂਦ ਰਿਆਸਤ ਦਾ ਹਿੱਸਾ ਸੀ, ਉਸ ਵੇਲੇ ਇੱਕ ਰਾਜਾ ਸੀ ਜਿਸ ਨੂੰ ਸੁਣਦਾ ਨਹੀਂ ਸੀ। ਪਰ ਉਸ ਨੇ ਲੋਕਾਂ ਨੂੰ ਕਹਿ ਰੱਖਿਆ ਸੀ ਕਿ ਆਪਣਾ ਦੁੱਖ ਤਕਲੀਫ਼ ਲਿਖ ਕੇ ਦੇ ਦਿਓ। ਜੇ ਨਹੀਂ ਲਿਖਣਾ ਆਉਂਦਾ ਤਾਂ ਕਿਸੇ ਤੋਂ ਲਿਖਵਾ ਲਵੋ। ਕਿਹਾ ਜਾਂਦਾ ਹੈ ਕਿ ਜਦੋਂ ਰਾਜਾ ਮਹੱਲ ਤੋਂ ਬਾਹਰ ਨਿਕਲਦਾ, ਉਹ ਹਾਥੀ 'ਤੇ ਚੜ੍ਹਿਆ ਹੁੰਦਾ ਸੀ। ਲੋਕ ਹੱਥਾਂ ਵਿੱਚ ਫੜੇ ਕਾਗਜ਼ ਬਾਹਵਾਂ ਉੱਪਰ ਚੁੱਕ ਕੇ ਦਿਖਾ ਦਿੰਦੇ ਅਤੇ ਰਾਜਾ ਉਨਾਂ ਨੂੰ ਕੋਲ ਬੁਲਾ ਕੇ ਉਨਾਂ ਪਾਸੋਂ ਕਾਗਜ਼ ਫੜ ਲੈਂਦਾ ਤੇ ਉਨਾਂ ਦੀ ਸਮੱਸਿਆ ਦਾ ਜਲਦੀ ਹੱਲ ਕੀਤਾ ਜਾਂਦਾ। ਫਿਰ ਬਜ਼ੁਰਗ ਵੱਡਾ ਸਾਰਾ ਹਉਕਾ ਭਰ ਕੇ ਆਖਦੇ ਨੇ ਕਿ ਉਹੀ ਸਮਾਂ ਚੰਗਾ ਸੀ। ਰਾਤਾਂ ਨੂੰ ਭੇਸ ਬਦਲ ਕੇ ਰਾਜੇ ਜਨਤਾ ਦਾ ਦੁੱਖ ਸੁਣਦੇ ਸਨ। ਹੁਣ ਤਾਂ ਲੱਖਾਂ ਲੋਕਾਂ ਦੀ ਆਵਾਜ਼ ਠੀਕ-ਠਾਕ ਕੰਨਾਂ ਵਾਲੇ ਰਾਜਿਆਂ ਨੂੰ ਨਹੀਂ ਸੁਣਦੀ।

**ਗੋਦੀ ਮੀਡੀਆ ਦਾ ਝੂਠ ਤੰਤਰ**

ਰਹਿੰਦੀ ਖੂੰਹਦੀ ਕਸਰ ਮੀਡੀਆ ਵਾਲਿਆਂ ਪੂਰੀ ਕਰ ਦਿੱਤੀ, 'ਅਖੇ ਕਿਸਾਨ ਤਾਂ ਆਪਣੇ ਖੇਤਾਂ ਵਿੱਚ ਖੇਤੀ ਸੰਭਾਲ ਰਹੇ ਨੇ ਇਹ ਤਾਂ ਅੱਤਵਾਦੀ ਨੇ।' ਕੋਈ ਪੁੱਛੇ, ਭਲਿਓ ਮਾਣਸੋ, ਅੱਤਵਾਦੀ ਦਾ ਮਤਲਬ ਜਾਣਦੇ ਓ। ਇਨਾਂ ਤਾਂ ਕੋਈ ਅੱਤ ਨਹੀਂ ਚੁੱਕੀ। ਪਾਣੀ ਦੀਆਂ ਬੁਛਾੜਾਂ ਮਾਰਦੇ ਓਂ, ਇਨਾਂ ਇੱਕ ਉਡਾਰੀ ਮਾਰਕੇ ਤੁਹਾਡੇ ਪਾਣੀ ਵਾਲੇ ਪਾਇਪ ਬੰਦ ਕੀਤੇ ਨੇ, ਜਾਂ ਹਿੱਕਾਂ ਡਾਹ ਕੇ ਖੜੇ ਹੋ ਗਏ। ਹੋਰ ਕਿਸੇ ਨੂੰ ਤਾਂ ਕੁਝ ਨਹੀਂ ਨਾ ਆਖਿਆ। ਇਹ ਤਾਂ ਆਤਮ ਰੱਖਿਆ ਦੀ ਜਾਂ ਆਪਾ ਵਾਰਨ ਦੀ ਗੱਲ ਹੋਈ। ਆਪਣੇ ਆਪ ਨੂੰ ਬਚਾਉਣਾ ਤੇ ਆਪਾ ਵਾਰਨਾ ਤਾਂ ਕੋਈ ਅੱਤ ਚੁੱਕਣਾ ਨਹੀਂ ਅਖਵਾਉਂਦਾ। ਆਪਣੇ ਲੰਘਣ ਲਈ ਇਹ ਖੇਤਾਂ ਨੂੰ ਜਾਂਦੀਆਂ ਪਹੀਆਂ ਸਾਫ਼ ਕਰਦੇ ਨੇ ਤੇ ਦਿੱਲੀ ਜਾਣ ਲੱਗਿਆਂ ਵੀ ਲੰਘਣ ਲਈ ਰਸਤਾ ਹੀ ਤਾਂ ਸਾਫ਼ ਕੀਤਾ ਹੈ। ਵੈਸੇ ਜਿੱਥੋਂ ਵੀ ਇਹ ਠਾਠਾਂ ਮਾਰਦਾ ਜੋਸ਼ ਲੰਘਿਆ, ਰਾਹ ਤਾਂ ਬਣ ਹੀ ਜਾਣੇ ਸਨ। ਜਵਾਨੀ ਦੇ ਜੋਸ਼ ਨੇ ਰਾਹਾਂ ਦੀਆਂ ਰੁਕਾਵਟਾਂ ਉਡਾ ਦਿੱਤੀਆਂ। ਬਜ਼ੁਰਗਾਂ ਦੇ ਹੋਸ਼ ਨੇ ਇਸ ਸੰਘਰਸ਼ ਨੂੰ ਸ਼ਾਂਤਮਈ ਰੱਖਣ ਦੀ ਬੇਮਿਸਾਲ ਉਦਾਹਰਨ ਪੇਸ਼ ਕੀਤੀ। ਗੋਦੀ ਮੀਡੀਆ ਵਾਲਿਆਂ ਨੂੰ ਚਾਹੀਦਾ ਹੈ ਕਿ ਜਦੋਂ ਸਵੇਰੇ ਸ਼ਾਮ ਖਾਣਾ ਖਾਂਦੇ ਨੇ, ਉਸ ਵੇਲੇ ਆਪਣੀ ਥਾਲ਼ੀ ਵਿੱਚ ਪਰੋਸੇ ਭੋਜਨ 'ਤੇ ਨਿਗਾਹ ਮਾਰ ਕੇ ਯਾਦ ਕਰਨ ਕਿ ਇਸ ਅੰਨ ਨੂੰ ਉਗਾਉਣ ਵਾਲਾ ਵੀ ਉਹੀ ਕਿਸਾਨ ਹੈ ਜਿਸ ਬਾਰੇ ਸੱਚ ਬੋਲਣ ਲੱਗਿਆਂ ਇਹਨਾਂ ਦੀ ਗ਼ੁਲਾਮ ਜ਼ੁਬਾਨ ਨੂੰ ਤਾਲੇ ਲੱਗ ਜਾਂਦੇ ਹਨ ਤੇ ਉਹ ਮਿਲਦੀਆਂ ਢੇਰ ਤਨਖ਼ਾਹਾਂ ਨੂੰ ਹਜ਼ਮ ਕਰਨ ਲਈ ਝੂਠ 'ਤੇ ਝੂਠ ਬੋਲਦੇ ਹਨ ਤੇ ਦੁਨੀਆ ਤੋਂ ਧਿਰਕਾਰਾਂ ਲੈਂਦੇ ਨੇ। ਖ਼ੈਰ ... ਕਦੀ ਜ਼ਮੀਰ ਜਾਗੀ ਤਾਂ ਸੱਚ ਜਾਣਨ ਦੀ ਕੋਸ਼ਿਸ਼ ਵੀ ਕਰ ਲੈਣਗੇ।

ਸੰਘਰਸ਼ ਵਿੱਚ ਹਰ ਵਰਗ ਦੀ ਸ਼ਮੂਲੀਅਤ ਹੈ। ਉਹਨਾਂ ਦਾ ਇਹ ਆਖਣਾ ਹੈ, 'ਕਾਲੇ ਕਾਨੂੰਨ ਰੱਦ ਕਰੋ ਜਾਂ ਸਾਡੇ ਗੋਲੀ ਮਾਰ ਦਿਓ' ਇਸ ਤੋਂ ਵੱਡਾ ਸਰਕਾਰ ਨੂੰ ਹੋਰ ਕੀ ਸਬੂਤ ਚਾਹੀਦਾ ਹੈ ਕਿ ਇਹ ਸਿਰਫ਼ ਕਿਸਾਨਾਂ ਲਈ ਹੀ ਨਹੀਂ, ਸਗੋਂ ਕਿਸਾਨੀ ਨਾਲ ਜੁੜੇ ਹਰ ਬੰਦੇ ਲਈ ਘਾਤਕ ਹਨ।

ਸਰਕਾਰ ਜੀ! ਕਿਸਾਨਾਂ ਨਾਲ ਖੁੱਲੀ ਚਰਚਾ ਕਰ ਲਵੋ ਜਿਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਮਨ ਕੀ ਬਾਤ' ਸੁਣਾਉਂਦੇ ਨੇ। ਸਾਰੇ ਚੈਨਲਾਂ 'ਤੇ ਚਲਾ ਦਿਓ। ਆਪੇ ਦੁਨੀਆ ਦੇਖ ਸੁਣ ਲਵੇਗੀ ਕਿ ਕੌਣ ਸਹੀ ਤੇ ਕੌਣ ਗ਼ਲਤ ਹੈ? ਵੈਸੇ ਵੀ ਬਥੇਰੇ ਸਾਲ ਹੋ ਗਏ ਨੇ ਇੱਕ ਜਣਾ ਬੋਲਦਾ ਹੈ, ਸਾਰਾ ਦੇਸ਼ ਸੁਣਦਾ ਹੈ। ਹੁਣ ਕਿਸਾਨਾਂ ਦੇ ਰੂਪ ਵਿੱਚ ਦੇਸ਼ ਬੋਲ ਰਿਹਾ ਹੈ, ਉਹਨਾਂ ਦੇ ਮਨ ਕੀ ਬਾਤ ਵੀ ਸੁਣ ਲਵੋ। ਸਬਰ ਦਾ ਇਮਤਿਹਾਨ ਲੈਣਾ ਬੰਦ ਕਰੋ, ਛੇਤੀ ਤੋਂ ਛੇਤੀ ਹੱਲ ਕੱਢੋ। ਸਾਰੀ ਦੁਨੀਆ ਇਸ ਸੰਘਰਸ਼ ਦੀ ਹਾਮੀ ਭਰ ਰਹੀ ਹੈ। ਜਿਹੜੇ ਸੰਘਰਸ਼ ਵਿੱਚ ਨਹੀਂ ਪਹੁੰਚੇ, ਉਹ ਸੰਘਰਸ਼ ਦੀ ਕਾਮਯਾਬੀ ਲਈ ਘਰ ਬੈਠੇ ਅਰਦਾਸਾਂ ਦੁਆਵਾਂ ਕਰ ਰਹੇ ਹਨ।

ਸਿਆਣੇ ਕਹਿੰਦੇ ਹੁੰਦੇ ਨੇ ਕਿ ਗ਼ਲਤੀਆਂ ਵੱਡਿਆਂ ਵੱਡਿਆਂ ਤੋਂ ਹੋ ਜਾਂਦੀਆਂ ਹਨ। ਇਨਸਾਨ ਗ਼ਲਤੀਆਂ ਦਾ ਪੁਤਲਾ ਹੈ। ਜੇ ਗ਼ਲਤੀ ਹੋ ਗਈ ਤਾਂ ਮੰਨ ਲੈਣ ਵਿੱਚ ਕੋਈ ਹਰਜ ਨਹੀਂ। ਗ਼ਲਤੀ ਸੁਧਾਰ ਲੈਣਾ ਸਿਆਣਪ ਦੀ ਨਿਸ਼ਾਨੀ ਹੁੰਦੀ ਹੈ। ਕਿਸਾਨ ਪੜ੍ਹੇ ਲਿਖੇ ਤੇ ਸਮਝਦਾਰ ਹਨ। ਬੇਵਕੂਫ਼ ਸਮਝਣਾ ਬੰਦ ਕਰੋ। ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਆਪਣੀ ਹੈਂਕੜ ਤੇ ਫੋਕਾ ਘੁਮੰਡ ਤਿਆਗ ਕੇ ਕੋਈ ਹੱਲ ਕੱਢੋ, ਜਿਸ ਨਾਲ ਸਾਰੇ ਬੱਚੇ, ਵੀਰ, ਬਜ਼ੁਰਗ ਖ਼ੁਸ਼ੀ ਖ਼ੁਸ਼ੀ ਖਿੜੇ ਚਿਹਰੇ ਲੈ ਕੇ ਆਪੋ ਆਪਣੇ ਘਰੀਂ ਪਰਤ ਆਉਣ।

---

# ਕਿਸਾਨ ਸੰਘਰਸ਼

**- ਗੁਰਸ਼ਰਨ ਸਿੰਘ ਕਸੇਲ**
**ਕਨੇਡਾ**

ਕਿਸਾਨ ਸੰਘਰਸ਼ ਹੁਣ ਪੂਰੇ ਜੋਬਨ ਨਾਲ ਸਾਰੇ ਦੇਸ਼ ਵਿੱਚ ਫੈਲ ਰਿਹਾ ਹੈ । ਇਸ ਦੀ ਕਾਮਯਾਬੀ ਦੀ ਵੱਡੀ ਗੱਲ ਇਹ ਵੀ ਹੈ ਕਿ ਇਹ ਜਿੱਥੇ ਕਿਸੇ ਧਰਮ ਜਾਂ ਸਿਆਸੀ ਪਾਰਟੀ ਨਾਲ ਸਬੰਧਤ ਨਹੀਂ ਉੱਥੇ ਇਸ ਦਾ ਸ਼ਾਂਤਮਈ ਰਹਿਣਾ ਵੀ ਵੱਡੀ ਪ੍ਰਾਪਤੀ ਹੈ । ਇਸ ਵੇਲੇ ਖੇਤੀਬਾੜੀ ਲਈ ਜੋ ਤਿੰਨ ਕਾਨੂੰਨ ਸਰਕਾਰ ਨੇ ਬਣਾਏ ਹਨ, ਇਨਾਂ ਦਾ ਸਿੱਧਾ ਸਬੰਧ ਭਾਵੇਂ ਇਸ ਵੇਲੇ ਜ਼ਿਮੀਂਦਾਰਾ ਤੇ ਮਜ਼ਦੂਰ ਲੋਕਾਂ ਨਾਲ ਲੱਗਦਾ ਹੈ, ਪਰ ਆਉਣ ਵਾਲੇ ਸਮੇਂ ਇਹਨਾਂ ਦਾ ਸੇਕ ਹਰੇਕ ਖ਼ੁਰਾਕ ਖਾਣ ਵਾਲੇ ਨੂੰ ਲੱਗੇਗਾ । ਭਾਵੇਂ ਕਿ ਸਰਕਾਰ ਆਖਦੀ ਹੈ ਕਿ ਇਹਨਾਂ ਤਿੰਨਾਂ ਕਾਨੂੰਨਾਂ ਨਾਲ ਕਿਸਾਨਾਂ ਦਾ ਬਹੁਤ ਫ਼ਾਇਦਾ ਹੋਵੇਗਾ, ਪਰ ਕਿਸਾਨ ਇਨਾਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਆਪਣੀ 'ਸਾਹ-ਰਗ ਨੂੰ ਹੱਥ ਪਿਆ' ਮਹਿਸੂਸ ਕਰਦੇ ਹਨ । ਇਸ ਕਰਕੇ ਉਨਾਂ ਕੋਲ ਇਹਨਾਂ ਤਿੰਨ ਕਾਨੂੰਨਾਂ ਨੂੰ ਰੱਦ ਕਰਵਾਉਣ ਤੋਂ ਸਵਾਏ ਹੋਰ ਕੋਈ ਰਾਹ ਹੀ ਨਹੀਂ ਜਾਪਦਾ ।

ਕਿਸਾਨ ਕੋਲ ਭਾਵੇਂ ਜ਼ਮੀਨ ਥੋੜੀ ਵੀ ਹੋਵੇ, ਉਹ ਇਸ ਨਾਲ ਆਪਣੇ ਆਪ ਨੂੰ ਬਾਦਸ਼ਾਹ ਸਮਝਦਾ ਹੈ । ਮੈਨੂੰ ਅੱਜ ਵੀ ਯਾਦ ਹੈ ਜਦੋਂ ਅਸੀਂ ਆਪਣੇ ਖੇਤਾਂ ਵਿੱਚ ਰਹਿੰਦੇ ਹੁੰਦੇ ਸਾਂ ਤਾਂ ਉਸ ਵੇਲੇ ਰੋਜ਼ ਸ਼ਾਮ ਨੂੰ ਜਦ ਚੁਬਾਰੇ ਤੇ ਸੌਣ ਲਈ ਜਾਈਦਾ ਸੀ, ਤਾਂ ਉੱਥੇ ਇਹ ਮਹਿਸੂਸ ਹੁੰਦਾ ਸੀ ਕਿ ਜਿਵੇਂ ਬਾਦਸ਼ਾਹ ਹੋਈਏ । ਇੱਥੇ ਇੱਕ ਗੱਲ ਯਾਦ ਆ ਗਈ, ਬਹੁਤ ਸਮਾਂ ਪਹਿਲਾਂ ਕਿਸੇ ਨੇ ਸ੍ਰ. ਪ੍ਰਤਾਪ ਸਿੰਘ ਕੈਰੋ ਜੀ ਦੀ ਗੱਲ ਸੁਣਾਈ ਸੀ, ਕਿ ਕਿਸੇ ਨੇ ਕੈਰੋ ਜੀ ਨੂੰ ਪੁੱਛਿਆ ਕਿ 'ਤੁਸੀਂ ਮੁੱਖ ਮੰਤਰੀ ਬਣ ਕੇ ਕਿਵੇਂ ਮਹਿਸੂਸ ਕਰਦੇ ਹੋ, ਤਾਂ ਉਨਾਂ ਨੇ ਕਿਹਾ ਸੀ, ਜੱਟ ਤਾਂ ਸੁਹਾਗੇ ਤੇ ਮਾਣ ਨਹੀਂ ਹੁੰਦਾ, ਮੈਂ ਤਾਂ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਾ ਹਾਂ' ਪਤਾ ਨਹੀਂ ਇਹ ਗੱਲ ਉਨਾਂ ਨੇ ਕਹੀ ਸੀ ਜਾਂ ਨਹੀਂ, ਪਰ ਮੈਨੂੰ ਇਹ ਭਾਵਨਾ ਸੱਚ ਲੱਗਦੀ ਹੈ ।

ਕਿਸਾਨਾਂ ਲਈ ਉਨਾਂ ਦੀ ਜ਼ਮੀਨ ਜਿੱਥੇ ਰੋਜ਼ੀ ਰੋਟੀ ਦਾ ਸਾਧਨ ਹੈ, ਉੱਥੇ ਇਹਨਾਂ ਨੂੰ ਆਪਣੇ ਆਪ ਤੇ ਕਿਸਾਨ ਹੋਣ ਦਾ ਮਾਣ ਵੀ ਹੁੰਦਾ ਹੈ । ਜੋ ਕਿ ਇਹਨਾਂ ਨੂੰ ਚੜ੍ਹਦੀ ਕਲਾ ਵਿੱਚ ਵੀ ਰੱਖਦਾ ਹੈ । ਇਸ ਲਈ ਇਹ ਹੁਣ ਇਹਨਾਂ ਦੀ ਹੋਂਦ ਦਾ ਸਵਾਲ ਬਣ ਗਿਆ ਹੈ। ਸੋ, ਆਸ ਹੈ ਕਿ ਕਿਸਾਨ ਇਸ ਮੁਸ਼ਕਲ ਦੀ ਘੜੀ ਵਿੱਚੋਂ ਹੋਸ਼ ਅਤੇ ਜੋਸ਼ ਨਾਲ ਨਿਕਲ ਆਉਣਗੇ ।

ਜੇ ਸਰਕਾਰ ਆਪਣੇ ਆਪ ਨੂੰ ਲੋਕਰਾਜੀ ਸਰਕਾਰ ਸਮਝ ਕੇ, ਪਰਜਾ ਦੀ ਅਹਿਮੀਅਤ ਵੱਲ ਧਿਆਨ ਦੇਂਦੀ ਹੋਈ ਇਸ ਮਸਲੇ ਨੂੰ ਛੇਤੀ ਹੱਲ ਕਰਨ ਦੀ ਕੋਸ਼ਿਸ਼ ਕਰੇ ਤਾਂ ਬਹੁਤ ਚੰਗਾ ਹੈ । ਧੰਨਵਾਦੀ ਹਾਂ ਉਨਾਂ ਸਾਰੇ ਪ੍ਰਬੰਧਕਾਂ ਦੇ ਜਿਹੜੇ ਕੁਝ ਸ਼ੈਤਾਨ ਲੋਕਾਂ ਦੀ ਚਾਲਾਂ ਨੂੰ ਸਮਝਦੇ ਹੋਏ ਇਸ ਸੰਘਰਸ਼ ਨੂੰ ਪੂਰੀ ਸਿਆਣਪ ਨਾਲ ਚਲਾ ਰਹੇ ਹਨ । ਜਿਹੜੇ ਵੀ ਇਸ ਸੰਘਰਸ਼ ਦੀ ਕਾਮਯਾਬੀ ਲਈ ਆਪਣਾ ਯੋਗਦਾਨ ਪਾ ਰਹੇ ਹਨ, ਉਹ ਸਾਰੇ ਹੀ ਸਤਿਕਾਰ ਯੋਗ ਹਨ ਅਤੇ ਚੜ੍ਹਦੀ ਕਲਾ ਵਿੱਚ ਰਹਿਣ

ਧੰਨਵਾਦ

---

# ਧੀਆਂ ਬਚਾਓ ਰੁੱਖ ਲਗਾਓ, ਪਾਣੀ ਦਾ ਸਤਿਕਾਰ ਕਰੋ

**- ਸੰਜੀਵ ਸਿੰਘ ਝੱਜ**
**(ਸ੍ਰੀ ਅਨੰਦਪੁਰ ਸਾਹਿਬ) ੯੮੧੫੧੫੦੫੪੨**

ਕੁਦਰਤ ਦੇ ਪ੍ਰਤੀ ਇਨਸਾਨ ਦਾ ਅਵੇਸਲਾਪਣ ਅਗਲੇਰੀ ਪੀੜੀ ਨੂੰ ਅਣਿਆਈ ਮੌਤ ਵੱਲ ਜਬਰੀ ਖਿੱਚ ਕੇ ਲਿਜਾ ਰਿਹਾ ਹੈ। ਜੇਕਰ ਕੁਦਰਤ ਦਾ ਸੰਤੁਲਨ ਹੀ ਵਿਗੜ ਗਿਆ ਫਿਰ ਇਨਸਾਨੀ ਹੋਂਦ ਦਾ ਖ਼ਤਰੇ 'ਚ ਪੈਣਾ ਤਾਂ ਤਹਿ ਹੀ ਹੈ। ਮੇਰੇ ਨਿੱਜੀ ਖ਼ਿਆਲ ਤੋਂ ਕੁਦਰਤ ਤੋਂ ਵੱਡਾ ਕੋਈ ਧਰਮ ਨਹੀਂ ਹੈ ਤੇ ਕੁਦਰਤ ਤੋਂ ਵੱਡੀ ਕੋਈ ਤਾਕਤ ਵੀ ਨਹੀਂ ਹੈ। ਕੁਦਰਤ ਦੀ ਤਾਕਤ ਨੂੰ ਸਮਝਣਾ ਇਨਸਾਨੀਅਤ ਦਾ ਮੁੱਢਲਾ ਫ਼ਰਜ਼ ਹੈ। ਪ੍ਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਤੇ ਸੰਸਾਰ ਨੂੰ ਚਲਾਉਣ ਦੀ ਜ਼ਿੰਮੇਵਾਰੀ ਕੁਦਰਤ ਨੂੰ ਸੌਂਪ ਦਿੱਤੀ। ਕੁਦਰਤ ਦੇ ਰੰਗ ਨੂੰ ਹਰ ਇਨਸਾਨ ਨੇ ਆਪਣੀ ਆਪਣੀ ਸਮਝ ਮੁਤੱਲਕ ਪਰਿਭਾਸ਼ਿਤ ਕੀਤਾ ਹੈ। ਕੁਝ ਇਨਸਾਨਾਂ ਨੇ ਕੁਦਰਤ ਨੂੰ ਗੈਰ ਕੁਦਰਤੀ ਤਾਕਤ ਦਾ ਗੋਲਾ ਦੱਸਿਆ ਤੇ ਕੁਝ ਇਨਸਾਨਾਂ ਨੇ ਕੁਦਰਤ ਨੂੰ ਹੀ ਪ੍ਰਮਾਤਮਾ ਦਾ ਦਰਜਾ ਦੇ ਦਿੱਤਾ। ਕੁਦਰਤ ਦੇ ਸਿਧਾਂਤ ਸ੍ਰਿਸ਼ਟੀ ਦੇ ਜਨਮ ਸਮੇਂ ਤੋਂ ਹੀ ਕੰਮ ਕਰਦੇ ਆਏ ਹਨ। ਗੈਰ ਕੁਦਰਤੀ ਕੁਝ ਵੀ ਹੋਣਾ ਕੁਦਰਤ ਦੇ ਸਿਧਾਂਤਾਂ ਤੇ ਉਂਗਲੀ ਚੁੱਕਦਾ ਆਇਆ ਹੈ ਜਿਸ ਦਾ ਸਿੱਟਾ ਸ਼ਾਇਦ ਕਦੇ ਵੀ ਨਿੱਖਰ ਕੇ ਸਾਹਮਣੇ ਨਹੀਂ ਆਵੇਗਾ। ਵਿਗਿਆਨਿਕ ਦ੍ਰਿਸ਼ਟੀ ਨੂੰ ਵਾਚੀਏ ਤਾਂ ਪ੍ਰਿਥਵੀ ਤੇ ਹੀ ਜੀਵਨ ਸੰਭਵ ਹੋ ਸਕਿਆ ਹੈ। ਕੁਦਰਤ ਨੇ ਧਰਤੀ ਤੇ ਜੀਵਨ ਸੰਭਵ ਕਰਨ ਲਈ ਇਕ ਅਨੁਕੂਲਿਤ ਸੰਤੁਲਨ ਬਣਾਇਆ ਹੈ ਜਿਸ ਨੂੰ ਇਨਸਾਨ ਹੀ ਦਿਨ ਪਰ ਦਿਨ ਵਿਗਾੜਨ ਤੇ ਲੱਗਾ ਹੋਇਆ ਹੈ। ਅੱਜ ਇਨਸਾਨ ਨੂੰ ਜ਼ਰੂਰਤ ਹੈ ਆਪਣੀ ਹੋਂਦ ਬਾਰੇ ਸੋਚਣ ਦੀ ਜੋ ਇਨਸਾਨ ਸ਼ਾਇਦ ਲਾਲਚ ਵੱਸ ਹੋ ਕੇ ਬਿਲਕੁਲ ਵੀ ਸੋਚ ਨਹੀਂ ਰਿਹਾ। ਕਾਸ਼! ਕਿੰਨਾ ਚੰਗਾ ਹੁੰਦਾ ਜੇ ਧਾਰਮਿਕ ਪ੍ਰਵਿਰਤੀ ਕੁਦਰਤ ਨੂੰ ਹੀ ਪ੍ਰਮਾਤਮਾ ਦਾ ਦਰਜਾ ਦੇ ਦਿੰਦੀ ਫਿਰ ਸ਼ਾਇਦ ਇਨਸਾਨੀ ਜੀਵਨ ਦੀ ਹੋਂਦ ਅਤੇ ਮੁਹਾਂਦਰਾ ਹੋਰ ਵੀ ਖ਼ੂਬਸੂਰਤੀ ਨਾਲ ਨਿੱਖਰ ਕੇ ਸਾਹਮਣੇ ਆਉਂਦਾ। ਅਜੋਕੇ ਜੀਵਨ ਦਾ ਕੌੜਾ ਸੱਚ ਇਹ ਹੈ ਕਿ ਇਨਸਾਨੀ ਹੋਂਦ ਦਿਨ ਪਰ ਦਿਨ ਮੌਤ ਦੇ ਮੂੰਹ ਪੈਂਦੀ ਨਜ਼ਰ ਆ ਰਹੀ ਹੈ। ਗਲੋਬਲ ਵਾਰਮਿੰਗ ਦਾ ਪੱਧਰ ਇਸ ਕਦਰ ਡਿਗਦਾ ਜਾ ਰਿਹਾ ਹੈ ਕਿ ਇਨਸਾਨ ਦੀ ਹੋਂਦ ਕੁਝ ਕੁ ਸਾਲਾਂ 'ਚ ਖ਼ਤਮ ਹੁੰਦੀ ਨਜ਼ਰ ਆ ਰਹੀ ਹੈ। ਕੁਦਰਤ ਨੇ ਆਦਮ ਜੀਵਨ ਕਾਇਮ ਰੱਖਣ ਲਈ ਰੁੱਖ, ਪਾਣੀ ਤੇ ਧੀਆਂ ਨੂੰ ਸਭ ਤੋਂ ਵੱਡੀ ਜ਼ਿੰਮੇਵਾਰੀ ਸੌਂਪੀ ਹੋਈ ਹੈ। ਤ੍ਰਾਸਦੀ ਦੀ ਗੱਲ ਹੈ ਕਿ ਇਨਾਂ ਤਿੰਨਾਂ ਦੇ ਨਾਲ ਇਨਸਾਨ ਦਾ ਛੱਤੀ ਦਾ ਅੰਕੜਾ ਹੈ। ਸੋਚਣ ਵਾਲੀ ਗੱਲ ਹੈ ਕੀ ਅਸੀਂ ਕੁਦਰਤ ਦੇ ਦੋਸ਼ੀ ਨਹੀਂ ?

# ਖੁੰਢੀਆਂ ਦੇ ਸਿੰਙ ਫਸ ਗਏ ਕੋਈ ਨਿੱਤਰੂ ਵੜੇਵੇਂ ਖਾਣੀ



**- ਰਣਜੀਤ ਸਿੰਘ ਦਮਦਮੀ ਟਕਸਾਲ**
**(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)**
**88722-93883**

ਕਿਸਾਨ ਯੂਨੀਅਨਾਂ ਦੀ ਲੀਡਰਸ਼ਿਪ ਦਾ ਇਸ ਗੱਲ ਦਾ ਧੰਨਵਾਦ ਕਰਨਾ ਬਣਦਾ ਕਿ ਉਨਾਂ ਨੇ ਲੋਕਾਂ ਨੂੰ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਕਾਲ਼ੇ ਕਾਨੂੰਨਾਂ ਦੇ ਨੁਕਸਾਨਾਂ ਬਾਰੇ ਦੱਸਿਆ। ਇਹ ਗੱਲ ਬੜੀ ਚੰਗੀ ਹੈ ਕਿ ਯੂਨੀਅਨਾਂ ਦੀ ਲੀਡਰਸ਼ਿਪ ਨੇ ਲੋਕਾਂ ਨੂੰ ਜਗਾਉਣ ਤੇ ਮੈਦਾਨ ਵਿੱਚ ਲਿਆਉਣ ਲਈ ਜ਼ੋਰਦਾਰ ਪ੍ਰਚਾਰ ਕੀਤਾ। ਲੋਕਾਂ ਦੀ ਭਰਵੀਂ ਤੇ ਭਖਵੀਂ ਹਮਾਇਤ ਸਦਕਾ ਕਿਸਾਨ ਯੂਨੀਅਨਾਂ ਦਿੱਲੀ ਨੂੰ ਚਾਰੇ ਪਾਸਿਓਂ ਘੇਰ ਕੇ ਬੈਠੀਆਂ ਹਨ। ਲੋਕਾਂ ਦੀ ਬੇਪਨਾਹ ਹਮਾਇਤ ਸਦਕਾ ਐਹੋ ਜਿਹਾ ਮੰਜਰ ਬਣਿਆ ਕਿ ਯੂ.ਪੀ., ਹਰਿਆਣਾ, ਤਾਮਿਲਨਾਡੂ, ਕੇਰਲਾ, ਕਰਨਾਟਕਾ ਤੇ ਹੋਰ ਸੂਬਿਆਂ ਦੇ ਲੋਕ ਵੀ ਇਸ ਅੰਦੋਲਨ ਵਿੱਚ ਕੁੱਦ ਪਏ ਹਨ। ਦਿੱਲੀ ਦਰਬਾਰ ਦੀਆਂ ਖ਼ੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ ਸਾਫ਼ ਦੱਸਦੀਆਂ ਨੇ ਕਿ ਜਲਦੀ ਤੋਂ ਜਲਦੀ ਇਸ ਅੰਦੋਲਨ ਨੂੰ ਕਾਬੂ ਨਾ ਕੀਤਾ ਗਿਆ ਤਾਂ ਇਹ ਬਗ਼ਾਵਤ ਦਾ ਰੂਪ ਧਾਰਨ ਕਰ ਕੇ ਸਾਰੇ ਭਾਰਤ ਵਿੱਚ ਫੈਲ ਜਾਵੇਗਾ।

ਇਸ ਅੰਦੋਲਨ ਨੂੰ ਕਾਬੂ ਕਰਨ ਲਈ ਸਭ ਤੋਂ ਪਹਿਲੀ ਗੱਲ ਤਾਂ ਇਹੀ ਹੋਵੇਗੀ ਕਿ ਅੰਦੋਲਨਕਾਰੀਆਂ ਨੂੰ ਕਾਨੂੰਨਾਂ ਨਾਲ਼ ਸਹਿਮਤ ਕਰ ਲਿਆ ਜਾਵੇ ਜੋ ਕਿ ਨਾ-ਮੁਮਕਿਨ ਗੱਲ ਹੈ ਕਿਉਂਕਿ ਪਿਛਲੇ ਤਿੰਨ-ਚਾਰ ਮਹੀਨਿਆਂ ਤੋਂ ਕਿਸਾਨ ਯੂਨੀਅਨਾਂ ਦੇ ਆਗੂ ਇਹਨਾਂ ਕਾਨੂੰਨਾਂ ਦੇ ਕਾਲ਼ੇ ਤੇ ਕੋਝੇ ਪੱਖ ਦੱਸਦੇ ਰਹੇ ਹਨ। ਹੁਣ ਤਾਂ ਬੱਚਾ-ਬੱਚਾ ਇੱਕੋ ਰਟ ਲਾਈ ਬੈਠਾ ਹੈ ਕਿ ਇਹ ਖ਼ਤਰਨਾਕ ਕਾਨੂੰਨ ਰੱਦ ਹੋਣੇ ਚਾਹੀਦੇ ਹਨ। ਸੋ, ਦੂਜੀ ਗੱਲ ਇਹ ਬਣਦੀ ਹੈ ਕਿ ਮੋਦੀ ਸਰਕਾਰ ਪਾਰਲੀਮੈਂਟ ਵਿੱਚ ਇਨਾਂ ਕਾਨੂੰਨਾਂ ਨੂੰ ਰੱਦ ਕਰ ਦੇਵੇ ਤਾਂ ਕਿ ਅੰਦੋਲਨਕਾਰੀ ਵਾਪਸ ਘਰਾਂ ਨੂੰ ਪਰਤ ਸਕਣ। ਪਰ ਮੋਦੀ ਸਰਕਾਰ ਤੋਂ ਇਹੋ ਜਿਹੀ ਆਸ ਹੀ ਨਹੀਂ ਹੋ ਸਕਦੀ ਕਿਉਂਕਿ ਮੋਦੀ ਸਰਕਾਰ ਦਾ ਹਰ ਹਿੱਸਾ ਪੂਰੇ ਜ਼ੋਰ ਨਾਲ਼ ਇਨਾਂ ਕਾਨੂੰਨਾਂ ਦੇ ਗੁਣ ਗਿਣਾ ਰਿਹਾ ਹੈ। ਮੋਦੀ ਸਰਕਾਰ ਇਨਾਂ ਕਨੂੰਨਾਂ ਦੀ ਹਮਾਇਤ ਤੇ ਵਕਾਲਤ ਵਿੱਚ ਸਭ ਹੱਦਾਂ ਪਾਰ ਕਰ ਚੁੱਕੀ ਹੈ ਤੇ ਇਨਾਂ ਕਨੂੰਨਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਵੀ ਬੁਰੀ ਤਰਾਂ ਨਿਸ਼ਾਨੇ ਉੱਤੇ ਲੈ ਰਹੀ ਹੈ। ਸੋ ਮੋਦੀ ਸਰਕਾਰ ਵੀ ਪਿੱਛੇ ਨਹੀਂ ਮੁੜੇਗੀ।

ਸਮਝ ਨਹੀਂ ਆ ਰਹੀ ਕਿ ਜਦ ਮੋਦੀ ਸਰਕਾਰ ਇਹਨਾਂ ਕਨੂੰਨਾਂ ਖ਼ਿਲਾਫ਼ ਇੱਕ ਸ਼ਬਦ ਵੀ ਸੁਣਨ ਨੂੰ ਤਿਆਰ ਨਹੀਂ ਤਾਂ ਅੰਦੋਲਨ ਦੇ ਆਗੂਆਂ ਨਾਲ਼ ਮੁਲਾਕਾਤ ਤੇ ਗੱਲਬਾਤ ਕਰ ਕੇ ਕੀ ਕੱਢਣਾ ਹੈ ? ਇਹ ਤਾਂ ਹੋਣਾ ਨਹੀਂ ਕਿ ਜਿਵੇਂ ਕਾਰਪੋਰੇਟ ਘਰਾਣਿਆਂ ਨੇ ਮੋਦੀ ਸਰਕਾਰ ਨੂੰ ਇਨਾਂ ਕਾਨੂੰਨਾਂ ਲਈ ਮਨਾਇਆ ਹੈ, ਓਵੇਂ ਵਿਰੋਧ ਕਰ ਰਹੇ ਲੋਕਾਂ ਨੂੰ ਵੀ ਮਨਾ ਲਵੇ। ਗੱਲਬਾਤ-ਮੁਲਾਕਾਤ ਦਾ ਕੋਈ ਆਧਾਰ ਜਾਂ ਲਾਭ ਤਾਂ ਸਮਝ ਨਹੀਂ ਆ ਰਿਹਾ ਤਾਂ ਫਿਰ ਇਹ ਵਕਤ ਖ਼ਰਾਬ ਕਰਨ ਵਾਲੀ ਮਸ਼ਕ ਕਰਨੀ ਹੀ ਕਿਉਂ ?

ਜਦ ਕਿਸਾਨ ਆਗੂਆਂ ਨੂੰ ਦਿੱਲੀ ਸੱਦ ਕੇ ਅਫ਼ਸਰਸ਼ਾਹੀ ਦੇ ਮੱਥੇ ਲਾਇਆ ਗਿਆ ਸੀ ਤਾਂ ਬੜੀ ਬਦਮਗਜ਼ੀ ਹੋਈ ਸੀ ਕਿਉਂਕਿ ਵਿਰੋਧ ਕਰ ਰਹੇ ਲੋਕਾਂ ਨੇ ਇਸ ਨੂੰ ਬੇਇੱਜ਼ਤੀ ਮੰਨਿਆ ਸੀ। ਫੇਰ ਅਗਲੀ ਮੀਟਿੰਗ ਵਿੱਚ ਤਿੰਨ ਮੰਤਰੀ ਵੀ ਸਨ ਪਰ ਤਾਂ ਵੀ ਕੋਈ ਬਹੁਤੀ ਕਾਰ-ਆਮਦ ਨਹੀਂ ਸੀ ਰਹੀ। ਹੁਣ ਤਾਂ ਮਹੌਲ ਬੇਹੱਦ ਤਲਖ਼ ਹੋ ਗਿਆ ਹੈ। ਭਾਰਤੀ ਕਿਸਾਨ ਯੂਨੀਅਨਾਂ ਦੀ ਲੀਡਰਸ਼ਿਪ ਨੇ ਲੋਕਾਂ ਨੂੰ ਪੂਰੀ ਤਰਾਂ ਤਿਆਰ ਕਰ ਲਿਆ ਹੈ ਕਿ ਇਹ ਕਾਲ਼ੇ ਕਨੂੰਨ ਹਰ ਕੀਮਤ ਉੱਤੇ ਰੱਦ ਕਰਵਾਉਣੇ ਹਨ। ਓਧਰੋਂ ਮੋਦੀ ਸਰਕਾਰ ਨੇ ਵੀ ਇੱਕ ਤਰਾਂ ਅਹਿਦ ਕਰ ਲਿਆ ਕਿ ਬੇਸ਼ੱਕ ਪਰਲੋ ਆ ਜਾਵੇ ਪਰ ਕਾਲ਼ੇ ਕਨੂੰਨ ਰੱਦ ਨਹੀਂ ਹੋਣਗੇ। ਸਪਸ਼ਟ ਹੈ ਕਿ ਦੋਹਾਂ ਪੱਖਾਂ ਵਿੱਚ ਤਕਰਾਰ ਹੁਣ ਟਕਰਾਅ ਵੱਲ ਵਧ ਗਈ ਹੈ। ਮੋਦੀ ਸਰਕਾਰ ਨੇ ਤਾਂ ਅੰਦੋਲਨਕਾਰੀਆਂ ਨੂੰ ਟਿੱਚਰਾਂ ਜਿਹੀਆਂ ਕਰ ਕੇ ਹੀ ਸਾਰਿਆ ਪਿਆ ਹੈ ਤੇ ਗੰਭੀਰਤਾ ਨਾਲ਼ ਕੋਈ ਗੱਲ ਹੀ ਨਹੀਂ ਸੁਣੀ।

ਭਾਜਪਾ ਦੇ ਹਰ ਆਗੂ ਤੇ ਵਰਕਰ ਨੂੰ ਚੂਨੇ ਵਿੱਚ ਲੱਗੀ ਇੱਟ ਵਰਗਾ ਯਕੀਨ ਹੈ ਕਿ ਚਾਹੇ ਸੂਰਜ ਪੱਛਮ ਵੱਲੋਂ ਚੜਨ ਲੱਗ ਪਵੇ ਪਰ ਮੋਦੀ ਸਰਕਾਰ ਕਾਲ਼ੇ ਕਨੂੰਨ ਰੱਦ ਨਹੀਂ ਕਰੇਗੀ। ਇਸ ਕਰਕੇ ਉਹ ਪਾਰਟੀ ਦੇ ਫ਼ੈਸਲੇ ਨਾਲ਼ ਡਟੇ ਖੜੇ ਨੇ। ਸਾਰੇ ਮੁਲਕ ਵਿੱਚ ਭਾਜਪਾ ਅਲੱਗ-ਥਲੱਗ ਪੈ ਗਈ ਹੈ ਤੇ ਇੱਕ ਵੀ ਹੋਰ ਸਿਆਸੀ ਧਿਰ ਉਸ ਦੇ ਨਾਲ਼ ਨਹੀਂ ਪਰ ਤਾਂ ਵੀ ਭਾਜਪਾ ਨੂੰ ਕੱਖ ਪ੍ਰਵਾਹ ਨਹੀਂ। ਇਸੇ ਕਰਕੇ ਭਾਜਪਾ ਆਗੂ ਅੰਦੋਲਨਕਾਰੀਆਂ ਨੂੰ ਚਿੜਾਉਣ ਤੇ ਵੰਗਾਰਨ ਵਾਲ਼ੀ ਬੋਲੀ ਬੋਲ ਰਹੇ ਨੇ ਕਿਉਂਕਿ ਉਹਨਾਂ ਨੂੰ ਜਾਪਦਾ ਕਿ ਇਉਂ ਲੀਡਰਸ਼ਿਪ ਦੀ ਨਜ਼ਰ ਵਿੱਚ ਉਹ ਪਾਰਟੀ ਦੇ 'ਮਹਾਨ ਯੋਧੇ' ਵਜੋਂ ਮਸ਼ਹੂਰ ਤੇ ਪ੍ਰਵਾਨ ਹੋ ਸਕਣਗੇ।

ਮੋਦੀ ਨੂੰ ਕਦੇ ਨਾ ਝੁਕਣ ਵਾਲੇ ਮਹਾਨ ਆਗੂ ਵਜੋਂ ਸਥਾਪਿਤ ਕਰਨ ਦੀ ਹਿੰਡ ਵਿੱਚ ਭਾਜਪਾ ਨੇ ਮਿੱਥ ਲਿਆ ਹੈ ਕਿ ਖੇਤੀ ਕਾਨੂੰਨਾਂ ਦੇ ਮਸਲੇ ਉੱਤੇ ਕਿਸੇ ਦੀ ਕੋਈ ਗੱਲ ਹੀ ਨਹੀਂ ਸੁਣਨੀ। ਉੱਪਰੋਂ ਪਰਾਲ਼ੀ ਨੂੰ ਅੱਗ ਲਾਉਣ ਵਾਲੇ ਕਾਨੂੰਨ ਤਹਿਤ ਹੱਦਾਂ ਪਾਰ ਕਰਦੇ ਜੁਰਮਾਨੇ ਤੇ ਸਜ਼ਾਵਾਂ ਵਾਲੇ ਕਾਨੂੰਨ ਨੇ ਕਿਸਾਨਾਂ ਦਾ ਪਾਰਾ ਹੋਰ ਚੜਾ ਦਿੱਤਾ।

ਇਹ ਕੋਈ ਆਮ ਜਿਹਾ ਅੰਦੋਲਨ ਨਹੀਂ। ਕਿਸਾਨ ਯੂਨੀਅਨਾਂ ਦੀ ਲੀਡਰਸ਼ਿਪ ਨੂੰ ਅਹਿਸਾਸ ਹੈ ਕਿ ਮੋਦੀ ਸਰਕਾਰ ਕਾਲ਼ੇ ਕਾਨੂੰਨਾਂ ਨੂੰ ਰੱਦ ਕਰਨ ਦੀ ਗੱਲ ਸੁਣਨ ਨੂੰ ਵੀ ਤਿਆਰ ਨਹੀਂ ਜਦਕਿ ਉਹ ਤਾਂ ਲੋਕਾਂ ਨੂੰ ਪੂਰੀ ਤਰਾਂ ਤਿਆਰ ਕਰ ਕੇ ਦਿੱਲੀ ਲਿਆਏ ਨੇ ਕਿ ਇਹ ਕਾਲ਼ੇ ਕਾਨੂੰਨ ਲਾਜ਼ਮੀ ਰੱਦ ਹੋਣਗੇ। ਹੁਣ ਕਿਸੇ ਮੁਲਾਕਾਤ-ਗੱਲਬਾਤ ਵਿੱਚ ਜੇ ਕਾਲ਼ੇ ਕਾਨੂੰਨ ਰੱਦ ਕਰਨ ਦੀ ਕੋਈ ਗੱਲ ਹੀ ਨਹੀਂ ਹੋਣੀ ਤੇ ਹੋਰ ਮੁੱਦੇ ਅਤੇ ਹੋਰ ਨੁਕਤੇ ਹੀ ਵਿਚਾਰੇ ਜਾਣਗੇ ਤਾਂ ਅੰਦੋਲਨਕਾਰੀਆਂ ਵਿੱਚ ਰੋਹ ਵਧੇਗਾ ਕਿ ਕਾਲ਼ੇ ਕਾਨੂੰਨ ਰੱਦ ਕਰਨ-ਕਰਾਉਣ ਦੀ ਥਾਂ ਇਹ ਭਾਰਤੀ ਕਿਸਾਨ ਯੂਨੀਅਨਾਂ ਦੀ ਲੀਡਰਸ਼ਿਪ ਹੋਰ ਹੀ ਪਾਸੇ ਤੁਰ ਪਈ ਹੈ।

ਇਉਂ ਭਾਰਤੀ ਕਿਸਾਨ ਯੂਨੀਅਨਾਂ ਦੀ ਲੀਡਰਸ਼ਿਪ ਨੇ ਸ਼ੇਰ ਦੀ ਸਵਾਰੀ ਕਰ ਲਈ ਹੈ। ਅੰਦੋਲਨ ਵਿੱਚ ਜਜ਼ਬਾਤਾਂ ਦੇ ਘੋੜੇ ਉੱਤੇ ਸਵਾਰ ਦ੍ਰਿੜਤਾ ਨਾਲ਼ ਡਟੇ ਹੋਏ ਲੋਕਾਂ ਨੂੰ ਹੋਰ ਕਿਸੇ ਵੀ ਗੱਲ ਨਾਲ਼ ਸੰਤੁਸ਼ਟ ਨਹੀਂ ਕਰਵਾਇਆ ਜਾ ਸਕਦਾ। ਓਧਰੋਂ ਮੋਦੀ ਸਰਕਾਰ ਨੇ ਵੀ ਹਿੰਦੂ ਜਜ਼ਬਾਤ ਨੂੰ ਪੂਰੀ ਤਰਾਂ ਟੁੰਬਿਆ ਹੋਇਆ ਤੇ ਹਿੰਦੂ ਜਜ਼ਬਾਤ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਕਿ ਮੋਦੀ ਸਰਕਾਰ ਕਾਲ਼ੇ ਕਾਨੂੰਨਾਂ ਦੇ ਮਸਲੇ ਉੱਤੇ ਇੱਕ ਇੰਚ ਵੀ ਪਿੱਛੇ ਹਟੇ। ਮੋਦੀ ਸਰਕਾਰ ਦੇ ਕੱਟੜ ਸਮਰਥਕ ਜਿਹੋ ਜਿਹੇ ਵਿਚਾਰ ਸੋਸ਼ਲ ਮੀਡੀਆ ਉੱਤੇ ਲਿਖਦੇ-ਬੋਲਦੇ ਨੇ ਉਸ ਨੂੰ ਵੇਖਦਿਆਂ ਤਾਂ ਇਹੀ ਕਹਿਣਾ ਪੈਂਦਾ ਹੈ ਕਿ ਜੇ ਮੋਦੀ ਸਰਕਾਰ ਨੇ ਭੋਰਾ ਕੁ ਵੀ ਲਚਕ ਵਿਖਾਈ ਤਾਂ ਇਹ ਸਮਰਥਕ ਕੋਈ ਚੰਦ ਚਾੜ ਦੇਣਗੇ। ਇਉਂ ਉਹ ਸਥਿਤੀ ਬਣ ਗਈ ਹੈ ਕਿ ਨਾ ਹੁਣ ਮੋਦੀ ਸਰਕਾਰ ਪਿੱਛੇ ਮੁੜਨ ਜੋਗੀ ਰਹੀ ਹੈ ਤੇ ਨਾ ਹੀ ਕਿਸਾਨ ਯੂਨੀਅਨਾਂ ਦੀ ਲੀਡਰਸ਼ਿਪ ਕਾਲ਼ੇ ਕਨੂੰਨ ਰੱਦ ਕਰਵਾਏ ਬਗੈਰ ਅੰਦੋਲਨਕਾਰੀਆਂ ਦੇ ਮੱਥੇ ਲੱਗਣ ਜੋਗੀ ਹੈ। ਸੋ, ਆਉਣ ਵਾਲੇ ਦਿਨਾਂ ਵਿੱਚ ਟਕਰਾਅ ਹੋਣ ਦੇ ਆਸਾਰ ਹਨ।

ਚੇਤੇ ਰਹੇ ਕਿ ਭਾਰਤੀ ਕਿਸਾਨ ਯੂਨੀਅਨਾਂ ਦੀ ਲੀਡਰਸ਼ਿਪ ਆਪਣੇ ਕੇਡਰ ਨੂੰ ਆਪਣੀ ਗੱਲ ਮਨਵਾ ਸਕਦੀ ਹੈ ਪਰ ਇਸ ਅੰਦੋਲਨ ਵਿੱਚ ਕੇਵਲ ਯੂਨੀਅਨਾਂ ਦਾ ਪੱਕਾ ਕੇਡਰ ਨਹੀਂ ਸਗੋਂ ਇਸ ਅੰਦੋਲਨ ਵਿੱਚ ਤਾਂ ਵੱਡੀ ਗਿਣਤੀ ਵਿੱਚ ਆਮ ਸਿੱਖ ਕਿਸਾਨ ਸ਼ਾਮਿਲ ਨੇ ਜੋ ਭਾਰਤੀ ਕਿਸਾਨ ਯੂਨੀਅਨਾਂ ਦੀ ਲੀਡਰਸ਼ਿਪ ਦੇ ਪੱਕੇ ਮੁਰੀਦ ਨਹੀਂ। ਉਹ ਤਾਂ ਇਹੋ ਧਾਰ ਕੇ ਆਏ ਨੇ ਕਿ ਕਾਲ਼ੇ ਕਾਨੂੰਨ ਰੱਦ ਕਰਵਾਉਣੇ ਹਨ। ਭਾਰਤੀ ਕਿਸਾਨ ਯੂਨੀਅਨਾਂ ਦੀ ਲੀਡਰਸ਼ਿਪ ਵੀ ਕਾਲ਼ੇ ਕਨੂੰਨ ਰੱਦ ਕਰਵਾਏ ਬਗੈਰ ਪਿੱਛੇ ਨਹੀਂ ਮੁੜ ਸਕਦੀ।

ਇਹੋ ਜਿਹੇ ਮਹੌਲ ਵਿੱਚ ਮੋਦੀ ਸਰਕਾਰ ਅੰਦੋਲਨ ਨਾਲ਼ ਨਜਿੱਠਣ ਲਈ ਸਾਮ-ਦਾਮ-ਦੰਡ-ਭੇਦ ਵਾਲ਼ੀ ਚਾਣਕਿਆ ਨੀਤੀ ਉੱਤੇ ਤਾਂ ਚੱਲੇਗੀ ਹੀ, ਹੇਰਾਫੇਰੀ, ਠੱਗੀ, ਧੋਖਾਧੜੀ ਵੀ ਕਰੇਗੀ ਤੇ ਜਦ ਚਾਰੇ ਪਾਸੇ ਗੱਲ ਨਾ ਬਣੀ ਤਾਂ ਮੀਡੀਆ ਵਿੱਚ ਅੰਦੋਲਨ ਖ਼ਿਲਾਫ਼ ਮਹੌਲ ਬਣਾਉਣ ਤੇ ਅੰਦੋਲਨ ਨੂੰ ਬਦਨਾਮ ਕਰਨ ਲਈ ਵੀ ਕੋਸ਼ਿਸ਼ ਕਰੇਗੀ।

ਅੰਦੋਲਨ ਖ਼ਿਲਾਫ਼ ਝੂਠੀਆਂ, ਮਨਘੜਤ ਤੇ ਮਨੋਂ ਕਲਪਿਤ ਕਹਾਣੀਆਂ ਦੀ ਹਨੇਰੀ ਪਹਿਲਾਂ ਹੀ ਗੋਦੀ ਮੀਡੀਆ ਨੇ ਲਿਆਂਦੀ ਹੋਈ ਹੈ। ਹਕੂਮਤ ਨੇ ਸਾਰੇ ਸਾਧਨ ਵਰਤ ਕੇ ਅੰਦੋਲਨਕਾਰੀਆਂ ਦੇ ਦਿਲ-ਦਿਮਾਗ਼ ਵਿੱਚ ਇਹ ਗੱਲ ਭਰਨ ਦੀ ਕੋਸ਼ਿਸ਼ ਕਰਨੀ ਹੈ ਕਿ ਇਹ ਅੰਦੋਲਨ ਤੇ ਇਸ ਦੇ ਆਗੂ ਗ਼ਲਤ ਨੇ। ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਬਣਾਉਣ ਦੀ ਕਲਾ ਵਿੱਚ ਮਾਹਿਰ ਬ੍ਰਾਹਮਣਵਾਦੀ ਬਿਰਤੀ ਵਾਲੇ ਗੋਦੀ ਮੀਡੀਆ ਨੇ ਮੋਦੀ ਸਰਕਾਰ ਦੇ ਹੱਕ ਵਿੱਚ ਪੂਰਾ ਜ਼ੋਰ ਲਾਉਣਾ ਹੈ।

ਹੁਣ ਭਾਰਤੀ ਕਿਸਾਨ ਯੂਨੀਅਨਾਂ ਦੀ ਲੀਡਰਸ਼ਿਪ ਨੇ ਦਿੱਲੀ ਨੂੰ ਹਰ ਪਾਸੇ ਤੋਂ ਸੀਲ ਕਰ ਕੇ ਐਲਾਨ ਕਰ ਦਿੱਤਾ ਹੈ ਕਿ ਜਦ ਤੱਕ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਤਦ ਤੱਕ ਕੋਈ ਗੱਲ ਹੀ ਨਹੀਂ ਕਰਨੀ। ਮੋਦੀ ਸਰਕਾਰ ਸ਼ਰਤਾਂ ਰੱਖ ਕੇ ਗੱਲਬਾਤ ਕਰਨਾ ਚਾਹੁੰਦੀ ਹੈ, ਜਿਸ ਨੂੰ ਭਾਰਤੀ ਕਿਸਾਨ ਯੂਨੀਅਨਾਂ ਦੀ ਲੀਡਰਸ਼ਿਪ ਮਨਜ਼ੂਰ ਨਹੀਂ ਕਰ ਸਕਦੀ। ਇਉਂ ਮੋਦੀ ਸਰਕਾਰ ਤੇ ਭਾਰਤੀ ਕਿਸਾਨ ਯੂਨੀਅਨਾਂ ਦੀ ਲੀਡਰਸ਼ਿਪ ਵਿਚਾਲੇ ਡੈਡਲਾਕ ਪੈਦਾ ਹੁੰਦਾ ਦਿਸਦਾ ਹੈ। ਇਸ ਫਸਵੇਂ ਮਹੌਲ ਵਿੱਚ ਮੋਦੀ ਸਰਕਾਰ ਅੰਦੋਲਨ ਉੱਤੇ ਸਿੱਧੀ ਕਾਰਵਾਈ ਦਾ ਹੁਕਮ ਵੀ ਦੇ ਸਕਦੀ ਹੈ ਕਿ ਕੋਰੋਨਾ ਕਰਕੇ ਭੀੜ ਇਕੱਠੀ ਨਹੀਂ ਸੀ ਹੋ ਸਕਦੀ। ਸੋ, ਹੁਣ ਆਹਮੋ-ਸਾਹਮਣੀ ਟੱਕਰ ਹੈ। ਵੇਖਦੇ ਹਾਂ ਕੀ ਬਣਦਾ ਹੈ ?

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# ਕਿਸਾਨੀ ਮੋਰਚੇ ਬਾਰੇ ਫੇਸਬੁਕ ਟਰੈਂਡ

## ਕਿਸਾਨੀ ਅੰਦੋਲਨ ਦੀ ਇਤਿਹਾਸਕ ਮਹਤਾ

ਦੁਨੀਆਂ ਦਾ ਪਹਿਲਾ ਅੰਦੋਲਨ ਜਿਸ ਵਿੱਚ ਬਹੁਤ ਕੁਝ ਪਹਿਲੀ ਵਾਰ ਵਾਪਰਿਆ ਜੋ ਪਹਿਲਾਂ ਕਦੇ ਨਹੀਂ ਵਾਪਰਿਆ: –

ਦੁਨੀਆਂ ਦਾ ਪਹਿਲਾ ਅੰਦੋਲਨ ਜਿਸ ਨੂੰ ਸ਼ੁਰੂ ਜਥੇਬੰਦੀਆਂ ਨੇ ਕੀਤਾ ਤੇ ਚਲਾ ਇਸਨੂੰ ਲੋਕ ਰਹੇ ਨੇ, ਇਸਦੀ ਵਾਂਗਡੋਰ ਲੀਡਰਾਂ ਦੇ ਹੱਥ ਨਹੀਂ ਲੋਕਾਂ ਦੇ ਹੱਥ ਵਿੱਚ ਹੈ, ਇਸਦਾ ਫ਼ੈਸਲਾ ਵੀ ਲੀਡਰ ਨਹੀਂ ਲੋਕ ਕਰਨਗੇ

ਪਹਿਲੀ ਵਾਰ, ਏਹ ਅੰਦੋਲਨ ਕਿਸੇ ਸਿਆਸੀ ਲੀਡਰਸ਼ਿਪ ਤੋਂ ਬਿਨਾਂ ਚੱਲ ਰਿਹੈ, ਜਿਸ ਵਿਚ ਕਿਸੇ ਸਿਆਸੀ ਲੀਡਰ ਨੂੰ ਸਟੇਜ ਉਪਰ ਨਹੀਂ ਬੋਲਣ ਦਿੱਤਾ

ਪਹਿਲੀ ਵਾਰ ਕਿਸਾਨੀ ਅੰਦੋਲਨ ਚ ਬਜ਼ੁਰਗਾਂ ਦਾ ਹੋਸ਼ ਤੇ ਜਵਾਨਾਂ ਦਾ ਜੋਸ਼ ਆਪਸੀ ਤਾਲਮੇਲ ਨਾਲ਼ ਚੱਲ ਰਿਹਾ ਹੈ

ਪਹਿਲੀ ਵਾਰ, ਐਨੀਂ ਵੱਡੀ ਗਿਣਤੀ ਵਿੱਚ ਨੌਜਵਾਨਾਂ ਦਾ ਇਕੱਠ ਜਾਬਤੇ ਵਿੱਚ ਹੈ ਕਿਤੇ ਵੀ ਕੋਈ ਵੀ ਹਿੰਸਾ ਨਹੀਂ ਹੋਈ , ਸਰਕਾਰੀ ਪ੍ਰਾਪਰਟੀ, ਪਬਲਿਕ ਦਾ ਨੁਕਸਾਨ ਨਹੀਂ ਹੋਇਆ।

ਪਹਿਲੀ ਵਾਰ, ਸਰਕਾਰ ਨੇ ਖ਼ੁਦ ਸਰਕਾਰੀ ਤੇ ਪਬਲਿਕ ਪ੍ਰਾਪਰਟੀ ਦਾ ਨੁਕਸਾਨ ਜ਼ਾਹਰਾ ਤੌਰ ਤੇ ਆਪ ਕੀਤਾ ਹੈ , ਨੈਸ਼ਨਲ ਹਾਈਵੇ ਤਹਿਸ ਨਹਿਸ ਕੀਤਾ ਹੈ, ਵੀਹ ਵੀਹ ਫੁੱਟ ਡੂੰਘੇ ਟੋਏ ਪੱਟੇ ਹਨ।

ਪਹਿਲੀ ਵਾਰ ਹੈ ਕਿ ਸਰਕਾਰ ਵਲੋਂ ਅੰਦੋਲਨਕਾਰੀਆਂ ਨੂੰ ਰੋਕਣ ਲਈ ਸੱਤ ਸੱਤ ਲੇਅਰ ਦੀ ਬੈਰੀਕਕੀਤੀ ਗਈ , ਮਿੱਟੀ ਦੇ ਪਹਾੜ ਖੜੇ ਕੀਤੇ ਗਏ, ਸਰਕਾਰੀ ਤੇ ਗ਼ੈਰ ਸਰਕਾਰੀ ਵਹੀਕਲ ਵੱਡੀ ਗਿਣਤੀ ਵਿੱਚ ਰਸਤਾ ਰੋਕਣ ਲਈ ਇਸਤੇਮਾਲ ਕੀਤੇ ਗਏ।

ਪਹਿਲੀ ਵਾਰ, ਐਨੀ ਭਾਰੀ ਬੈਰੀਕਨੂੰ ਨੌਜਵਾਨਾਂ ਵੱਲੋਂ ਜਾਬਤੇ ਵਿੱਚ ਰਹਿੰਦੇ ਹੋਏ ਕੁਝ ਮਿੰਟਾਂ ਵਿੱਚ ਹਟਾਇਆ ਗਿਆ , ਟਨਾਂ ਭਾਰੇ ਪੱਥਰਾਂ ਨੂੰ ਜਿਹਨਾਂ ਨੂੰ ਕਰੇਨਾਂ ਨਾਲ਼ ਰੱਖਿਆ ਗਿਆ ਉਸਨੂੰ ਹੱਥਾਂ ਨਾਲ਼ ਪਾਸੇ ਕੀਤਾ ਗਿਆ।

ਪਹਿਲੀ ਵਾਰ, ਪੰਜਾਬ ਤੋਂ ਸ਼ੁਰੂ ਹੋਇਆ ਅੰਦੋਲਨ ਐਨੇ ਘੱਟ ਸਮੇਂ ਵਿਚ ਦੇਸ਼ਵਿਆਪੀ ਅੰਦੋਲਨ ਬਣਿਆ ਤੇ ਬਹੁਤ ਵੱਡੀ ਕੌਮਾਂਤਰੀ ਹਮਾਇਤ ਮਿਲ਼ੀ।

ਪਹਿਲੀ ਵਾਰ, ਅੰਦੋਲਨਕਾਰੀਆਂ ਨੇ ਕੋਈ ਕਨੂੰਨ ਨਹੀਂ ਤੋੜਿਆ ਪਰ ਸਰਕਾਰ ਨੇ ਵਾਰ ਵਾਰ ਗੈਰਕਨੂੰਨੀ ਕਾਰਵਾਈਆਂ ਕੀਤੀਆਂ।

ਪਹਿਲੀ ਵਾਰ, ਕਿਸੇ ਮੋਰਚੇ ਵਿੱਚ ਸਾਰੀਆਂ ਬੁਨਿਆਦੀ ਸਹੂਲਤਾਂ ਅੰਦੋਲਨਕਾਰੀਆਂ ਵੱਲੋਂ ਇੱਕੋ ਥਾਂ ਆਪ ਲਿਆਂਦੀਆਂ ਗਈਆਂ। ਖਾਣ ਪੀਣ ਤੋਂ ਲੈ ਕੇ ਕੱਪੜੇ ਧੌਣ ਵਾਲ਼ੀਆਂ ਮਸ਼ੀਨਾਂ, ਮਸਾਜ਼ ਮਸ਼ੀਨਾਂ, ਗਰਮ ਕਪੜਿਆਂ ਵੰਡ, ਟੂਥ ਪੇਸਟ, ਜ਼ਿੰਮ, ਹਰ ਚੀਜ਼ ਲੋਕਾ ਲਈ ਮੌਜੂਦ ਹੈ।

ਪਹਿਲੀ ਵਾਰ, 1947 ਤੋਂ ਬਾਅਦ ਦੇਸ਼ ਭਰ ਦੀਆਂ ਪੰਜ ਸੌ ਦੇ ਕਰੀਬ ਕਿਸਾਨ ਜਥੇਬੰਦੀਆਂ ਇਕੱਠੀਆਂ ਹਨ।

ਪਹਿਲੀ ਵਾਰ, ਅੰਦੋਲਨ ਵਿਚ ਹਰ ਮਜ਼ਬ ਹਰ ਧਰਮ ਹਰ ਖਿੱਤੇ ਦੇ ਲੋਕ ਤੇ ਹਜ਼ਾਰਾਂ ਧਾਰਮਿਕ, ਸਮਾਜਿਕ ਜਥੇਬੰਦੀਆਂ, ਸੰਤ ਮਹਾਤਮਾ, ਟਰੇਡ ਯੂਨੀਅਨਾਂ, ਫ਼ਿਲਮਕਾਰ, ਕਲਾਕਾਰ, ਗੀਤਕਾਰ, ਕਲਮਕਾਰ, ਅਦਾਕਾਰ, ਪੱਤਰਕਾਰ, ਦੁਕਾਨਦਾਰ, ਕਾਰਖਾਨੇਦਾਰ, ਵਿਦਿਆਰਥੀ, ਸਰਕਾਰੀ ਤੇ ਗੈਰਸਰਕਾਰੀ ਮੁਲਾਜ਼ਮ ਸ਼ਾਮਲ ਹਨ।

ਪਹਿਲੀ ਵਾਰ, ਇਸ ਮੋਰਚੇ ਰਾਹੀਂ ਸਰਕਾਰ ਵੱਲੋਂ ਹਿੰਦੂ ਮੁਸਲਿਮ, ਹਿੰਦੂ ਸਿੱਖ ਨਫ਼ਰਤ ਫੈਲਾਉਣ ਵਾਲ਼ਾ ਚੱਕਰਵਿਉ ਫ਼ੇਲ ਕੀਤਾ ਗਿਆ।

ਪਹਿਲੀ ਵਾਰ, ਇਸ ਅੰਦੋਲਨ ਨੇ (ਗੋਦੀ ਮੀਡੀਆ) ਨੈਸ਼ਨਲ ਮੀਡੀਆ ਦੇ ਕੂੜ ਪ੍ਰਚਾਰ ਦਾ ਮੂੰਹ ਤੋੜ ਜਵਾਬ ਦੇਣ ਲਈ ਸ਼ੋਸ਼ਲ ਮੀਡੀਆ ਨੇ ਅਹਿਮ ਰੋਲ਼ ਅਦਾ ਕੀਤਾ ਤੇ ਮੋਰਚੇ ਨੂੰ ਕੌਮਾਂਤਰੀ ਪਹਿਚਾਣ ਤੱਕ ਪਹੁੰਚਾਇਆ।

ਪਹਿਲੀ ਵਾਰ, ਲੱਗੇ ਹੋਏ ਮੋਰਚੇ ਵਿੱਚ ਛੱਤੀ ਪ੍ਰਕਾਰ ਦੇ ਭੋਜਨ ਲੰਗਰਾਂ ਵਿੱਚ ਵਰਤਾਏ ਗਏ

**- ਕੰਵਰਦੀਪ ਸਿੰਘ ਪੰਨੂੰ**

## ਭਾਜਪਾ ਦੇ ਫਾਸ਼ੀਵਾਦੀ ਨੂੰ ਸਮਝਣ ਕਿਸਾਨ ਨੇਤਾ

ਕਿਸਾਨ ਆਗੂਆਂ ਨੂੰ ਇਹ ਜਾਨਣ ਦੀ ਲੋੜ ਹੈ ਕਿ ਬੀਜੇਪੀ ਵਾਲੀ ਸਟੇਟ ਨੇ ਹੁਣ ਤੱਕ ਭਾਰਤ ਵਿੱਚ ਕਸ਼ਮੀਰ ਨੂੰ ਤੋੜਨ ਤੋਂ ਲੈ ਕੇ ਬਾਬਰੀ ਮਸਜਿਦ ਦੀ ਥਾਂ ਮੰਦਰ ਬਣਾਉਣ ਤੱਕ, ਐਨ ਆਰ ਸੀ, ਸੀ ਏ ਏ ਜਾਂ ਯੂ ਪੀ ਏ ਆਦਿ ਕਾਲ਼ੇ ਕਾਨੂੰਨ ਬਣਾਉਣ ਤੱਕ ਜੋ ਕੁਝ ਵੀ ਕੀਤਾ ਹੈ ਉਸਨੇ ਕਿਸੇ ਦੀ ਪ੍ਰਵਾਹ ਨਹੀਂ ਕੀਤੀ। ਮੁਸਲਮਾਨ ਭਾਈਚਾਰਾ ਤਾਂ ਦੇਸ਼ ਧ੍ਰੋਹੀ ਸਿੱਧ ਕੀਤਾ ਹੀ ਹੈ ਨਾਲ ਹੀ ਸਮੁੱਚੇ ਭਾਰਤ ਵਿੱਚ ਸੈਕੂਲਰ ਕਹਾਉਣ ਵਾਲੀ ਕਾਂਗਰਸ ਅਤੇ ਖੱਬੇ ਕਾਮਰੇਡਾਂ ਨੂੰ ਟਿੱਚ ਕਰਕੇ ਜਾਣਿਆ ਹੈ। ਸਭ ਦੇ ਖੁੱਲ ਕੇ ਡਾਂਗ ਫੇਰੀ ਹੈ, ਸੰਸਾਰ ਪੱਧਰ 'ਤੇ ਕੇਵਲ ਖ਼ਬਰਾਂ ਹੀ ਆਈਆਂ ਹਨ, ਕਿਸੇ ਸੈਕੂਲਰ ਜਾਂ ਕਾਮਰੇਡ ਕਹਾਉਣ ਵਾਲੇ ਦੇਸ਼ ਨੇ ਸੈਕੂਲਰਾਂ ਅਤੇ ਕਾਮਰੇਡਾਂ ਦਾ ਸਾਥ ਨਹੀਂ ਦਿੱਤਾ ਅਤੇ ਨਾ ਹੀ ਵਿਦੇਸ਼ਾਂ ਵਿੱਚ ਹੁਣ ਵਾਂਗ ਕੋਈ ਵੱਡੇ ਵਿਰੋਧ ਹੋਏ ਹਨ। ਕਿਸਾਨੀ ਮਸਲਾ ਪੰਜਾਬ ਨੇ ਚੁੱਕਿਆ ਹੈ, ਯੂਨੀਅਨਾਂ ਨੇ ਜ਼ਮੀਨ 'ਤੇ ਲੋਕਾਂ ਨੂੰ ਲਾਮਬੰਦ ਕੀਤਾ, ਸੰਸਾਰ ਭਰ ਦਾ ਪੰਜਾਬੀ ਮਤਭੇਦ ਭੁਲਾ ਨਾਲ ਹੋ ਤੁਰਿਆ। ਦਿੱਲੀ ਪਹੁੰਚਣ ਤੋਂ ਪਹਿਲਾਂ ਪੰਜਾਬ ਨੇ ਆਪਣੇ ਅੰਦਰ ਰੂਹਾਨੀ ਸਿੱਖ ਇਨਕਲਾਬ ਪ੍ਰਗਟ ਕੀਤਾ, ਇਤਿਹਾਸ ਨੂੰ ਰੱਜ ਕੇ ਗਾਇਆ ਅਤੇ ਇੱਕ ਚਮਤਕਾਰ ਵਾਂਗ ਦਿੱਲੀ ਜਾ ਬੈਠਾ। ਸਭ ਨੂੰ ਪਤਾ ਹੈ ਕਿਸਾਨ ਯੂਨੀਅਨਾਂ ਦਿੱਲੀ ਜਾਣ ਜੋਗੀਆਂ ਨਹੀਂ ਸਨ, ਇਹਨਾਂ ਦਾ ਐਲਾਨ ਸੀ ਜਿੱਥੇ ਸਰਕਾਰ ਰੋਕੂ, ਓਥੇ ਰੁਕ ਜਾਣਾ, ਪੰਜਾਬ ਭਾਵੇਂ ਸਾਲ ਭਰ ਬੈਠੇ ਰਹਿੰਦੇ ਕਿਸੇ ਨੇ ਪੁੱਛਣਾ ਤੱਕ ਨਹੀਂ ਸੀ। ਗੁਰਾਂ ਦੇ ਸਿਦਕ ਨੇ ਚੜਦੀ ਕਲਾ ਬਖ਼ਸ਼ੀ ਪੰਜਾਬ ਦਿੱਲੀ ਪਹੁੰਚ ਗਿਆ ਅਤੇ ਕਿਸਾਨ ਆਗੂਆਂ ਨੂੰ ਸੰਘਰਸ਼ ਦੇ ਵਿਚੋਲੇ ਬਣਨ ਦਾ ਮਾਣ ਸਤਿਕਾਰ ਮਿਲਿਆ। ਪਰ ਇਹਨਾਂ ਨੂੰ ਹੁਣ ਉਸੇ ਖੱਬੇ ਪੱਖੀ ਸਿਆਸਤ ਦਾ ਭੂਤ ਚੁੰਬੜ ਗਿਆ, ਜਿਸ ਨੂੰ ਸਟੇਟ ਟਿੱਚ ਕਰਕੇ ਜਾਣਦੀ ਹੈ ਅਤੇ ਇਹ ਉਸੇ ਗਰੂਰ ਜਾਂ ਭੁਲੇਖੇ ਵਿੱਚ ਖੁਦ ਹੀ ਸੰਘਰਸ਼ ਦਾ ਨੁਕਸਾਨ ਕਰ ਰਹੇ ਹਨ। ਇਹਨਾਂ ਨੂੰ ਇਹ ਸਮਝ ਹੋਣੀ ਚਾਹੀਦੀ ਹੈ ਕਿ ਜੇ ਅੱਜ ਸੰਸਾਰ ਭਰ ਵਿੱਚ ਭਾਰਤੀ ਸਟੇਟ ਦਾ ਵਿਰੋਧ ਹੋ ਰਿਹਾ ਹੈ ਤਾਂ ਉਹ ਗੁਰਾਂ ਵਾਲੇ ਪੰਜਾਬੀਆਂ ਕਰਕੇ ਹੋ ਰਿਹਾ ਹੈ ਨਾ ਕਿ ਕਾਮਰੇਡਾਂ ਵਾਲੇ ਪੰਜਾਬ ਕਰਕੇ। ਬੀਜੇਪੀ ਵੀ ਹੁਣ ਤੱਕ ਕੇਵਲ ਸਿੱਖਾਂ ਕਰਕੇ ਕੋਈ ਵੱਡੀ ਕਾਰਵਾਈ ਕਰਨ ਤੋਂ ਭੈਅ ਖਾਂਦੀ ਹੈ, ਨਹੀਂ ਤਾਂ ਖੱਬੇ ਕਾਮਰੇਡਾਂ ਤੇ ਸੈਕੂਲਰ ਲਿਬਰਲਾਂ ਨੂੰ ਕਾਬੂ ਕਰਨਾ ਸਟੇਟ ਲਈ ਕੋਈ ਔਖਾ ਕੰਮ ਨਹੀਂ ਸੀ। ਭਾਰਤੀ ਫ਼ੌਜ ਵਿੱਚ ਸਿੱਖ ਇੱਕ ਵੱਡੀ ਸ਼ਕਤੀ ਹਨ, ਨਾਲ ਹੀ ਵਿਦੇਸ਼ਾਂ ਵਿੱਚ ਹਰ ਤਰਾਂ ਦੀ ਸਿਆਸਤ ਵਿੱਚ ਸਿੱਖ ਮੋਹਰੀ ਹਨ ਤੇ ਆਰਥਿਕ ਪੱਖੋਂ ਬਹੁਤ ਅਮੀਰ ਹਨ। ਸਮਾਂ ਰਹਿੰਦੇ ਕਿਸਾਨ ਆਗੂਆਂ ਨੂੰ ਨਿੱਤ ਰੋਜ ਦੀਆਂ ਗਲਤੀਆਂ ਬੰਦ ਕਰਕੇ ਸੱਚ ਕਬੂਲ ਕਰਦੇ ਹੋਏ, ਸਭ ਨੂੰ ਬਣਦਾ ਮਾਣ ਸਤਿਕਾਰ ਦਿੰਦੇ ਹੋਏ, ਸੰਘਰਸ਼ ਨੂੰ ਚੜਦੀ ਕਲਾ ਵਾਲੇ ਪਾਸੇ ਤੋਰਨਾ ਚਾਹੀਦਾ ਹੈ..।

**- ਗੋਲਡੀ ਦਿਉਲ ਕੈਨੇਡਾ**

## ਗੱਡੇ ਤੋਂ ਟਰਾਲੀ ਤੱਕ

ਮਾਲਵੇ ਵਿੱਚ 1970 ਤੱਕ ਛੋਲਿਆਂ ਤੇ ਸਰੋਂ ਦੀ ਖੇਤੀ ਵੱਡੀ ਪੱਧਰ ਤੇ ਹੁੰਦੀ ਰਹੀ ਹੈ । ਚੇਤ ਦੇ ਮਹੀਨੇ ਛੋਲਿਆਂ ਦੀ ਵਾਢੀ ਸ਼ੁਰੂ ਹੋ ਜਾਂਦੀ ਸੀ । ਵਾਢੀ ਕਰਨ ਵਾਸਤੇ ਖੇਤ ਨੂੰ ਜਾਣ ਵੇਲੇ ਕਿਸਾਨ ਆਪਣਾ ਗੱਡਾ ਵੀ ਨਾਲ ਲੈਕੇ ਜਾਂਦੇ ਸਨ । ਮੈਂ ਉਦੋਂ ਸਕੂਲ ਵਿੱਚ ਪੜਦਾ ਸੀ ਤੇ ਉਦੋਂ ਪੜਨ ਵਾਲਿਆਂ ਨੂੰ ਵੀ ਖੇਤੀ ਦੇ ਕੰਮਾਂ ਵਿੱਚ ਹੱਥ ਵਟਾਉਣਾ ਪੈਂਦਾ ਸੀ । ਖੇਤ ਜਾਣ ਵੇਲੇ ਭਾਵੇਂ ਗੱਡਾ ਨਾਲ ਹੁੰਦਾ ਸੀ ਪਰ ਵਾਢੀ ਕਰਨ ਵਾਲੇ ਗੱਡੇ ਉੱਪਰ ਨਹੀਂ ਬੈਠਦੇ ਸਨ , ਸਗੋਂ ਨਾਲ਼ ਨਾਲ਼ ਤੁਰੇ ਜਾਂਦੇ ਸਨ । ਕਈ ਵੇਰ ਮੈਂ ਆਪਣੇ ਦਾਦੇ ਤੋਂ ਪੁੱਛਣਾ ਕਿ ਆਹ ਗੱਡੇ ਦਾ ਖੇਤ ਕੀ ਕੰਮ ਹੈ ਜਦੋਂ ਅਸੀਂ ਖੇਤ ਵਿੱਚ ਇਸਤੋਂ ਕੋਈ ਕੰਮ ਹੀ ਨਹੀਂ ਲੈਣਾ । ਸਾਡੇ ਦਾਦੇ ਨੇ ਦੱਸਣਾ ਕਿ ਇਹ ਗੱਡਾ ਖੇਤ ਵਿੱਚ ਆਪਣਾ ਘਰ ਹੁੰਦਾ ਹੈ । ਇਸ ਮਹੀਨੇ ਗੜੇ ਕਾਕੜੇ ਦੀ ਰੁੱਤ ਹੁੰਦੀ ਹੈ। ਅਸਮਾਨ ਤੋਂ ਪੱਥਰਾਂ ਵਰਗੇ ਗੜੇ ਡਿੱਗਣ ਲੱਗ ਜਾਣ ਤਾਂ ਆਪਾਂ ਸਾਰੇ ਗੱਡੇ ਹੇਠਾਂ ਬੈਠ ਜਾਵਾਂਗੇ । ਬਲਦਾਂ ਦੇ ਰੱਸੇ ਲਪੇਟ ਦੇਵਾਂਗੇ ਤੇ ਇਹ ਦੁੜਕੀ ਲਾ ਕੇ ਘਰ ਪਹੁੰਚ ਜਾਣਗੇ । ਉਂਝ ਇਹ ਬਲ਼ਦ ਖੇਤ ਆਕੇ ਸਾਰਾ ਦਿਨ ਛੋਲੇ ਖਾਂਦੇ ਰਹਿੰਦੇ ਨੇ ਤੇ ਸਾਰੇ ਸਾਲ ਵਾਸਤੇ ਤਾਕਤ ਇਕੱਠੀ ਕਰ ਲੈਣਗੇ । ਉਦੋਂ ਕਿਸੇ ਥਾਂ ਤੋਂ ਕੁੱਝ ਹਰੇ ਛੋਲੇ ਪੁੱਟਕੇ ਬਲ਼ਦਾਂ ਨੂੰ ਪਾਉਂਦੇ ਰਹਿੰਦੇ ਸਨ । ਗੱਡੇ ਦੀ ਭੰਡਾਰੀ ਵਿੱਚ ਕੋਈ ਖਾਣ ਪੀਣ ਵਾਲਾ ਸਮਾਨ ਸਾਂਭ ਲੈਂਦੇ ਹਾਂ। ਸ਼ਾਮ ਨੂੰ ਕੋਈ ਹਾੜੀ ਵੱਢਣ ਵਾਲਾ ਥੱਕਿਆ ਮਹਿਸੂਸ ਕਰੇ ਤਾਂ ਉਹ ਵਾਪਸ ਜਾਣ ਵੇਲੇ ਗੱਡੇ ਤੇ ਬੈਠ ਜਾਵੇਗਾ। ਉਂਝ ਵੀ ਹਰ ਰੋਜ਼ ਗੱਡਾ ਚੱਲਣ ਕਰਕੇ ਇਸਨੂੰ ਤੇਲ ਵਗ਼ੈਰਾ ਲਾਉਂਦੇ ਰਹਿੰਦੇ ਹਾਂ ਤੇ ਸੰਦ ਬਣਿਆ ਰਹਿੰਦਾ ਹੈ । ਉਦੋਂ ਬਜ਼ੁਰਗਾਂ ਦੀਆਂ ਇਨਾਂ ਗੱਲਾਂ ਵੱਲ ਜਿਆਦਾ ਧਿਆਨ ਨਹੀਂ ਦਿੰਦੇ ਸਾਂ ।

ਹੁਣ ਕਿਸਾਨਾਂ ਨੇ ਆਪਣੀਆਂ ਹੱਕੀ ਮੰਗਾਂ ਲਈ ਦਿੱਲੀ ਮੋਰਚਾ ਲਾਉਣ ਵੇਲੇ ਬਜ਼ੁਰਗਾਂ ਦੀ ਉਸੇ ਪੁਰਾਣੀ ਸਿਆਣਪ ਨੂੰ ਅਪਣਾਇਆ ਹੈ ਅਤੇ ਇੰਨੇ ਖਰਾਬ ਮੌਸਮ ਦੇ ਬਾਵਜੂਦ ਆਪਣੇ ਆਧੁਨਿਕ ਗੱਡੇ ਦੇ ਸਹਾਰੇ ਸਰਕਾਰ ਨਾਲ ਸਿੱਧੀ ਟੱਕਰ ਲੈ ਲਈ ਹੈ। ਕਿਸਾਨ ਦਾ ਇਹ ਨਵਾਂ ਗੱਡਾ ਇਸ ਲੜਾਈ ਵਿੱਚ ਨਿਊਕਲੀਅਰ ਹਥਿਆਰਾਂ ਦੀ ਬਰਾਬਰੀ ਕਰ ਰਿਹਾ ਹੈ । ਦਿੱਲੀ ਪਹੁੰਚਣ , ਸਮਾਨ ਦੀ ਢੋਆ ਢੁਆਈ , ਖਰਾਬ ਮੌਸਮ ਵਿੱਚ ਰਹਿਣ ਪੈਣ ਦਾ ਸਹਾਰਾ, ਗੱਲ ਕੀ ਘਰ ਦੀਆਂ ਹਰ ਸਹੂਲਤਾਂ ਨਾਲ ਲੈਸ ਇਹ ਆਧੁਨਿਕ ਗੱਡਾ ਇਸ ਸੰਘਰਸ਼ ਵਿੱਚ ਕਿਸਾਨਾਂ ਦੀ ਜਿੱਤ ਵਿੱਚ ਵੱਡਾ ਰੋਲ ਨਿਭਾਏਗਾ । ਪੁੱਤਰਾਂ ਵਾਂਗ ਰੱਖੇ ਅਤੇ ਸ਼ਿੰਗਾਰੇ ਟਰੈਕਟਰ ਟਰਾਲੀ ਰੂਪੀ ਇਹ ਆਧੁਨਿਕ ਗੱਡਾ ਮਹਾਂਭਾਰਤ ਦੀ ਲੜਾਈ ਵਿੱਚ ਅਰਜਨ ਦਾ ਰਥ ਸਾਬਤ ਹੋਵੇਗਾ । ਹੱਕ ਸੱਚ ਲਈ ਲੜਨ ਵਾਲਿਆਂ ਦੀ ਜਿੱਤ ਯਕੀਨੀ ਹੋਵੇਗੀ ।

**- ਮਲਕੀਤ ਸਿੰਘ**

## ਕਿਸਾਨ ਅਤੇ ਕਾਨੂੰਨਾਂ ਦਾ ਹੱਲ: ਗੰਨਾ ਅਤੇ ਭੇਲੀ

ਤਾਇਆ ਭਾਨਾ ਕਹਿੰਦਾ ਹੁੰਦਾ ਸੀ ਸਭ ਤੋਂ 'ਪਹਿਲਾ ਸਿਆਣਾ ਬੰਦਾ ਉਹ ਸੀ ਜੀਹਨੇ ਜਮੀਨ ਵਾਹ ਕੇ ਫਸਲ ਬੀਜੀ ਤੇ ਆਖਰੀ ਸਿਆਣਾ ਬੰਦਾ ਵੀ ਓਹੀ ਹੋਊ ਜਿਹੜਾ ਅਖੀਰਲੀ ਫਸਲ ਬੀਜੂ ਓਦੋਂ ਬਾਅਦ ਲੋਕ ਭੁਖ ਨਾਲ ਮਰਨਗੇ।'

ਇਹ ਸਰਕਾਰ ਵਪਾਰੀਆਂ ਦੇ ਰੂੰਗੇ ਤੇ ਪਲਣ ਵਾਲੇ ਵਿਹਲੜ ਭਗਤਾਂ ਦੀ ਹੈ, ਜੋ ਭੁਲੇਖੇ ਵੱਸ ਕਿਸਾਨਾਂ ਵਾਲੀ ਜਿੱਦ ਕਰ ਰਹੀ ਹੈ। ਲਗਦਾ ਏ ਇਹਨੇ 3, 5 ਕਰਦਿਆਂ ਗੰਨੇ ਨਹੀਂ ਦੇਣੇ ਤੇ ਕਿਸਾਨ ਬਣਨ ਦੇ ਚੱਕਰ ਵਿਚ ਸਵਾਮੀਨਾਥਨ ਵਾਲੀ ਪੂਰੀ ਭੇਲੀ ਹੀ ਦੇਊਗੀ। ਜੇ ਗੰਨੇ ਨਹੀਂ ਦੇਣੇ ਤਾਂ ਅੜਾ-ਝੜੀ ਵਿਚ ਭੇਲੀ ਭਨਾ ਜਰੂਰ ਲਉ। ਲਗਦੈ ਭੋਰਾ ਭੋਰਾ ਹੋਰਾਂ ਨੂੰ ਵੀ ਮਿਲੂ। ਪਿਛਲੇ 6 ਸਾਲਾਂ ਤੋਂ ਜਿਹੜੇ ਲੋਕਾਂ ਨੇ 1, 2 ਜਾਂ 3 ਗੰਨੇ ਮੰਗੇ ਹਨ ਸਰਕਾਰ ਨੇ ਨਹੀਂ ਦਿੱਤੇ ਏਹਨਾਂ ਤੋਂ ਇਸ ਵਾਰ ਨਹਿਰੂ ਵਾਂਗ 'ਅੰਦਾਜੇ ਕਾ ਗਲਤੀ' ਹੋ ਗਿਆ ਤਾਂ ਕਰਕੇ ਵਪਾਰੀਆਂ ਤੋਂ ਰੂੰਗਾ ਖਾਣ ਵਾਲੇ ਨਕਲੀ ਕਿਸਾਨ ਦਾ ਅਸਲੀ ਕਿਸਾਨਾਂ ਨਾਲ ਵਾਹ ਪੈ ਗਿਆ। ਅਸਲੀ ਕਿਸਾਨਾਂ ਦਾ ਕੰਮ ਗੰਨੇ ਖੋਹ ਕੇ ਸੁਟਣ ਨਾਲ ਮੁਕਣਾ ਨਹੀਂ ਹੈ ਸਗੋਂ ਨਕਲੀ ਕਿਸਾਨਾਂ ਤੋਂ ਆਪਣੀ ਪੈਲੀ ਛੁਡਾਉਣੀ ਹੀ ਪੈਣੀ ਹੈ, ਕਿਉਂਕਿ ਪਰਚੀਆਂ ਨਾਲ ਬਣੀ ਸਰਕਾਰ ਨੂੰ ਹੁਣ ਰੂੰਗਾ ਛੋਟੀਆਂ ਹੱਟੀਆਂ ਅਤੇ ਪੈਲੀਆਂ ਤੇ ਕਬਜੇ ਕਰਾਉਣਾ ਦਾ ਮਿਲਣਾ ਹੈ। ਸਰਕਾਰੀ ਮਹਿਕਮੇ ਵੇਚਣ ਦਾ ਰੂੰਗਾ ਤਾਂ ਪਹਿਲਾਂ ਈ ਖਾ ਗਏ ਨੇ। ਜਿਹੜੀ ਸਰਕਾਰ ਸਰਕਾਰੀ ਮਹਿਕਮੇ ਵੇਚਣ ਦਾ ਰੂੰਗਾ ਖਾਂਦੀ ਹੋਵੇ ਓਹਨਾਂ ਦਾ ਕੀ ਨੁਕਸਾਨ ਹੋਜੂ, ਨੁਕਸਾਨ ਦਾ ਡਰ ਵਪਾਰੀ ਨੂੰ ਹੁੰਦਾ ਏ ਜਾਂ ਉਹਨੂੰ ਹੁੰਦਾ ਹੈ ਜੀਹਦੀ ਕੋਈ ਇਜਤ ਹੋਵੇ। ਤਾਏ ਦਾ ਯਕੀਨ ਸੀ ਕਿ ਅਣਖ ਇਜਤ ਆਲੇ ਲੋਕ ਰੂੰਗਾ ਤੇ ਦਲਾਲੀ ਨਹੀਂ ਖਾਂਦੇ ਹੁੰਦੇ।

ਕਿਸਾਨ ਫਸਲਾਂ ਦੇ ਫੈਸਲੇ ਹੀ ਕਿਉਂ ਕਰੇ ? ਬਾਕੀ ਜਿੰਦਗੀ ਦੇ ਫੈਸਲੇ ਵਪਾਰੀ ਜਾਂ ਓਹਨਾਂ ਦੇ ਰੂੰਗੇ ਝੂੰਗੇ ਤੇ ਪਲ਼ਣ ਵਾਲੇ ਕਰਨਗੇ ਤਾਂ ਲੋਕਾਈ ਨੂੰ ਫਿਰ ਮੁਸੀਬਤ ਪੈਦਾ ਕਰਨਗੇ, ਜੋ ਮੁੜ ਕਿਸਾਨਾਂ ਲਈ ਨਵੀਂ ਮੁਸੀਬਤ ਬਣਨਗੇ। ਵਪਾਰੀ ਜੋ ਲੁਟਦਾ ਹੈ ਉਹਦੇ ਕੋਲ ਫੈਸਲੇ ਕਰਨ ਦਾ ਹੱਕ ਹੀ ਕਿਉਂ ਰਹੇ ? ਜੋ ਝੂਠ ਬੋਲ ਕੇ ਤੇ ਰੂੰਗੇ ਖਾ ਕੇ ਗੱਦੀ ਤੱਕ ਪਹੁੰਚਦਾ ਹੈ ਉਹ ਸੱਚ ਦਾ ਨਿਆ ਕਿਵੇਂ ਕਰੇਗਾ ? ਮੋਟਾ ਸਵਾਲ ਹੈ ਕਿ ਰਾਜ ਕਰਨ ਦਾ ਹੱਕ ਲੁਟੇਰੇ ਅਤੇ ਝੂਠੇ ਕੋਲ ਕਿਉਂ ਹੋਵੇ ? ਰਾਜ ਕਰਨ ਦਾ ਹੱਕ ਹੀ ਓਹਨਾਂ ਕੋਲ ਹੋਣਾ ਚਾਹੀਦਾ ਹੈ ਜੋ ਘਾਟਾ ਝਲਣ ਦੇ ਸਮਰਥ ਅਤੇ ਆਦੀ ਹਨ। ਜੋ ਘਾਟਾ ਨਹੀਂ ਝਲ ਸਕਦਾ ਉਹ ਰਾਜ ਕਰਨ ਦੇ ਸਮਰਥ ਨਹੀਂ ਹੈ। ਰਾਜ ਕਰਨ ਦਾ ਅਸਲ ਹੱਕ ਓਹਨਾਂ ਕੋਲ ਹੋਣਾ ਚਾਹੀਦਾ ਹੈ ਜੋ ਆਪ ਕਮਾ ਕੇ ਵੰਡਣ ਦੇ ਆਦੀ ਹਨ।ਰਾਜ ਕਰਨ ਦਾ ਅਸਲ ਮਤਲਬ ਲੋਕਾਂ ਦੀ ਪਾਲਣਾ ਕਰਨਾ ਹੁੰਦਾ ਹੈ ਵਪਾਰੀ ਤਾਂ ਸਿਰਫ ਆਪਣੀ ਪਾਲਣਾ ਕਰਦਾ ਹੈ। ਜਿਹੜੇ ਲੋਕ ਹਰ ਖੇਤਰ ਵਿਚ ਵਪਾਰੀ ਦੇ ਦਾਖਲੇ ਨੂੰ ਤਰੱਕੀ ਵਜੋਂ ਵੇਖਦੇ ਹਨ ਉਹਨਾਂ ਕੋਲੋਂ ਇਕੋ ਜੁਆਬ ਮੰਗਣਾ ਚਾਹੀਦਾ ਹੈ ਕਿ ਆਪਣੇ ਬਾਰੇ ਸੋਚਣ ਵਾਲਾ ਅਤੇ ਲਾਹੇ ਖਾਤਰ ਜੀਣ ਵਾਲਾ ਬੰਦਾ ਕਿਸੇ ਦੇਸ਼ ਜਾਂ ਮਨੁਖਤਾ ਦਾ ਭਲਾ ਕਿਵੇਂ ਕਰ ਸਕਦਾ ਹੈ ? ਉਹਦਾ ਕੁੱਲ ਵਿਕਾਸ ਜਾਲ ਵਿਛਾਉਣਾ ਅਤੇ ਚੋਗਾ ਪਾਉਣਾ ਤੋਂ ਵੱਧ ਕੁਝ ਨਹੀਂ ਹੋ ਸਕਦਾ ਹੈ। ਸਤਾਏ ਦਾ ਯਕੀਨ ਸੀ ਕਿ ਜਿਹੜਾ ਬੰਦਾ ਠੱਗੀ ਚੋਰੀ ਧੋਖਾ ਕਰਦਾ ਏ ਉਹ ਕਾਹਦਾ ਸਿਆਣਾ ਏ ਜਦੋਂ ਕੁਛ ਨਾਲ ਈ ਨਹੀਂ ਜਾਣਾ।

ਤਾਏ ਦੇ ਹਿਸਾਬ ਨਾਲ ਇਹ ਗੱਲ 'ਮੰਗ ਖਾਣੇ ਤੇ ਲੁਟਣ ਆਲੇ ਲੋਕਾਂ ਨੇ ਬਣਾਈ ਐ ਕਿ ਧਰਤੀ ਪੱਟ ਲੋਕ ਕਮਲੇ ਹੁੰਦੇ ਨੇ'। ਜਿਹੜਾ ਖੇਤੀ ਕਰੂ ਵਾੜ ਵੀ ਉਹੀ ਕਰੂ। ਪੁੱਤਾਂ ਵਾਂਗ ਪਾਲ਼ੀ ਫਸਲ ਦਾ ਫਿਕਰ ਵਪਾਰੀ ਅਤੇ ਰੂੰਗੇ ਖਾਣ ਵਾਲੇ ਨੂੰ ਕਿਉਂ ਹੋਊ, ਇਹ ਤਾਂ ਫਸਲਾਂ ਵਾਲੇ ਨੂੰ ਆਪ ਈ ਹੱਲ ਕਰਨਾ ਪਊ ? ਇਹ ਹੱਲ ਨਾ ਆਪ ਮਰਨ ਵਿਚ ਹੈ ਅਤੇ ਨਾ ਦੂਜਿਆਂ ਨੂੰ ਮਾਰਨ ਵਿਚ ਐ। ਜਿੰਦਗੀ ਇਕੋ ਵਾਰ ਮਰ ਕੇ ਵੀ ਨਹੀਂ ਚਲਦੀ ਅਤੇ ਰੋਜ ਮਰ ਮਰ ਕੇ ਵੀ ਨਹੀਂ ਚਲਦੀ। ਹੁਣ ਪਹਿਲੇ ਅਤੇ ਆਖਰੀ ਸਿਆਣਿਆਂ ਦੀ ਪਰਖ ਏਦਾਂ ਈ ਹੋਣੀ ਹੈ ਕਿ ਉਹ ਦੁਨੀਆ ਲਈ ਕਿਹੜਾ ਰਾਹ ਕਢਦੇ ਹਨ।

ਰੌਲਾ ਗੰਨਿਆਂ ਦਾ ਨਹੀਂ ਭੇਲੀ ਦਾ ਏ। ਜਿਹੜੇ ਗੰਨਾ ਦਿੰਦੇ ਨਹੀਂ ਉਹਨਾਂ ਨੂੰ ਐਵੇਂ ਗੰਨੇ ਮਿਲਣੇ ਵੀ ਨਹੀਂ। ਭੇਲੀ ਦੇਣ ਆਲਿਆਂ ਨੂੰ ਭੇਲੀ ਲੈਣ ਦੀ ਗੱਲ ਕਰਨੀ ਪਊ ਤਾਂ ਹੀ ਉਹਨਾਂ ਦੀ ਗੱਲ ਬਣੂ। ਭੇਲੀ ਫੁਟਿਆਂ ਵੀ 3 ਗੰਨਿਆਂ ਤੋਂ ਵੱਧ ਮਿਲੂਗਾ।

**- ਸੇਵਕ ਸਿੰਘ**

## ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ

ਦਸਮ ਗੁਰੂ ਚਮਕੌਰ ਦੀ ਗੜੀ ਅੰਦਰ, ਘੇਰਾ ਮੁਗ਼ਲਾਂ ਨੇ ਆਣ ਤੰਗ ਕੀਤਾ ।
ਕੁੱਲ ਦਿੱਲੀ ਪੰਜਾਬ ਦੀ ਬਾਦਸ਼ਾਹੀ, ਨਾਲ ਰਾਜੇ ਪਹਾੜੀਆਂ ਸੰਗ ਕੀਤਾ ।
ਅੰਦਰ ਗਿਣਤੀ ਦੇ ਸਿੰਘ ਤੇ ਸਾਹਿਬਜ਼ਾਦੇ, ਜਿੰਨਾ ਸੀਸ ਤਲੀ ਧਰ ਜੰਗ ਕੀਤਾ।
ਧ੍ਰੂ ਪਾਵੇ ਕਹਾਣੀ ਗੁਰੂ ਪੁੱਤਰਾਂ ਦੀ, ਜਿੰਨਾ ਝੰਡਾ ਕੁਰਬਾਨੀ ਬੁਲੰਦ ਕੀਤਾ ।
ਗੁਰੂ ਕਿਹਾ ਅਜੀਤ ਜੁਝਾਰ ਤਾਈਂ, ਜ਼ਰਾ ਐਧਰ ਨੂੰ ਮੇਰੇ ਕੋਲ ਆਓ ਪੁੱਤੋ ।
ਇਸ ਘੜੀ ਲਈ ਸੂਰਮੇ ਹੋਣ ਪੈਦਾ, ਸ਼ਸਤਰ ਲਓ ਮੈਦਾਨ ਵਿਚ ਜਾਓ ਪੁੱਤੋ ।
ਤਵਾਰੀਖ਼ ਲਿਖੇ ਐਸੀ ਰਣ ਅੰਦਰ, ਭਾਜੜ ਜ਼ਾਲਮਾਂ ਨੂੰ ਜਾ ਪਾਓ ਪੁੱਤੋ ।
ਮਜ਼ਲੂਮ ਤੇ ਧਰਮ ਦੀ ਢਾਲ ਬਣਕੇ, ਭਾਣਾ ਮੰਨ ਸ਼ਹੀਦੀਆਂ ਪਾਓ ਪੁੱਤੋ ।
ਦੋਵਾਂ ਪੁੱਤਾਂ ਨੇ ਜੋੜ ਕੇ ਹੱਥ ਦੋਵੇਂ, ਸੀਸ ਬਾਪ ਦੇ ਅੱਗੇ ਝੁਕਾਇਆ ਏ ।
ਕਹਿੰਦੇ ਪਿਤਾ ਜੀ ਥਾਪਨਾ ਦਿਓ ਸਾਨੂੰ, ਗੁਰੂ ਘੁੱਟ ਕੇ ਸੀਨੇ ਨਾਲ ਲਾਇਆ ਏ ।
ਕਿਹਾ ਉਹ ਰੁਤਬਾ ਤੁਸੀਂ ਪਾਵਣਾਂ ਏਂ, ਜਿਹੜਾ ਕਿਸੇ ਦੇ ਹਿੱਸੇ ਨਾ ਆਇਆ ਏ।
ਦਸਮੇਸ਼ ਨੇ ਜਿਗਰ ਦੇ ਟੋਟਿਆਂ ਨੂੰ, ਤੋਰ ਜੰਗ, ਨਾ ਮਨ ਡੁਲਾਇਆ ਏ ।
ਸਾਹਿਬਜ਼ਾਦਿਆਂ ਧਰਮ ਦੀ ਲਾਜ ਰੱਖੀ, ਤੇਗ਼ਾਂ ਰਣ ਵਿਚ ਖ਼ੂਬ ਚਲਾਈਆਂ ਏ ।
ਉਹਨਾ ਮੌਤ ਦੇ ਨਾਲ ਲਿਆ ਦਸਤਪੰਜਾ, ਮੱਥੇ ਨਹੀਂ ਤਰੇਲੀਆਂ ਆਈਆਂ ਏ ।
ਬਾਪ ਵੇਖਦਾ ਪੁੱਤਰਾਂ ਕੱਟਦਿਆਂ ਨੂੰ, ਬਾਜਾਂ ਵਾਲਿਆ ਧੰਨ ਕਮਾਈਆਂ ਏ ।
ਦਸਮੇਸ਼ ਨੇ ਦੇਸ਼ ਦੀ ਨੀਂਹ ਥੱਲੇ, ਇੱਟਾਂ ਆਪਣੇ ਪੁੱਤਾਂ ਦੀਆਂ ਲਾਈਆਂ ਏ ।
ਅਜੀਤ ਸਿੰਘ ਜੁਝਾਰ ਨੇ ਹੋ ਟੋਟੇ, ਰੁਤਬਾ ਪਰਮ ਸ਼ਹੀਦਾਂ ਦਾ ਪਾਇਆ ਏ ।
ਔਲਾਦ ਨੂੰ ਕੁੱਲ ਜਹਾਨ ਅੰਦਰ, ਇਕ ਜਿਊਣ ਦਾ ਰਾਹ ਵਖਾਇਆ ਏ ।
ਨਿੱਕੀ ਉਮਰੇ ਬਾਪ ਦੇ ਚੱਲ ਕਦਮੀ, ਜੂਝ ਮੌਤ ਨੂੰ ਗਲੇ ਲਗਾਇਆ ਏ ।
ਜਾਨ ਮੋਇਆਂ ਦੇ ਵਿਚ ਵੀ ਆਣ ਪੈਂਦੀ, ਸਾਕਾ ਜਦੋਂ ਚਮਕੌਰ ਸੁਣਾਇਆ ਏ ।
ਖ਼ਾਤਰ ਲੋਕਾਂ ਦੀ ਗੁਰੂ ਦਸਮੇਸ਼ ਵਾਂਗੂੰ, ਕਿਹੜਾ ਬਾਪ ਜੋ ਬੱਚੇ ਕਟਵਾ ਸਕਦਾ ।
ਕੌਣ ਪਿਤਾ ਦੀ ਸੋਚ ਆਦਰਸ਼ ਉੱਤੋਂ, ਬੱਚਾ ਜਾਨ ਨੂੰ ਆਪ ਗਵਾ ਸਕਦਾ ।
ਜਿਹੜੇ ਬਾਪ ਦਾ ਏਨਾ ਹੌਸਲਾ ਤੇ, ਜਿਹੜੇ ਬੱਚੇ ਹੋ ਗਏ ਕੁਰਬਾਨ ਲੋਕੋ ।
ਅਸੀਂ ਉਹਨਾਂ ਦੇ ਪੁੱਤ ਭਰਾ ਲੱਗਦੇ, ਸਾਡੇ ਲਈ ਹੈ ਇਹ ਵਰਦਾਨ ਲੋਕੋ ।

**ਸੁਰਿੰਦਰ ਪਾਲ ਸਿੰਘ ਮੰਡ (ਪ੍ਰੋਫੈਸਰ )**
**੯੪੧੭੩ ੨੪੫੪੩**


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# ਕਿਸਾਨ ਅੰਦੋਲਨ ਵਿਚੋਂ ਡੇਰਾਵਾਦੀ ਗਾਇਬ

**- ਰਵਿੰਦਰ ਸਿੰਘ ਸੋਢੀ**

ਪੰਜਾਬ ਵਿੱਚ ਜਿੰਨੇ ਪਿੰਡ ਹਨ ਉਨਾਂ ਨਾਲੋਂ ਜ਼ਿਆਦਾ ਬਾਬਿਆਂ, ਸਾਧਾਂ, ਸੰਤਾਂ, ਮਹੰਤਾਂ ਦੇ ਡੇਰੇ ਹਨ। ਕਈ ਪਿੰਡਾਂ ’ਤੇ ਤਾਂ ਇੱਕ ਤੋਂ ਵਧੇਰੇ ਮਹਾਂਪੁਰਸ਼ਾਂ ਦੀ ਕ੍ਰਿਪਾ ਦ੍ਰਿਸ਼ਟੀ ਬਣੀ ਹੋਈ ਹੈ। ਸ਼ਹਿਰਾਂ ਵਿਚਲੇ ਡੇਰੇ ਇਹਨਾਂ ਤੋਂ ਵੱਖਰੇ ਹਨ। ਕਈ ਬਾਬਿਆਂ ਨੇ ਆਪਣੀ ਮਾਨਤਾ ਨੂੰ ਦੇਖਦੇ ਹੋਏ ਆਪਣੇ ਡੇਰਿਆਂ ਨੂੰ ਮਲਟੀ ਨੈਸ਼ਨਲ ਕੰਪਨੀਆਂ ਦੀਆਂ ਲੀਹਾਂ ’ਤੇ ਚਲਾਉਂਦੇ ਹੋਏ ਇੱਕ ਤੋਂ ਵੱਧ ਸ਼ਹਿਰਾਂ/ਪਿੰਡਾਂ ਵਿੱਚ ਡੇਰੇ ਬਣਾਏ ਹੋਏ ਹਨ। ਇਹਨਾਂ ਡੇਰਿਆਂ ਦੀ ਮਾਨਤਾ ਅਨੁਸਾਰ ਅਮੀਰ, ਵਜ਼ੀਰ, ਵੱਡੇ ਵੱਡੇ ਅਫ਼ਸਰ, ਡਾਕਟਰ, ਇੰਜਨੀਅਰ, ਪ੍ਰੋਫੈਸਰ, ਖਿਡਾਰੀ ਤਕ ਇਹਨਾਂ ਦੇ ਚੇਲੇ-ਚਾਟੜੇ ਹਨ। ਇਹੋ ਨਹੀਂ, ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਵੀ ਇਹਨਾਂ ਦੀ ਮਾਰ ਤੋਂ ਨਹੀਂ ਬਚੇ ਹੋਏ। ਪਿੰਡਾਂ ਵਿੱਚ ਤਾਂ ਬਾਬਿਆਂ ਨੂੰ ਅੱਵਲ ਤਾਂ ਜੁਆਕ ਵੰਡਣ, ਆਦਮੀ ਨੂੰ ਵੱਸ ਵਿੱਚ ਕਰਨ ਦੇ ਉਪਾਅ, ਦਰਾਣੀ-ਜਿਠਾਣੀ ਤੋਂ ਬਚਣ ਲਈ, ਮੁੰਡੇ-ਕੁੜੀ ਦੇ ਰਿਸ਼ਤੇ ਨਾ ਹੋਣ ਕਰਕੇ ਧਾਗੇ-ਤਵੀਤ ਦੇਣ, ਓਪਰੀ ਕਸਰ ਲਈ ਹੱਥ-ਔਲ਼ਾ ਕਰਨ ਤੋਂ ਹੀ ਵਿਹਲ ਨਹੀਂ ਮਿਲਦਾ। ਜੇ ਕੁਝ ਵਿਹਲੇ ਹੋਣ ਤਾਂ ਜਵਾਕ ਨੂੰ ਭੁੱਖ ਨਾ ਲੱਗਣੀ, ਹੱਥਗੋਲਾ ਲੱਗੀ ਹੋਣੀ ਦੀ ਪੁੜੀ ਵੀ ਦੇਣੀ ਪੈਂਦੀ ਹੈ। ਕੰਮ ਇੱਥੇ ਹੀ ਖ਼ਤਮ ਨਹੀਂ ਹੁੰਦਾ। ਅੰਤਰਜਾਮੀ ਬਾਬਿਆਂ ਨੂੰ ਤਾਂ ਗਊ-ਮੱਝ ਦੇ ਦੁੱਧ ਨਾ ਦੇਣ ਤੋਂ ਲੈ ਕੇ ਨਵੇਂ ਦੁੱਧ ਨਾ ਹੋਣ ਦੇ ਟੋਟਕੇ ਵੀ ਦੱਸਣੇ ਪੈਂਦੇ ਹਨ।

ਸਾਡੀ ਆਸਥਾ ਇਹਨਾਂ ਬਾਬਿਆਂ ਪ੍ਰਤੀ ਕਿੰਨੀ ਪੱਕੀ ਹੋ ਚੁੱਕੀ ਹੈ, ਉਸ ਸਬੰਧੀ ਕਿਸੇ ਵਿਸ਼ਵਾਸੀ ਮਿੱਤਰ ਦਵਾਰਾ ਸੁਣਾਈ ਸੱਚੀ ਘਟਨਾ ਯਾਦ ਆ ਰਹੀ ਹੈ। ਗੱਲ ਕਾਫੀ ਪੁਰਾਣੀ ਹੈ। ਉਦੋਂ ਮਰੂਤੀ ਕਾਰਾਂ ਨਵੀਆਂ ਨਵੀਆਂ ਹੀ ਆਈਆਂ ਸਨ। ਲੋਕਾਂ ਵਿੱਚ ਇਹਨਾਂ ਜਪਾਨੀ ਕਾਰਾਂ ਦੀ ਕਾਫੀ ਚਰਚਾ ਸੀ। ਕਾਰਾਂ ਦੀ ਬਲੈਕ ਵੀ ਸੀ ਅਤੇ ਕਈ ਕਈ ਮਹੀਨੇ ਉਡੀਕ ਵੀ ਕਰਨੀ ਪੈਂਦੀ ਸੀ। ਇੱਕ ਵਾਰ ਸਾਧਾਂ ਵਰਗਾ ਕੁੜਤਾ ਪਾਈ ਅਤੇ ਧੋਤੀ ਲਾਈ ਅਤੇ ਸਿਰ ‘ਤੇ ਫਿੱਡੀ ਜਿਹੀ ਪੱਗ ਬੰਨੀ ਇੱਕ ਸਾਧ ਨੁਮਾ ਬਾਬਾ, ਲੁਧਿਆਣਾ ਸ਼ਹਿਰ ਦੇ ਬਾਹਰ ਬਣੇ ਮਾਰੂਤੀ ਕਾਰ ਦੇ ਸ਼ੋਅ ਰੂਮ ਵਿੱਚ ਜਾ ਵੜਿਆ। ਉਹ ਮੈਨੇਜਰ ਤੋਂ ਕਾਰ ਸਬੰਧੀ ਪੁੱਛ ਪੜਤਾਲ ਕਰਨ ਲੱਗਿਆ। ਮੈਨੇਜਰ ਨੇ ਉਸ ਦਾ ਹੁਲੀਆ ਦੇਖ ਕੇ ਅੰਦਾਜ਼ਾ ਲਾਇਆ ਕਿ ਇਸ ਨੇ ਕਾਰ ਕਿੱਥੋਂ ਲੈਣੀ ਹੈ, ਸਮਾਂ ਹੀ ਬਰਬਾਦ ਕਰ ਰਿਹਾ ਹੈ। ਮੈਨੇਜਰ ਰੁੱਖਾ ਜਿਹਾ ਬੋਲਿਆ। ਬਾਬੇ ਨੂੰ ਗ਼ੁੱਸਾ ਆ ਗਿਆ। ਉਹ ਮੈਨੇਜਰ ਨੂੰ ਕਹਿਣ ਲੱਗਿਆ ਕਿ ਇਹ ਦੱਸ, ਤੇਰੇ ਸ਼ੋਅ ਰੂਮ ਵਿੱਚ ਇਸ ਸਮੇਂ ਕਿੰਨੀਆਂ ਕਾਰਾਂ ਖੜੀਆਂ ਹਨ ? ਦੋ ਘੰਟੇ ਵਿੱਚ ਤੇਰਾ ਸ਼ੋਅ ਰੂਮ ਖ਼ਾਲੀ ਕਰਵਾ ਸਕਦਾ ਹਾਂ। ਇਸ ਤੋਂ ਪਹਿਲਾਂ ਕਿ ਮੈਨੇਜਰ ਕੁਝ ਬੋਲਦਾ, ਬਾਬਾ ਕਹਿਣ ਲੱਗਿਆ, ‘ਤੇਰਾ ਟੈਲੀਫ਼ੋਨ ਵਰਤ ਲਵਾਂ’ ? ਬਾਬੇ ਨੇ ਛੇ-ਸੱਤ ਬੰਦਿਆਂ ਨੂੰ ਫ਼ੋਨ ’ਤੇ ਇੱਕੋ ਗੱਲ ਕਹੀ, ‘ਤੁਸੀਂ ਕਦੋਂ ਦੇ ਪੁੱਛਦੇ ਸੀ ਕਿ ਕਾਰ ਕਦੋਂ ਲਈਏ। ਅੱਜ ਕਾਰ ਖ਼ਰੀਦਣ ਲਈ ਦਿਨ ਬਹੁਤ ਸ਼ੁੱਭ ਹੈ। ਜਲਦੀ ਤੋਂ ਜਲਦੀ ਲੁਧਿਆਣੇ ਪਹੁੰਚ ਜਾਓ, ਪਰ ਤਿੰਨ ਵਜੇ ਤੋਂ ਪਹਿਲਾਂ’ ਫ਼ੋਨ ਕਰਕੇ ਬਾਬਾ ਬੈਠ ਗਿਆ। ਮੈਨੇਜਰ ਨੂੰ ਕਹਿਣ ਲੱਗਿਆ ਕਿ ਹੁਣ ਉਸ ਨੂੰ ਕੁਝ ਸਮਾਂ ਸ਼ੋਅ ਰੂਮ ਵਿੱਚ ਹੀ ਬੈਠਣਾ ਪਵੇਗਾ। ਮੈਨੇਜਰ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਦੋ ਕੁ ਘੰਟਿਆਂ ਵਿੱਚ ਹੀ ਪੰਜ ਬੰਦੇ ਪਹੁੰਚ ਗਏ। ਆਉਂਦਿਆਂ ਹੀ ਉਹਨਾਂ ਨੇ ਬਾਬਾ ਜੀ ਦੇ ਪੈਰੀਂ ਹੱਥ ਲਾਏ। ਬਾਬਾ ਜੀ ਗਰਦਨ ਅਕੜਾ ਕੇ ਮੈਨੇਜਰ ਨੂੰ ਕਹਿਣ ਲੱਗੇ ਕਿ ਸਾਰਿਆਂ ਨੂੰ ਕਾਰਾਂ ਦੇ ਦੇ। ਸਾਰੇ ਹੀ ਬਾਬਾ ਜੀ ਨੂੰ ਬੇਨਤੀ ਕਰ ਰਹੇ ਸੀ ਕਿ ਉਹ ਆਪ ਜਾ ਕੇ ਕਾਰ ‘ਤੇ ਹੱਥ ਰੱਖਣ ਕਿ ਉਹ ਕਿਹੜੀ ਕਾਰ ਲੈਣ ਅਤੇ ਬਾਬਾ ਜੀ ਕਾਰ ਵਿੱਚ ਆਪਣੇ ਚਰਨ ਪਾਉਣ। ਉਹਨਾਂ ਦੇ ਗੱਲਾਂ ਕਰਦੇ ਕਰਦੇ ਹੀ ਦੋ ਚੇਲੇ ਹੋਰ ਆ ਗਏ। ਕਾਰਾਂ ਦੇ ਕਾਗ਼ਜ਼ ਤਿਆਰ ਕਰਦੇ ਸਮਾਂ ਲੱਗਣਾ ਸੀ, ਇਸ ਲਈ ਬਾਬਾ ਜੀ ਸਾਰੀਆਂ ਕਾਰਾਂ ਵਿੱਚ ਇੱਕ ਇੱਕ ਵਾਰ ਬੈਠ ਕੇ ਆਪਣੀ ਅੰਬੈਸਡਰ ਕਾਰ ਵਿੱਚ ਜਾ ਬਿਰਾਜੇ ਅਤੇ ਤੁਰਦੇ ਹੋਏ।

ਮੈਨੇਜਰ ਨੂੰ ਚੇਲਿਆਂ ਤੋਂ ਪਤਾ ਲੱਗਿਆ ਕਿ ਬਾਬਾ ਜੀ ਤਾਂ ਕਿਸੇ ਡੇਰੇ ਦੇ ਮੁਖੀ ਹਨ। ਦੋ ਦਿਨਾਂ ਬਾਅਦ ਹੀ ਸ਼ੋਅ ਰੂਮ ਦਾ ਮੈਨੇਜਰ ਬਾਬਾ ਜੀ ਦੇ ਡੇਰੇ ਪਹੁੰਚ ਕੇ ਉਹਨਾਂ ਦਾ ਚੇਲਾ ਬਣ ਗਿਆ। ਇਸ ਸੱਚੀ ਘਟਨਾ ਤੋਂ ਪਤਾ ਲਗਦਾ ਹੈ ਕਿ ਬਾਬਿਆਂ ਪ੍ਰਤੀ ਸਾਡੀ ਸ਼ਰਧਾ ਅੰਨੀ ਹੈ।

ਪਿੰਡਾਂ ਵਿੱਚ ਜਿੰਨੇ ਵੀ ਡੇਰੇ ਹਨ ਬਿਨਾ ਸ਼ੱਕ ਕਿਸਾਨਾਂ ਦੇ ਸਿਰ ‘ਤੇ ਹੀ ਚੱਲਦੇ ਹਨ। ਹਾੜੀ-ਸੌਣੀ ਬਾਬਿਆਂ ਦੇ ਚੇਲੇ ਖੇਤਾਂ ਵਿੱਚੋਂ ਹੀ ਟਰਾਲੀਆਂ ਭਰ ਲਿਆਉਂਦੇ ਹਨ। ਸਲਾਨਾ ਭੰਡਾਰਿਆਂ, ਗੁਰਪੁਰਬਾਂ, ਡੇਰੇ ਦੇ ਪਹਿਲੇ ਹੋ ਚੁੱਕੇ ਬਾਬਿਆਂ ਦੇ ਅਵਤਾਰ ਧਾਰਨ, ਸਮਾਧੀ ਲੈਣ ਦਿਹਾੜੇ, ਗ਼ਰੀਬ ਕੁੜੀਆਂ ਦੇ ਵਿਆਹ ਆਦਿ ਦੇ ਮੌਕਿਆਂ ਤੇ ਫੇਰ ਕਿਸਾਨਾਂ ਨੂੰ ਤਿਲ-ਫੁੱਲ ਭੇਟ ਕਰਨ ਲਈ ਹੋਕਾ ਲੱਗਦਾ ਹੈ। ਬਾਕੀ ਸਾਰਾ ਸਾਲ ਵੀ ਜਨਮ, ਮਰਨ, ਵਿਆਹ ਸ਼ਾਦੀਆਂ ਦੇ ਕੰਮ ਤਾਂ ਚਲਦੇ ਹੀ ਰਹਿੰਦੇ ਹਨ। ਸੋ ਬਾਬਿਆਂ ਦੇ ਖ਼ਜ਼ਾਨੇ ਤੇਲੀ ਦੇ ਕੁੱਪੇ ਦੀ ਤਰਾਂ ਭਰਪੂਰ ਹੀ ਰਹਿੰਦੇ ਹਨ। ਇਸ ਤੋਂ ਇਲਾਵਾ ਸੰਗਰਾਂਦ, ਪੰਚਮੀ ਦੇ ਦੀਵਾਨਾ ਦਾ ਚੜ੍ਹਾਵਾ ਅਲੱਗ। ਹਾਂ ਸੱਚ, ਜੇ ਪਿੰਡ ਦਾ ਕੋਈ ਮੁੰਡਾ, ਕੁੜੀ ਵਿਦੇਸ਼ ਤੋਂ ਘਰ ਦਿਆਂ ਨੂੰ ਮਿਲਣ ਆਵੇ ਤਾਂ ਬਾਬਿਆਂ ਦੀ ਹਾਜ਼ਰੀ ਤਾਂ ਲਵਾਉਣੀ ਹੀ ਪੈਂਦੀ ਹੈ ਅਤੇ ਡੇਰੇ ਦੀ ਹਮੇਸ਼ਾ ਚਲਦੀ ਕਾਰ ਸੇਵਾ ਲਈ ਮੋਟਾ ਚੜ੍ਹਾਵਾ ਵੀ ਚੜ੍ਹਾਉਣਾ ਪੈਂਦਾ ਹੈ। ਜੇ ਕਿਸੇ ਭਗਤ ਨੇ ਬਾਬਾ ਜੀ ਦੇ ਚਰਨ ਆਪਣੇ ਗ਼ਰੀਬ ਖਾਨੇ ਪੁਆਉਣੇ ਹੋਣ, ਤਾਂ ਮਹਾਰਾਜ ਨੂੰ ਮੋਟਾ ਮੱਥਾ ਟੇਕਣਾ ਉਹਨਾਂ ਦੇ ਆਦਰ ਸਤਿਕਾਰ ਲਈ ਜ਼ਰੂਰੀ ਹੀ ਹੁੰਦਾ ਹੈ। ਮੁੱਕਦੀ ਗੱਲ ਇਹ ਕਿ ਬਾਬਿਆਂ ਦੇ ਡੇਰੇ ਕਮਾਊ ਪੁੱਤਰ ਦੀ ਤਰਾਂ ਖੱਟੀ ਕਰਦੇ ਹੀ ਰਹਿੰਦੇ ਹਨ। ਕਈ ਵੱਡੇ ਭਗਤ ਬਾਬਾ ਜੀ ਦੀ ਕ੍ਰਿਪਾ ਨਾਲ ਕੀਤੀ ਮੋਟੀ ਕਮਾਈ ਵਿੱਚੋਂ ਏ ਸੀ ਕਾਰ ਵੀ ਭੇਂਟ ਕਰ ਜਾਂਦੇ ਹਨ। ਰਹਿੰਦੀ ਖਹਿੰਦੀ ਕਸਰ ਕਿਸੇ ਐੱਮ ਐੱਲ ਏ ਜਾਂ ਮੰਤਰੀ ਵੱਲੋਂ ਚੋਣਾਂ ਵੇਲੇ ਕੀਤੀ ਸੇਵਾ ਦੇ ਨਜ਼ਰਾਨੇ ਦੇ ਤੌਰ ‘ਤੇ ਪੁਲਿਸ ਸਕਿਉਰਟੀ ਮਿਲਣ ਨਾਲ ਪੂਰੀ ਹੋ ਜਾਂਦੀ ਹੈ। ਸੋ ਬਾਬਿਆਂ ਦੇ ਇਕਬਾਲ ਬੁਲੰਦ ਹੀ ਰਹਿੰਦੇ ਹਨ।

ਸੰਗਤਾਂ ਦੇ ਚੜ੍ਹਾਵੇ ਕਰਕੇ ਡੇਰਾ ਆਲੀਸ਼ਾਨ ਇਮਾਰਤ ਵਿੱਚ ਬਦਲ ਜਾਂਦਾ ਹੈ। ਡੇਰੇ ਦੇ ਨਾਲ ਲਗਦੀ ਜ਼ਮੀਨ ’ਤੇ ਹੀ ਬਾਬਾ ਜੀ ਦੀ ਕੁਟੀਆ ਦਾ ਨਿਰਮਾਣ ਹੋ ਜਾਂਦਾ ਹੈ। ਕੋਈ ਭਗਤ ਮਕਰਾਨੇ ਦੇ ਵਧੀਆ ਮਾਰਬਲ ਦਾ ਟਰੱਕ ਭੇਜ ਦਿੰਦਾ ਹੈ, ਕੋਈ ਵਧੀਆ ਲੱਕੜ ਪਹੁੰਚਾ ਦਿੰਦਾ ਹੈ, ਕੋਈ ਕੁਝ। ਕੁਟੀਆ ਤਿਆਰ ਹੋਣ ਤੋਂ ਬਾਅਦ ਮਹਿੰਗੇ ਤੋਂ ਮਹਿੰਗੇ ਫ਼ਰਨੀਚਰ ਨਾਲ ਸਜਾਵਟ ਵੀ ਹੋ ਜਾਂਦੀ ਹੈ। ਪਰ ਮਜ਼ਾਲ ਹੈ ਆਮ ਸੇਵਕ ਅੰਦਰ ਝਾਤ ਵੀ ਪਾ ਸਕਣ। ਕੁਝ ਖ਼ਾਸ ਚੇਲੇ ਜਾਂ ਬਾਬਾ ਜੀ ਦੇ ਨਜ਼ਦੀਕੀਆਂ ਦੀ ਹੀ ਅੰਦਰ ਤਕ ਰਸਾਈ ਹੁੰਦੀ ਹੈ, ਬਾਕੀ ਤਾਂ ਗੇਟ ਨੂੰ ਹੀ ਮੱਥਾ ਟੇਕ ਕੇ ਵਾਪਸ ਪਰਤ ਆਉਂਦੇ ਹਨ। ਕੀ ਕੋਈ ਬਾਬਾ ਜਾਂ ਸੰਤ-ਮਹੰਤ ਹਿੱਕ ਥਾਪੜ ਕੇ ਇਹ ਕਹਿ ਸਕਦਾ ਹੈ ਕਿ ਡੇਰੇ ਦੀ ਜਾਂ ਉਸ ਦੀ ਰਿਹਾਇਸ਼ ਵਾਲੀ ਜ਼ਮੀਨ ਉਹਨਾਂ ਦੇ ਖ਼ਾਨਦਾਨ ਦੀ ਜੱਦੀ ਜ਼ਮੀਨ ਹੈ ? ਇਹ ਸਾਰੀਆਂ ਜਾਇਦਾਦਾਂ ਸ਼ਰਧਾਲੂਆਂ ਦੀ ਸੇਵਾ ਭਾਵਨਾ ਨਾਲ ਹੀ ਬਣਦੀਆਂ ਹਨ।

ਦੇਖਣ ਵਾਲੀ ਗੱਲ ਹੈ ਕਿ ਇਸਦੇ ਬਦਲੇ ਗ਼ਰੀਬ ਜ਼ਿਮੀਂਦਾਰਾਂ, ਕਿਸਾਨਾਂ, ਪਿੰਡ ਵਾਲਿਆਂ ਨੂੰ ਮਿਲਦਾ ਕੀ ਹੈ ? ਬਾਬਿਆਂ ਦਾ ਫੋਕਾ ਅਸ਼ੀਰਵਾਦ ਜਾਂ ਆਪਣੇ ਮਨ ਨੂੰ ਕੁਝ ਧਰਵਾਸ ਕਿ ਅਸੀਂ ਧਰਮ-ਕਰਮ ਕਰ ਰਹੇ ਹਾਂ, ਮਹਾਂਪੁਰਸ਼ਾਂ ਦੀ ਸੇਵਾ ਕਰ ਰਹੇ ਹਾਂ। ਜੇ ਅਸੀਂ ਆਪਣੀ ਅਕਲ ਨੂੰ ਕੁਝ ਹੱਥ ਮਾਰੀਏ ਤਾਂ ਪਤਾ ਲੱਗੇਗਾ ਕਿ ਜੇ ਕਿਸੇ ਗ਼ਰੀਬ ਨੂੰ ਕੁਝ ਪੈਸੇ ਦੇ ਕੇ ਕੋਈ ਛੋਟਾ ਜਿਹਾ ਕੰਮ ਕਰਵਾ ਦਿਓ ਤਾਂ ਸਾਰੀ ਉਮਰ ਲਈ ਉਸ ਦੀ ਦੋ ਵਕਤ ਦੀ ਰੋਟੀ ਦਾ ਇੰਤਜ਼ਾਮ ਹੋ ਜਾਵੇਗਾ। ਕਿਸੇ ਗ਼ਰੀਬ ਬੱਚੇ ਦੀ ਪੜ੍ਹਾਈ ਦਾ ਖਰਚਾ ਓਟ ਲਉ, ਉਸ ਦੀ ਜ਼ਿੰਦਗੀ ਸਵਰ ਜਾਵੇਗੀ। ਕਿਸੇ ਗ਼ਰੀਬ ਦੀ ਕੁੜੀ ਦੇ ਵਿਆਹ ਲਈ ਉਸ ਦੇ ਮਾਂ ਪਿਉ ਦੀ ਸਹਾਇਤਾ ਕਰ ਦਿਉ, ਉਹ ਸਾਰੀ ਉਮਰ ਤੁਹਾਡੇ ਗੁਣ ਗਾਉਣਗੇ। ਲੋੜ ਪੈਣ ’ਤੇ ਤੁਹਾਡੀ ਸਹਾਇਤਾ ਲਈ ਤੁਹਾਡੇ ਨਾਲ ਮੋਢੇ ਦੇ ਨਾਲ ਮੋਢਾ ਜੋੜ ਕੇ ਖੜੇ ਹੋਣਗੇ। ਹੁਣ ਇਹ ਸੋਚੋ ਕੇ ਇਸ ਸਾਧ ਲਾਣੇ, ਬਾਬਿਆਂ ਦੀ ਮੰਡਲੀਆਂ ਨੇ ਤੁਹਾਡੇ ਲਈ ਕੀ ਕੀਤਾ ? ਸ਼ਾਇਦ ਜ਼ਿੰਦਗੀ ਵਿੱਚ ਤੁਹਾਨੂੰ ਪਹਿਲੀ ਵਾਰ ਲੋੜ ਪਈ ਕਿ ਦੂਜੇ ਵੀ ਤੁਹਾਡੀ ਹਾਂ ਦੇ ਵਿੱਚ ਹਾਂ ਮਿਲਾਉਣ, ਤੁਹਾਡੇ ਨਾਲ ਖੜਨ, ਤੁਹਾਨੂੰ ਹੌਸਲਾ ਦੇਣ ਕਿ ਘਬਰਾਉਣ ਦੀ ਲੋੜ ਨਹੀਂ, ਸਾਡੇ ਹੁੰਦੇ ਕੋਈ ਤੁਹਾਡੇ ਵੱਲ ਕੈਰੀ ਅੱਖ ਨਾਲ



ਝਾਕ ਵੀ ਨਹੀਂ ਸਕਦਾ। ਕਿਸਾਨ ਤਾਂ ਆਪਣੇ ਬੁਲੰਦ ਹੌਸਲੇ ਕਰਕੇ ਹੀ ਹਰ ਮੁਸੀਬਤ ਦਾ ਟਾਕਰਾ ਕਰਨ ਦੇ ਯੋਗ ਹਨ। ਪਰ ਜਦੋਂ ਕੋਈ ਮੁਸੀਬਤ ਪੈਂਦੀ ਹੈ ਤਾਂ ਇਹ ਇੱਕ ਮਨੋਵਿਗਿਆਨਕ ਵਰਤਾਰਾ ਹੈ ਕਿ ਹੌਸਲਾ ਮਿਲਣ ਨਾਲ ਇਨਸਾਨ ਦੀ ਜੁਝਾਰੂ ਬਿਰਤੀ ਹੋਰ ਪ੍ਰਚੰਡ ਹੋ ਜਾਂਦੀ ਹੈ।

ਕਿਸਾਨਾਂ ਦੇ ਮੌਜੂਦਾ ਸੰਘਰਸ਼ ਸਮੇਂ ਸਿਰਫ਼ ਬੀ ਜੇ ਪੀ ਦੇ ਕੱਟੜ ਹਮਾਇਤੀਆਂ ਨੂੰ ਛੱਡ ਕੇ ਹਰ ਫ਼ਿਰਕੇ ਨੇ ਹੀ ਕਿਸਾਨਾਂ ਦੀਆਂ ਜਾਇਜ਼ ਮੰਗਾਂ ਦਾ ਸਮਰਥਨ ਕੀਤਾ ਹੈ। ਜੇ ਕਿਸਾਨ ਅਜਿਹੀ ਬਹਾਦਰੀ ਨਾਲ ਹੈਂਕੜਬਾਜ਼ ਸਰਕਾਰ ਨਾਲ ਮੱਥਾ ਲਾ ਰਹੇ ਹਨ ਤਾਂ ਇਸਦਾ ਇੱਕ ਕਾਰਨ ਇਹ ਵੀ ਹੈ ਕਿ ਆਮ ਜਨਤਾ ਉਹਨਾਂ ਦੇ ਨਾਲ ਖੜੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਹਿਲਾਂ ਤਕਰੀਬਨ ਦੋ ਮਹੀਨੇ ਅਤੇ ਹੁਣ 30-31 ਦਿਨਾਂ ਤੋਂ ਜੋ ਦਿੱਲੀ ਵਿੱਚ ਧਰਨਿਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਇਸ ਨਾਲ ਆਮ ਲੋਕਾਂ ਨੂੰ ਪ੍ਰੇਸ਼ਾਨੀ ਤਾਂ ਜ਼ਰੂਰ ਝੱਲਣੀ ਪੈ ਰਹੀ ਹੈ। ਪਰ ਕਿਉਂ ਜੋ ਆਮ ਲੋਕ ਸਚਾਈ ਤੋਂ ਭਲੀਭਾਂਤ ਜਾਣੂ ਹਨ ਕਿ ਕਿਸਾਨ ਆਪਣੀ ਹੋਂਦ ਬਣਾਈ ਰੱਖਣ ਲਈ ਸੰਘਰਸ਼ ਦੇ ਰਾਹ ਪਏ ਹਨ, ਇਸ ਲਈ ਉਹ ਆਪਣੀਆਂ ਮੁਸੀਬਤਾਂ ਭੁਲਾ ਕੇ ਕਿਸਾਨਾਂ ਦੇ ਹੱਕ ਵਿੱਚ ਖੜੇ ਹਨ। ਪਰ ਦੂਜੇ ਪਾਸੇ ਇਹ ਸਾਧ ਲਾਣੇ ਨੂੰ ਦੇਖ ਲਓ, ਅਜੇ ਤਕ ਕਿਸੇ ਬਾਬੇ ਸਾਧ ਨੇ ਕਿਸਾਨਾਂ ਦੇ ਹੱਕ ਵਿੱਚ ਹਾਂ ਦਾ ਨਾਹਰਾ ਨਹੀਂ ਮਾਰਿਆ। ਇਹ ਮਰੀ ਜ਼ਮੀਰ ਵਾਲਿਆਂ ਨੇ ਇਹ ਨਹੀਂ ਕਿਹਾ ਕਿ ਅਸੀਂ ਇਹਨਾਂ ਦੇ ਲੰਗਰ ਦੇ ਇੰਤਜ਼ਾਮ ਲਈ ਆਪਣੇ ਡੇਰਿਆਂ ਵਿੱਚ ਇਕੱਠੀ ਕੀਤੀ ਰਸਦ ਭੇਜਦੇ ਹਾਂ, ਜੋ ਇਹਨਾਂ ਨੇ ਕਿਸਾਨਾਂ ਤੋਂ ਹੀ ਲਈ ਹੋਈ ਹੈ। ਆਪਣੇ ਡੇਰਿਆਂ ਵਿੱਚ ਬੈਠੀ ਵਿਹਲੜਾਂ ਦੀ ਫ਼ੌਜ ਨੂੰ ਭੇਜ ਦਿੰਦੇ ਹਾਂ, ਕਿਸਾਨਾਂ ਤੋਂ ਇਕੱਠੀ ਕੀਤੀ ਬੇਸ਼ੁਮਾਰ ਦੌਲਤ ਨਾਲ ਸਰਦੀ ਵਿੱਚ ਠਿਠਰ ਰਿਹਾਂ ਲਈ ਕੰਬਲ, ਗਰਮ ਕੱਪੜੇ ਭੇਜ ਦਿੰਦੇ ਹਾਂ। ਇਹਨਾਂ ਨਕਲੀ ਬਾਬਿਆਂ ਨਾਲੋਂ ਤਾਂ ਦਿੱਲੀ ਦੇ ਲੋਕ ਹੀ ਚੰਗੇ ਹਨ ਜਿਹਨਾਂ ਨੇ ਕੰਬਲ ਵੰਡ ਦਿੱਤੇ। ਕਿਸਾਨਾਂ ਨੇ ਅਜੇ ਤਕ ਖ਼ਾਲਸਾ ਏਡ ਵਾਲਿਆਂ ਜਾਂ ਐੱਸ ਪੀ ਓਬਰਾਏ ਦੀ ਸਰਬੱਤ ਦਾ ਭਲਾ ਚੈਰੀਟੇਬਲ ਸੰਸਥਾ ਨੂੰ ਤਾਂ ਕੁਝ ਨਹੀਂ ਦਿੱਤਾ, ਪਰ ਉਹ ਤਾਂ ਕਰੋੜਾਂ ਰੁਪਏ ਦੀ ਸਹਾਇਤਾ ਕਰ ਰਹੇ ਹਨ। ਹਰਿਆਣਾ ਦੇ ਲੋਕਾਂ ਜਾਂ ਕਿਸਾਨਾਂ ਦੀ ਤਾਂ ਪੰਜਾਬ ਦੇ ਕਿਸਾਨਾਂ ਨੇ ਕੋਈ ਮਦਦ ਨਹੀਂ ਕੀਤੀ, ਪਰ ਉਹ ਤਾਂ ਖੁੱਲੇ ਦਿਲ ਨਾਲ ਪੰਜਾਬ ਦੇ ਕਿਸਾਨਾਂ ਦੀ ਹਰ ਸੰਭਵ ਸਹਾਇਤਾ ਕਰ ਰਹੇ ਹਨ। ਹਰਿਆਣਾ, ਦਿੱਲੀ ਦੇ ਨੇੜੇ-ਤੇੜੇ ਦੀਆਂ ਮੁਟਿਆਰਾਂ, ਬਜ਼ੁਰਗ ਔਰਤਾਂ ਲੰਗਰ ਤਿਆਰ ਕਰਨ ਦੀ ਸੇਵਾ ਕਰ ਰਹੀਆਂ ਹਨ। ਲੋਕਾਂ ਨੇ ਧਰਨੇ ’ਤੇ ਬੈਠੇ ਲੋਕਾਂ ਨੂੰ ਇਸ਼ਨਾਨ ਕਰਨ, ਜੰਗਲ ਪਾਣੀ ਦੀ ਸਹੂਲਤ ਲਈ ਆਪਣੇ ਘਰਾਂ ਦੇ ਦਰਵਾਜ਼ੇ ਖੋਲ ਰੱਖੇ ਹਨ, ਲੱਕੜਾਂ ਦੀਆਂ ਟਰਾਲੀਆਂ ਆ ਰਹੀਆਂ ਹਨ। ਕਿਸ ਲਈ ? ਇਨਸਾਨੀਅਤ ਦੇ ਨਾਤੇ। ਪਰ ਲੋਕਾਂ ਨੂੰ ਇਨਸਾਨੀਅਤ ਦਾ ਪਾਠ ਪੜ੍ਹਾਉਣ ਵਾਲੇ ਆਪ ਇਸ ਤੋਂ ਕੋਰੇ ਹੀ ਹਨ।

ਸਾਧ ਲਾਣਾ ਤਾਂ ਆਪਣੀ ਵੱਖਰੀ ਹੀ ਡਫਲੀ ਵਜਾ ਰਿਹਾ ਹੈ। ਇੱਕ ਬਾਬਾ ਜਾਂ ਭਾਈ ਜਿਸ ਨੂੰ ਸਿਰ ਤੋਂ ਪੈਰਾਂ ਤਕ ਇੱਕੋ ਰੰਗ ਦੇ ਚੋਲੇ ਪਾਉਣ ਦਾ ਝੱਲ ਚੜ੍ਹਿਆ ਹੋਇਆ ਹੈ, ਜੋ ਬਾਬਾ ਘੱਟ, ਮਾਡਲ ਜ਼ਿਆਦਾ ਦਿੰਦਾ ਹੈ, ਇੱਕ ਦਿਨ ਵੀ ਕਿਸਾਨਾਂ ਦੇ ਕਿਸੇ ਮੋਰਚੇ ਦਾ ਚੱਕਰ ਲਾ ਕੇ ਨਹੀਂ ਆਇਆ। ਸ਼ਰਤ ਇਹ ਰੱਖਦਾ ਹੈ ਕਿ ਪਹਿਲਾਂ ਇਸ ਚੀਜ਼ ਦਾ ਲੰਗਰ ਬੰਦ ਕਰੋ। ਉਹ ਭਲੇ ਮਾਨਸਾ, ਧਰਨੇ ’ਤੇ ਬੈਠੇ ਕਿਸਾਨ ਤਾਂ ਇਹਨਾਂ ਚੀਜ਼ਾਂ ਦੀ ਮੰਗ ਨਹੀਂ ਕਰ ਰਹੇ। ਹੁਣ ਜੇ ਹਰਿਆਣਾ, ਪੰਜਾਬ ਦੇ ਪਿੰਡਾਂ ਵਿੱਚ ਦੁੱਧ ਘਿਓ ਦੀ ਬਹੁਤਾਤ ਹੈ ਤਾਂ ਜੇ ਪਿੰਨੀਆਂ ਬਣ ਕੇ ਆ ਗਈਆਂ ਤਾਂ ਕੀ ਹਰਜ਼ ਹੈ ? ਇਹ ਪਿੰਨੀਆਂ ਦਾ ਲੰਗਰ ਤਾਂ ਉੱਥੇ ਆਉਣ ਜਾਣ ਵਾਲਿਆਂ ਨੂੰ ਵੀ ਵਰਤਾਇਆ ਜਾਂਦਾ ਹੈ। ਜੇ ਕਿਸਾਨਾਂ ਵਰਗੀ ਹਿੰਮਤ ਹੈ ਤਾਂ ਮੋਰਚੇ ਵਿੱਚ ਜਾ ਕੇ ਉਹਨਾਂ ਦੇ ਹੱਕ ਦੀ ਗੱਲ ਕਰੋ ਅਤੇ ਜੇ ਤੁਹਾਨੂੰ ਲੱਗਦਾ ਹੈ ਕਿ ਕੁਝ ਗ਼ਲਤ ਹੋ ਰਿਹਾ ਹੈ, ਉਸ ਸਬੰਧੀ ਦੱਸ ਵੀ ਆਉ। ਪਰ ਲੱਗਦਾ ਹੈ ਕਿ ਕੇਂਦਰ ਸਰਕਾਰ ਦਾ ਪ੍ਰਭਾਵ ਹੈ। ਇਹਨਾਂ ਦਾ ਤਾਂ ਗੋਦੀ ਮੀਡੀਆ ਵਾਲਾ ਹਾਲ ਹੈ ਜੋ ਇੱਕ ਦਿਨ ਪੀਜ਼ੇ ਵਰਤਾਉਣ ਦੀ ਘਟਨਾ ਨੂੰ ਹੀ ਵਾਰ ਵਾਰ ਦੁਹਰਾਈ ਜਾਂਦੇ ਹਨ।

ਇਸੇ ਤਰਾਂ ਹੀ ਇੱਕ ਅਖੌਤੀ ਪ੍ਰਚਾਰਕ, ਜੋ ਵਿਦੇਸ਼ੀ ਧਰਤੀ ‘ਤੇ ਬੈਠਾ ਹੈ, ਨੇ ਸਿੱਖ ਧਰਮ ਦੇ ਹਰ ਸਿਧਾਂਤ ਦੀ ਹੀ ਵਿਰੋਧਤਾ ਕਰਨਾ ਆਪਣਾ ਮਕਸਦ ਬਣਾਇਆ ਹੋਇਆ ਹੈ। ਉਹ ਹੁਣ ਕਿਸਾਨੀ ਅੰਦੋਲਨ ਦੇ ਵਿਰੁੱਧ ਵੀ ਕੂੜ ਪ੍ਰਚਾਰ ਕਰ ਰਿਹਾ ਹੈ। ਉਸ ਅਨੁਸਾਰ, ਭੀੜ ਦਿਮਾਗ਼ ਨਾਲ ਨਹੀਂ ਸੋਚਦੀ ਸਗੋਂ ਸਰੀਰ ਦੇ ਗਰਦਨ ਦੇ ਹੇਠਲੇ ਹਿੱਸੇ ਦੀ ਵਰਤੋਂ ਜ਼ਿਆਦਾ ਕਰਦੀ ਹੈ। ਉਸ ਦੇ ਕਹਿਣ ਦਾ ਭਾਵ ਹੈ ਕਿ ਭੀੜ ਹਿੰਸਕ ਹੋ ਜਾਂਦੀ ਹੈ। ਉਸ ਆਪੇ ਥਾਪੇ ਪ੍ਰਚਾਰਕ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਜਦੋਂ ਦਾ ਇਹ ਸੰਘਰਸ਼ ਵਿੱਢਿਆ ਗਿਆ ਹੈ, ਪੂਰਾ ਸ਼ਾਂਤਮਈ ਚੱਲ ਰਿਹਾ ਹੈ। ਤੋੜ-ਫੋੜ ਦੀ ਇੱਕ ਵੀ ਘਟਨਾ ਨਹੀਂ ਵਾਪਰੀ। ਇਹ ਵਰਤਾਰਾ ਆਪਣੇ ਆਪ ਵਿੱਚ ਮਿਸਾਲ ਹੈ। ਇਸ ਪ੍ਰਚਾਰਕ ਨਾਲ ਟੈਲੀਫੋਨ ’ਤੇ ਵਾਰਤਾ ਕਰ ਰਿਹਾ ਇੱਕ ਸੱਜਣ 1984 ਦੇ ਦੁਖਾਂਤ ਦਾ ਹਵਾਲਾ ਦੇ ਕੇ ਕਿਸਾਨਾਂ ਨੂੰ ਖ਼ਬਰਦਾਰ ਕਰ ਰਿਹਾ ਸੀ ਕਿ ਉਹਨਾਂ ਨਾਲ ਵੀ ਉਹੋ ਕੁਝ ਵਾਪਰ ਸਕਦਾ ਹੈ। ਹੁਣ ਇਹਨਾਂ ਆਪ ਬਣੇ ਵਿਦਵਾਨਾਂ ਨੂੰ ਕੌਣ ਸਮਝਾਏ ਕਿ ਦੋਹਾਂ ਹਾਲਾਤ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੈ। ਇਹੋ ਨਹੀਂ, ਇਹ ਬੰਦਾ ਕਿਸਾਨਾਂ ਪ੍ਰਤੀ ਅਜਿਹਾ ਕੁਫ਼ਰ ਤੋਲ ਰਿਹਾ ਹੈ ਜੋ ਅਜੇ ਤਕ ਗੋਦੀ ਮੀਡੀਆ ਨੇ ਵੀ ਨਹੀਂ ਤੋਲਿਆ।

ਇਹੋ ਹਾਲ ਬਾਕੀ ਡੇਰੇ ਵਾਲਿਆਂ ਦਾ ਹੈ ਜੋ ਮੂੰਹ ਵਿੱਚ ਘੁੰਗਣੀਆਂ ਪਾਈ ਬੈਠੇ ਹਨ। ਅੱਜ ਤਕ ਜੋ ਕਿਸਾਨਾਂ ਦੇ ਸਿਰ ‘ਤੇ ਐਸ਼ ਕਰਦੇ ਰਹੇ ਹਨ, ਉਹ ਕਿਸਾਨਾਂ ਲਈ ਮੂੰਹ ਖੋਲਣ ਤੋਂ ਵੀ ਆਕੀ ਹਨ। ਕਿਸਾਨਾਂ ਨੂੰ ਭਵਿੱਖ ਵਿੱਚ ਅਜਿਹੇ ਅਕ੍ਰਿਤਘਣਾਂ ਤੋਂ ਬਚ ਕੇ ਰਹਿਣ ਚਾਹੀਦਾ ਹੈ। ਇਹ ਅਖੌਤੀ ਸਾਧ ਲਾਣਾ ਬੜਾ ਸ਼ਾਤਰ ਹੈ, ਜਿਸ ਥਾਲ਼ੀ ਖਾਂਦਾ ਹੈ, ਉਸੇ ਵਿੱਚ ਛੇਕ ਕਰਦਾ ਹੈ। ਕਿਸਾਨ ਨੂੰ ਇਹਨਾਂ ਦੀ ਪੁਸ਼ਤ ਪਨਾਹੀ ਬੰਦ ਕਰਨੀ ਚਾਹੀਦੀ ਹੈ। ਜਿਹੜੇ ਦਾਣੇ ਇਹਨਾਂ ਵਿਹਲੜਾਂ ਦੀਆਂ ਟਰਾਲੀਆਂ ਵਿੱਚ ਲੱਦ ਦਿੰਦੇ ਸੀ, ਉਹ ਗ਼ਰੀਬਾਂ, ਝੁੱਗੀ-ਝੌਂਪੜੀ ਵਾਲਿਆਂ ਨੂੰ ਦਿਓ। ਜਦੋਂ ਮੁੜ ਕੇ ਇਹ ਤੁਹਾਡੇ ਖੇਤਾਂ ਵੱਲ ਮੂੰਹ ਕਰਨ ਤਾਂ ਇਹਨਾਂ ਨੂੰ ਮੂੰਹ ਨਾ ਲਾਇਓ। ਇਹ ਨਾ ਤੁਹਾਡਾ ਕੁਝ ਸਵਾਰ ਸਕਦੇ ਹਨ ਨਾ ਵਿਗਾੜ ਸਕਦੇ ਹਨ। ਇਹਨਾਂ ਦੇ ਮੱਕੜ ਜਾਲ਼ ਵਿੱਚੋਂ ਨਿਕਲਣਾ ਸਮੇਂ ਦੀ ਮੰਗ ਵੀ ਹੈ ਅਤੇ ਲੋੜ ਵੀ। ਇਹ ਤਾਂ ਕੋਈ ਨਾ ਕੋਈ ਬਹਾਨਾ ਲਾ ਰਹੇ ਹਨ ਪਰ ਕਿਸਾਨਾਂ ਨੂੰ ਇਹ ਪੱਕਾ ਦਾਈਆ ਕਰ ਲੈਣਾ ਚਾਹੀਦਾ ਹੈ ਕਿ ਇਹਨਾਂ ਨੂੰ ਹਰ ਚੀਜ਼ ਲਈ ਦੋ ਟੁੱਕ ਜਵਾਬ ਦਿਉ ਅਤੇ ਇਹ ਪੁੱਛੋ ਕੇ ਤੁਹਾਨੂੰ ਕਿਸ ਨੇ ਆਮ ਲੋਕਾਂ ਉੱਪਰ ਰੱਬ ਦੀ ਕ੍ਰਿਪਾ ਦ੍ਰਿਸ਼ਟੀ ਕਰਵਾਉਣ ਲਈ ਵਿਚੋਲਾ ਬਣਾਇਆ ਹੈ ?

# ਅਜਗਰ ਦੇ ਮੂੰਹ ਆਈ ਕਿਸਾਨੀ ਦੇ ਬਚਾਅ ਲਈ ਆਖ਼ਰੀ ਹੱਲਾ

- ਸ. ਦਲਵਿੰਦਰ ਸਿੰਘ ਘੁੰਮਣ
+੩੩੬੩੦੦੭੩੧੧੧

ਭਾਰਤ ਵਿੱਚ ਕਿਸਾਨੀ ਸੰਘਰਸ਼ ਦੀ ਸ਼ੁਰੂਆਤੀ ਸਮੇਂ ਤੋ ਹੁਣ ਤੱਕ ਦੇ ਸਫ਼ਰ ਵਿਚ ਦੁਨੀਆ ਨੂੰ ਇਕ ਵਿਲੱਖਣਤਾ ਦੀ ਮਿਸਾਲ ਪੇਸ਼ ਹੋਈ ਨਜ਼ਰ ਆ ਰਹੀ ਹੈ। ਸੰਜਮਤਾ, ਸਿਫ਼ਤੀਂ ਦਾ ਮੂਲ ਅਧਾਰ ਬਣਿਆ ਹੈ। ਸੇਵਾ ਕਰਨ ਦੇ ਨਵੇਂ ਢੰਗ ਤਰੀਕਿਆਂ ਨੇ ਨੌਜਵਾਨੀ ਉੱਪਰ ਵਿਸ਼ਵਾਸ ਨੂੰ ਪੀਡੇ ਕੀਤਾ ਹੈ। ਜਿੰਨੀ ਦੇਰ ਵੀ ਇਹ ਸੰਘਰਸ਼ ਚਲਦਾ ਹੈ ਇਸ ਦੀ ਚੇਤਨਤਾ ਦਾ ਬਰਕਰਾਰ ਰਹਿਣਾ ਜ਼ਰੂਰੀ ਹੈ। ਅਨੇਕਤਾ ਵਿੱਚ ਏਕਤਾ ਵਿਖਾਈ ਦੇ ਰਹੀ ਹੈ। ਕੁਝ ਮੀਡੀਏ ਦੇ ਹਿੱਸੇ ਦਾ ਨਾ-ਪੱਖੀ ਪਧਾਰ ਦਾ ਕਿਸਾਨੀ ਸੰਘਰਸ਼ ਉੱਪਰ ਬਹੁਤਾ ਅਸਰ ਵਿਖਾਈ ਨਹੀਂ ਦੇ ਰਿਹਾ।

ਅੱਸੀ ਫ਼ੀਸਦੀ ਤੋਂ ਵੱਧ ਦੁਨੀਆ ਦਾ ਹਿੱਸਾ ਕਿਸਾਨੀ ਨੇ ਖੇਤਰਫਲ ਦੇ ਰੂਪ ਵਿੱਚ ਆਪਣੇ ਥੱਲੇ ਰੱਖਿਆ ਹੋਇਆ ਹੈ। 3,4 ਬਿਲੀਅਨ ਲੋਕ ਜਾਂ 45% ਜਨਸੰਖਿਆ ਦੀ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ। ਅਫਰੀਕਾ ਵਿੱਚ ਅੰਦਾਜ਼ਨ 57% ਲੋਕਾਂ ਦੀ ਪਿੰਡਾਂ ਦੀ ਆਬਾਦੀ ਹੈ। ਅਤੇ ਆਬਾਦੀ ਦਾ 53% ਹਿੱਸਾ ਖੇਤੀਬਾੜੀ ਉੱਪਰ ਨਿਰਭਰ ਹੈ। ਅਮਰੀਕਾ ਵਿੱਚ ਕਿਸਾਨ ਸਾਰੇ ਉਤਪਾਦਨ ਦਾ 84% ਹਿੱਸਾ ਪੈਦਾ ਕਰਦਾ ਹੈ ਅਤੇ 78% ਜ਼ਮੀਨ ਉੱਪਰ ਖੇਤੀ ਕਰਦਾ ਹੈ। ਫੀਜ਼ੀ ਦੇਸ਼ ਵਿੱਚ 84 ਫੀਸਦੀ ਤੇ ਉਤਪਾਦਨ ਪੈਦਾ ਹੁੰਦਾ ਹੈ।

ਇਸੇ ਤਰਾਂ ਭਾਰਤ ਵਿੱਚ ਖੇਤੀਬਾੜੀ ਖੇਤਰ ਲਗਭਗ 3 ਟਰੀਲੀਅਨ ਡਾਲਰ ਦੀ ਆਰਥਿਕਤਾ ਵਿੱਚ 15% ਦਾ ਹਿੱਸਾ ਪਾਉਂਦਾ ਹੈ। ਦੇਸ਼ ਦੇ 1.3 ਬਿਲੀਅਨ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ। ਭਾਰਤ ਪੂਰੀ ਤਰਾਂ ਖੇਤੀਬਾੜੀ ਦੇ ਧੰਦੇ ਦੇ ਆਲ਼ੇ ਦੁਆਲੇ ਹੀ ਰੁਜ਼ਗਾਰ ਦੇ ਸਾਧਨ ਬਣਾਈ ਬੈਠਾ ਹੈ। ਉਦਯੋਗਿਕ ਪ੍ਰਣਾਲੀ ਨੂੰ ਪ੍ਰਫੁਲਿਤ ਕਰਨ ਲਈ ਬਹੁਤ ਘੱਟ ਯਤਨ ਹੋਏ ਹਨ। ਸ਼ਾਇਦ ਦੇਸ਼ ਵਿੱਚ ਨੀਤੀ ਨਾਲੋਂ ਵੱਧ ਰਾਜਨੀਤੀ ਨੇ ਪੈਰ ਪਸਾਰੇ ਹਨ। ਰਿਸ਼ਵਤ ਖੋਰੀ ਮੁੱਖ ਕਾਰਨ ਹਨ ਅਜ਼ਾਦੀ ਦੇ 73 ਸਾਲਾਂ ਬਾਅਦ ਵੀ ਆਰਥਿਕਤਾ ਪੈਰਾਂ ਸਿਰ ਨਾ ਹੋ ਕੇ ਹੱਥ ਅੱਡੀ ਖੜੀ ਨਜ਼ਰ ਆਉਂਦੀ ਹੈ। ਖੇਤੀਬਾੜੀ ਸਭ ਤੋਂ ਵੱਧ ਮਿਹਨਤ ਅਤੇ ਸਭ ਤੋਂ ਘੱਟ ਮੁਨਾਫ਼ਾ ਦਾ ਇਹ ਧੰਦਾ ਦੁਨੀਆ ਵਿੱਚ ਪਛੜਿਆ ਹੋਇਆ ਹੈ। ਦੁਨੀਆ ਵਿੱਚ ਕੋਈ ਵੀ ਦੇਸ਼, ਸਰਕਾਰ ਜਾਂ ਕਾਨੂੰਨ ਹਿੱਕ ਥਾਪੜ ਕੇ ਨਹੀਂ ਕਹਿ ਸਕਦੇ ਕਿ ਉਹ ਕਿਸਾਨੀ ਨਾਲ ਇਨਸਾਫ਼ ਕਰ ਸਕੇ ਹਨ। ਇਕ ਆਦਮੀ ਤੋ ਲੈ ਕੇ ਸਾਰਾ ਪਰਿਵਾਰ ਖੇਤੀਬਾੜੀ ਵਿੱਚ ਸੱਤੇ ਦਿਨ ਬਿਨਾਂ ਘੜੀ ਦੀ ਸੂਈ ਦੇਖਿਆਂ ਪਹੁ-ਫੁਟਾਲ਼ੇ ਤੋ ਸ਼ੁਰੂ ਹੋ ਕੇ ਸੂਰਜ ਦੇ ਡੁੱਬਣ ਵੇਲੇ ਤੱਕ ਹੱਡ ਭੰਨਵੀਂ ਮਿਹਨਤ ਵੀ ਉਸ ਨੂੰ ਆਮਦਨ ਪੱਖੋਂ ਪੈਰਾਂ ਸਿਰ ਨਹੀਂ ਕਰ ਸਕੀ।

ਕਿਸਾਨੀ ਹਮੇਸ਼ਾ ਰੱਬ ਅਤੇ ਸਰਕਾਰਾਂ ਦੇ ਰਹਿਮੋ-ਕਰਮ ਤੇ ਰਹੀ ਹੈ। ਹਰ ਦੇਸ਼ ਵਿੱਚ ਆਏ ਦਿਨ ਸੜਕਾਂ ਉੱਪਰ ਇਨਸਾਫ਼ ਲਈ ਧਰਨੇ, ਟਰੈਕਟਰ ਮਾਰਚ, ਫ਼ਸਲਾਂ ਨੂੰ ਸੁੱਟਣਾ ਆਮ ਵਰਤਾਰਾ ਹੈ। ਖੇਤੀ ਧੰਦੇ ਵਿੱਚ ਅਨਾਜ, ਫਲ, ਦੁੱਧ ਦਹੀਂ, ਮੀਟ ਮੂਲ ਪੈਦਾਵਾਰੀ ਵਸਤਾਂ ਹਨ। ਪਿਛਲੇ ਦਹਾਕੇ ਵਿੱਚ ਇੰਟਰਨੈੱਟ ਦੀ ਵਰਤੋਂ ਨਾਲ ਇਤਿਹਾਸਕ ਵਿਉਪਾਰੀਕਰਣ ਹੋਇਆ ਹੈ। ਵੱਡੇ ਵੱਡੇ ਵਿਉਪਾਰ ਇਸ ਮਾਧਿਅਮ ਰਾਹੀਂ ਲੋਕਾਂ ਦੇ ਘਰਾਂ ਤੱਕ ਪਹੁੰਚ ਗਏ ਹੈ। ਪਰ ਖੇਤੀ ਧੰਦੇ ਵਿੱਚ ਬਹੁਤਾ ਬਦਲਾਅ ਨਹੀਂ ਆ ਸਕਿਆ। ਪਰ ਹੁਣ ਕਾਰਪੋਰੇਟ ਲੋਕਾਂ ਨੇ ਇਸ ਧੰਦੇ ਨੂੰ ਪੂਰੀ ਪਕੜ ਵਿਚ ਲੈ ਕੇ ਭਾਰਤ ਦੇ ਵੱਡੇ ਖੇਤਰ ਉੱਪਰ ਆਪਣੀ ਆਜ਼ਾਰੇਦਾਰੀ ਨੂੰ ਕਾਇਮੀ ਵੱਲ ਵਧਣ ਦੇ ਲੱਛਣ ਦਿਸਣ ਲੱਗੇ ਹਨ। ਇਹ ਰਾਜਨੀਤੀ ਦੀ ਭਾਈਵਾਲੀ ਨਾਲ ਸੰਭਵ ਕੀਤਾ ਜਾ ਰਿਹਾ ਹੈ। ਕਿਉਂਕਿ ਰਾਜਨੀਤੀ ਦਾ ਵੱਡਾ ਹਿੱਸਾ ਇਹਨਾਂ ਦੇ ਦਬਾਅ ਹੇਠ ਹੈ। ਪਾਰਟੀਆਂ ਨੂੰ ਵੱਡੇ ਵੱਡੇ ਚੰਦੇ ਦੇ ਕੇ ਮਨਮਰਜ਼ੀ ਨਾਲ ਲੋਕਾਂ ਦਾ ਸ਼ੋਸ਼ਣ ਕੀਤਾ ਜਾ ਸਕਦਾ ਹੈ। ਸਰਕਾਰਾਂ ਦਾ ਕੰਮ ਹੁਣ ਗ਼ਰੀਬੀ ਹਟਾਉਣਾ ਨਹੀਂ... ਗ਼ਰੀਬਾਂ ਨੂੰ ਹਟਾਉਣਾ ਹੈ।

ਭਾਰਤ ਦੀ ਪਾਰਲੀਮੈਂਟ ਵਿੱਚ ਲਗਾਤਾਰ ਨਵੇਂ ਨਵੇਂ ਬਿੱਲਾਂ ਨੂੰ ਪਾਸ ਕੀਤਾ ਜਾ ਰਿਹਾ ਹਨ। ਪਹਿਲਾਂ ਸੰਵਿਧਾਨਕ ਸੋਧਾਂ ਨੂੰ ਹਮੇਸ਼ਾ ਵਿਰੋਧੀ ਧਿਰਾਂ ਦੀ ਸਹਿਮਤੀ ਜਾਂ ਵੋਟਿੰਗ ਤੋ ਬਾਅਦ ਹੀ ਕਾਨੂੰਨ ਦੀ ਆਗਿਆ ਮਿਲਦੀ ਸੀ। ਹੁਣ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਜਾਂ ਬਿੱਲ ਪਾਸ ਕਰਨ ਲਈ ਲੋੜੀਂਦੇ ਮੈਂਬਰਾਂ ਦੀ ਹਾਜ਼ਰੀ ਨੂੰ ਵੀ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਜਿੱਥੇ ਕਿਸਾਨਾਂ ਦੇ ਵਿਰੁੱਧ ਕਾਨੂੰਨ ਬਣਾਏ ਗਏ ਹਨ। ਉੱਥੇ ਪੂੰਜੀਪਤੀਆਂ ਦੇ ਹੱਕ ਵਿੱਚ ਕਾਨੂੰਨਾਂ ਨੂੰ ਬਣਾ ਕੇ ਕਿਰਤੀਆਂ ਨੂੰ ਵਿਰੋਧ ਦਰਜ ਨਾ ਕਰਵਾਉਣ ਵਰਗੀਆਂ ਮੱਦਾਂ ਪਾ ਕੇ ਇਨਸਾਫ਼ ਤੋ ਵਾਂਝਿਆਂ ਕੀਤਾ ਜਾ ਰਿਹਾ ਹੈ । ਕਿਸੇ ਵੀ ਹੜਤਾਲ ਕਰਨ ਲਈ ਸੱਠ ਦਿਨ ਪਹਿਲਾਂ ਆਗਿਆ ਦਾ ਲੈਣਾ ਜ਼ਰੂਰੀ ਕੀਤਾ ਗਿਆ ਹੈ। ਜਦੋਂ ਮਰਜ਼ੀ ਤਿੰਨ ਮਹੀਨੇ ਦੀ ਤਨਖ਼ਾਹ ਦੇ ਕੇ ਨੌਕਰੀ ਤੋ ਕੱਢਿਆ ਜਾ ਸਕਦਾ ਹੈ। ਮਤਲਬ ਹੜਤਾਲ ਦੀ ਮਨਜ਼ੂਰੀ ਮੰਗਣ ਦੇ ਨਾਲ ਹੀ ਉਸ ਕਿਰਤੀ ਨੂੰ ਮਾਲਕ ਨੌਕਰੀ ਤੋ ਫ਼ਾਰਗ ਕਰਨ ਦਾ ਰਾਹ ਪੱਧਰਾ ਸਕਦਾ ਹੈ। ਜਿਸ ਨਾਲ ਹਰ ਹਾਲਤ ਵਿੱਚ ਕਾਰੋਬਾਰੀਆਂ ਦੇ ਰਹਿਮੋ ਕ੍ਰਮ ਤੇ ਜੀਵਨ ਬਸਰ ਕਰਨਾ ਪਵੇਗਾ।

ਜੋ ਬਿੱਲ ਕਿਸਾਨੀ ਦੇ ਵਿਰੋਧ ਵਿਚ ਪਾਸ ਕੀਤਾ ਹੈ ਉਸ ਵਿੱਚ ਘੱਟੋ ਘੱਟ ਸਮਰਥਨ ਮੁੱਲ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਹੈ ਜੋ ਕਿ ਸਿੱਧਾ ਕਾਰੋਬਾਰੀਆਂ ਦੇ ਹੱਕ ਵਿੱਚ ਭੁਗਤਦਾ ਹੈ। ਕਿਸਾਨ ਨੂੰ ਸ਼ਾਇਦ ਉਸ ਦੀ ਲਾਗਤ ਵੀ ਪੂਰੀ ਨਾ ਮਿਲੇ। ਉਸ ਨੂੰ ਵੇਚਣ ਦੀ ਖੁੱਲ ਦਾ ਮਤਲਬ ਕਾਰੋਬਾਰੀ ਨੂੰ ਖੁੱਲ ਦੇਣਾ ਕਿ ਉਹ ਘੱਟ ਤੋ ਘੱਟ ਰੇਟ ਤੇ ਖ਼ਰੀਦ ਕੇ ਦੁਨੀਆ ਦੀ ਮੰਡੀ ਵਿੱਚ ਆਪਣੀ ਤਹਿ-ਸ਼ੁਦਾ ਕੀਮਤ ਪ੍ਰਾਪਤ ਕਰ ਸਕਦਾ ਹੈ। ਈ-ਮੰਡੀਆਂ ਨਾਲ ਜੋੜਨਾ ਜਾਂ ਈ-ਮੰਡੀਕਰਨ ਕੀਤਾ ਗਿਆ ਹੈ ਜਿਸ ਨਾਲ ਕਿਸਾਨ ਵਿਉਪਾਰੀ ਨਾਲ ਸਿੱਧਾ ਸੰਪਰਕ ਸਾਧਨ ਅਪਣਾ ਸਕੇਗਾ। ਖ਼ਰੀਦਦਾਰ ਨਾਲ ਖ਼ਰੀਦ ਮੁੱਲ ਤਹਿ ਕਰ ਸਕੇਗਾ। ਪਰ ਸਵਾਲ ਉੱਠਦਾ ਹੈ ਕੀ ਕਿਸਾਨਾਂ ਤੱਕ ਈ-ਮੰਡੀ ਦੇ ਤੌਰ-ਤਰੀਕਿਆਂ ਦੀ ਪਹੁੰਚ ਅਪਣਾਈ ਗਈ ਹੈ ? ਕਿਸਾਨੀ ਨੂੰ ਬਦਲਵੇਂ ਆਮਦਨ ਦੇ ਸਾਧਨਾ ਉੱਪਰ ਵਿਸ਼ਵਾਸ ਕਿਉਂ ਨਹੀਂ ਹੋਇਆ ? ਬਿਹਾਰ ਸਮੇਤ ਹੋਰ ਰਾਜਾਂ ਵਿੱਚ ਘੱਟੋ ਘੱਟ ਖ਼ਰੀਦ ਮੁੱਲ ਖ਼ਤਮ ਕਰਨ ਤੋ ਬਾਅਦ ਹਾਲਾਤ ਹੋਰ ਮੰਦੀ ਵਿੱਚ ਹਨ। ਕਿਸਾਨੀ ਦੀ ਅਨਪੜ੍ਹਤਾ ਇਸ ਵਿੱਚ ਵੱਡੀ ਰੁਕਾਵਟ ਅਤੇ ਮੁਸੀਬਤਾਂ ਵਿੱਚ ਵਾਧਾ ਕਰੇਗੀ। ਖੁਦਕੁਸ਼ੀਆਂ ਵਿੱਚ ਵਾਧਾ ਹੋਣ ਦੇ ਆਸਾਰ ਵੱਧ ਗਏ ਹਨ। ਛੋਟੇ ਕਿਰਤੀਆਂ ਅਤੇ ਕਿਸਾਨਾਂ ਦੇ ਮਰਨ ਦੇ ਲੱਛਣ ਸਾਫ਼ ਦਿਖਾਈ ਦਿੰਦੇ ਹਨ। ਪਹਿਲਾਂ ਤੋ ਹੀ ਪਛੜਿਆ ਕਿਸਾਨ ਆਪਣੀ ਫ਼ਸਲ ਦਾ ਮੰਡੀਕਰਨ ਕਰਨ ਵਿੱਚ ਪਛੜਿਆ ਹੈ। ਉਸ ਕੋਲ ਜਮਾਂ ਰੱਖ ਕੇ ਚੰਗੇ ਭਾਅ ਵੇਚਣ ਦੇ ਹੀਲੇ ਵਸੀਲੇ ਨਹੀਂ ਹਨ।

ਭਾਵੇਂ ਇਹ ਭਾਰਤ ਵਿੱਚ ਬਣੇ ਨਵੇਂ ਕਾਨੂੰਨ ਯੂਰਪ ਮੰਡੀ ਨਾਲ ਕਾਫੀ ਮੇਲ ਖਾਂਦੇ ਹਨ। ਕਿਸਾਨ ਸਾਰੇ ਯੂਰਪ ਵਿਚ ਕਿਤੇ ਵੀ ਜਾ ਕੇ ਆਪਣੀ ਮਰਜ਼ੀ ਦੇ ਮੁੱਲ ਦੇ ਭਾਅ ਨਾਲ ਵੇਚ ਸਕਦਾ ਹੈ। ਵਿਉਪਾਰੀ ਵੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਬੀਜ, ਖ਼ਰੀਦ ਸਕਦਾ ਹੈ। ਬਾਹਰਲੇ ਮੁਲਕਾਂ ਤੋ ਵੀ ਖਾਣੇ ਦੇ ਪੱਧਰ ਤੇ ਪੂਰੀ ਤਰਾਂ ਉੱਤਰਦੀਆਂ ਵਸਤਾਂ ਨੂੰ ਵਿੱਕਰੀ ਯੋਗ ਕਰਾਰ ਦਿੱਤਾ ਜਾਂਦਾ ਹੈ। ਪਰ ਭਾਰਤ ਵਿੱਚ ਇਸ ਕਾਨੂੰਨ ਦਾ ਵਿਰੋਧ ਨੂੰ ਜਾਇਜ਼ ਠਹਿਰਾਇਆ ਜਾ ਸਕਦਾ ਹੈ ਕਿਉਂਕਿ ਕਿਰਤੀ, ਮਜ਼ਦੂਰ, ਕਿਸਾਨ ਦੀ ਆਮਦਨ ਨੂੰ ਬਦਲਵੇਂ ਰੂਪ ਵਿੱਚ ਆਮਦਨ ਦੇ ਸਾਧਨ ਮੁਹੱਈਆ ਕਰਵਾਉਣੇ ਜ਼ਰੂਰੀ ਨਹੀਂ ਸਮਝੇ ਗਏ। ਜਿਵੇਂ ਯੂਰਪ ਵਿੱਚ ਲੋਕਾਂ ਨੂੰ ਖੇਤੀਬਾੜੀ ਤੋਂ ਦੂਰ ਕਰਨ ਲਈ ਉਦਯੋਗਿਕ ਨੀਤੀ ਤਹਿਤ ਰੁਜ਼ਗਾਰ ਪੈਦਾ ਕੀਤੇ ਗਏ। ਆਹਿਸਤਾ ਆਹਿਸਤਾ ਜਨਤਾ ਦਾ ਸ਼ਹਿਰੀਕਰਨ ਕਰਕੇ ਰੋਜ਼ਗਾਰ ਮੁਹੱਈਆ ਕਰਵਾਇਆ ਗਿਆ। ਰੋਜ਼ਗਾਰ ਅਤੇ ਖੇਤੀਬਾੜੀ ਵਿੱਚ ਗਰੰਟੀ ਅਤੇ ਬੀਮਾ ਜ਼ਰੂਰੀ ਕੀਤਾ ਗਿਆ । ਵਧੇਰੇ ਵਸੋਂ ਸ਼ਹਿਰਾਂ ਵਿੱਚ ਅਤੇ ਰੁਜ਼ਗਾਰ ਦੇ ਸਾਧਨ ਇੰਡਸਟਰੀ, ਉਦਯੋਗ ਉੱਪਰ ਜ਼ਿਆਦਾ ਹਨ। ਸਧਾਰਨ ਸਮੇਂ ਵਿੱਚ ਬੇਰੁਜ਼ਗਾਰੀ ਔਸਤਨ 5 ਤੋਂ 10% ਤੱਕ ਰਹਿੰਦੀ ਹੈ। ਕਰ ਕਾਨੂੰਨਾਂ ਰਾਹੀਂ ਸਰਕਾਰੀ ਟੈਕਸਾਂ ਵਿੱਚੋਂ ਗ਼ਰੀਬੀ ਅਤੇ ਬੇਰੁਜ਼ਗਾਰੀ ਦੀ ਭਰਪਾਈ ਕੀਤੀ ਜਾਂਦੀ ਹੈ। ਪਰ ਭਾਰਤ ਵਿੱਚ ਇਕੱਲੇ ਕਾਨੂੰਨ ਨੂੰ ਬਣਾ ਕੇ ਪੇਸ਼ ਕਰ ਦੇਣਾ ਮੂਰਖਤਾ ਪੱਖੀ ਕਾਰਵਾਈ ਹੈ। ਜਿਵੇਂ ਨੋਟਬੰਦੀ ਵੇਲੇ ਜਿੱਥੇ ਮੁਲਕ ਦੀ ਆਰਥਿਕਤਾ ਨੂੰ ਢਾਹ ਲੱਗੀ। ਉੱਥੇ ਲੋਕਾਂ ਦੀ ਰੋਜ਼ ਮਰਹਾ ਜ਼ਿੰਦਗੀ ਦੀ ਚਾਲ ਪੱਟਰੀ ਤੋ ਉਤਰ ਗਈ। ਸੌ ਤੋਂ ਵੱਧ ਮੌਤਾਂ ਹੋ ਗਈਆਂ। ਮੋਦੀ ਸਰਕਾਰ ਦੇ ਦਿੱਤੇ ਅੰਕੜਿਆਂ ਵਿੱਚ ਪਹਿਲੇ ਪੰਜ ਸਾਲਾ ਕਾਰਜ ਕਾਲ ਵਿੱਚ ਪੰਜ ਤੋ ਸੱਤ ਹਜ਼ਾਰ ਮੰਡੀਆਂ ਨੂੰ ਈ-ਮੰਡੀ ਨਾਲ ਜੋੜਿਆ ਗਿਆ। ਜੋ ਕਿਸਾਨਾਂ ਲਈ ਬਹੁਤ ਲਾਹੇਵੰਦ ਢੰਗ ਨਹੀਂ ਮੰਨਿਆ ਜਾ ਸਕਦਾ। ਪਰ ਦੂਜੀ ਵਾਰ ਦੀ ਮੋਦੀ ਸਰਕਾਰ ਵਿੱਚ ਈ-ਮੰਡੀਆਂ ਤੇ ਕੱਛੂ ਦੀ ਚਾਲੇ ਵੀ ਕੰਮ ਨਹੀਂ ਹੋਇਆ। ਕੋਈ ਅੰਕੜੇ ਜਾਂ ਲਾਭ ਸੂਚੀ ਲੋਕਾਂ ਤੱਕ ਨਹੀਂ ਪਹੁੰਚ ਸਕੀ।

2019 ਵਿੱਚ ਯੂਰਪ ਵਿੱਚ ਜਰਮਨ, ਫਰਾਂਸ, ਆਇਰਲੈਂਡ ਵਿੱਚ ਕਿਸਾਨਾਂ ਨੇ ਵੱਡੀਆਂ ਹੜਤਾਲਾਂ ਕਰਕੇ ਦੁੱਧ, ਮੀਟ ਆਦਿ ਲਈ ਕੀਮਤਾਂ ਵਿੱਚ ਵਾਧੇ ਲਈ ਸ਼ਹਿਰਾਂ ਦੇ ਸ਼ਹਿਰ ਜਾਮ ਕਰ ਦਿੱਤੇ ਸਨ। ਬਰਲਿਨ ਵਿੱਚ ਪੰਜ ਹਜ਼ਾਰ ਟਰੈਕਟਰਾਂ ਨੇ ਸਰਕਾਰ ਨੂੰ ਜਲਦੀ ਗੋਡੇ ਭਾਰ ਲੈ ਆਦਾਂ। ਕਿਸਾਨ ਮੰਗਦੇ ਸਨ ਕਿ ਕਾਰੋਬਾਰੀ ਕੰਪਨੀਆਂ ਨੂੰ ਚੀਜ਼ਾਂ ਲਈ ਵਧੇਰੇ ਭੁਗਤਾਨ ਕਰਨਾ ਚਾਹੀਦਾ ਹੈ ਅਤੇ ਅੰਤਰਰਾਸ਼ਟਰੀ ਵਪਾਰ ਸੰਧੀਆਂ ਉਨਾਂ ਲਈ ਕੰਮ ਨਹੀਂ ਕਰਦੀਆਂ।

ਸੋ ਲੋਕ ਰਾਏ ਤੋ ਬਿਨਾਂ ਧੜਾ ਧੜ ਨਵੇਂ ਕਾਨੂੰਨਾਂ ਨੂੰ ਪਾਸ ਕਰੀ ਜਾਣਾ। ਹਮ ਖ਼ਿਆਲੀ ਪਾਰਟੀਆਂ ਜਾਂ ਸਰਕਾਰ ਦਾ ਹਿੱਸਾ ਬਣੀਆਂ ਪਾਰਟੀਆਂ ਉੱਪਰ ਆਪਣਾ ਪ੍ਰਭਾਵ ਬਣਾ ਕੇ ਦਬਾਅ ਦਾ ਮਾਹੌਲ ਪੈਦਾ ਕਰਕੇ ਲੋਕ ਆਵਾਜ਼ ਨੂੰ ਨਜ਼ਰ ਅੰਦਾਜ਼ ਕਰਨ ਬਰਾਬਰ ਹੈ।

ਇਸ ਦਾ ਦੂਸਰਾ ਪੱਖ ਵੀ ਜੋ ਇਹਨਾਂ ਕਾਨੂੰਨਾਂ ਦੇ ਪਿੱਛੇ ਛਿਪਿਆ ਨਜ਼ਰ ਆਉਂਦਾ ਹੈ। ਪੰਜਾਬ ਸੂਬੇ ਦੀ ਭੂਗੋਲਿਕ ਸਥਿਤੀ ਬਹੁਤ ਅਗਾਂਹਵਧੂ ਹੈ। ਮੈਦਾਨੀ ਇਲਾਕੇ ਕਰਕੇ ਉਪਜਾਊ ਹੋਣ ਦੇ ਨਾਲ ਨਾਲ ਕੁਦਰਤੀ ਪਾਣੀ ਦੇ ਸੋਮਿਆਂ, ਦਰਿਆਵਾਂ, ਨਹਿਰਾਂ ਦਾ ਮਾਲਕ ਹੈ। ਸਰਬ ਧਰਮ, ਪੰਥ, ਗ੍ਰੰਥ, ਭਾਸ਼ਾ ਇਸ ਨੂੰ ਭਾਰਤ ਦੇ ਨਾਲ ਨਾਲ ਦੁਨੀਆ ਵਿੱਚ ਵੱਖਰੀ ਪਛਾਣ ਦੇਂਦੇ ਹਨ। ਆਜ਼ਾਦੀ ਦੀ ਲੜਾਈ ਜਿੱਤਣ ਤੋਂ ਬਾਅਦ ਆਪਣੇ ਹੱਕੀ ਮੰਗਾਂ ਲਈ ਬਹੁਤ ਸੰਘਰਸ਼ ਲੜਦਾ ਆ ਰਿਹਾ ਹੈ। ਪੰਜਾਬੀ ਸੂਬੇ ਦੀ ਮੰਗ, ਧਰਮ ਦੀ ਹੋਂਦ ਦੀ ਸੰਵਿਧਾਨਿਕ ਮੰਗ, ਪਾਣੀਆਂ ਦੀ ਮੰਗ, ਇਲਾਕਿਆਂ ਦੀ ਮੰਗ, ਚੰਡੀਗੜ ਦੀ ਮੰਗ ਆਦਿ ਜਿਹੜੀਆਂ ਜਾਇਜ਼ ਮੰਗ ਪੰਜਾਬੀਆਂ ਨੂੰ ਸ਼ਾਂਤ ਕਰ ਸਕਦੀਆਂ ਸਨ। ਪਰ ਪੰਜਾਬ ਨਾਲ ਬੇਇਨਸਾਫ਼ੀ ਦੀ ਦਾਸਤਾਨ ਲੰਬੀ ਹੈ। ਕੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਅਸਿੱਧੇ ਢੰਗ ਨਾਲ ਪੰਜਾਬ ਦੀ ਤਬਾਹੀ ਦੇ ਮਨਸੂਬਿਆਂ ਦੀ ਉਗੜਵੀ ਤਸਵੀਰ ਹੈ ? ਜੇ ਹੈ ਤਾਂ ਇਸ ਨੂੰ ਆਖ਼ਰੀ ਹਮਲਾ ਮੰਨਦੇ ਹੋਏ ਇਹਨਾਂ ਕਾਨੂੰਨਾਂ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ। ਇਨਸਾਫ਼ ਲਈ ਭਾਰਤ ਸਮੇਤ ਸਾਰੇ ਸੰਸਾਰ ਵਿੱਚ ਵਿਰੋਧ ਦਰਜ਼ ਕਰਵਾਉਣਾ ਚਾਹੀਦਾ ਹੈ।

# ਸੱਜਰੇ ਵਰੇ ਦੀ ਆਮਦ

- ਸੰਜੀਵ ਸਿੰਘ ਸੈਣੀ, ਮੋਹਾਲੀ

ਅਸੀਂ ਸਾਲ ਦੇ ਆਖ਼ਰੀ ਮਹੀਨੇ ਵਿਚੋਂ ਗੁਜ਼ਰ ਰਹੇ ਹਾਂ । ਪੂਰਾ ਸਾਲ ਪਤਾ ਹੀ ਨਹੀਂ ਲੱਗਦਾ ਕਿਵੇਂ ਗੁਜ਼ਰ ਜਾਂਦਾ ਹੈ। ਸਾਲ ਵਿੱਚ ਜਾਣੇ ਅਣਜਾਣੇ ਵਿੱਚ ਸਾਡੇ ਕੋਲੋਂ ਬਹੁਤ ਗ਼ਲਤੀਆਂ ਹੁੰਦੀਆਂ ਹਨ। ਕਈ ਵਾਰ ਅਸੀਂ ਅਜਿਹੇ ਸ਼ਬਦਾਂ ਦੀ ਵਰਤੋਂ ਕਰਦੇ ਹਾਂ ਜੋ ਕਿਸੇ ਦਾ ਤਨ ਮਨ ਫ਼ੂਕ ਦਿੰਦੇ ਹਨ। ਆਓ ਸਾਲ ਦੇ ਆਖ਼ਰੀ ਦਿਨਾਂ ਆਪਣੇ ਅੰਦਰ ਝਾਤੀ ਮਾਰੀਏ ਕਿ ਅਸੀਂ ਕਿਹੜੇ ਕਿਹੜੇ ਸੱਜਣਾਂ ਦਾ ਦਿਲ ਦੁਖਾਇਆ , ਜਿਸ ਕਾਰਨ ਉਹ ਸੱਜਣ ਸਾਡੇ ਕੋਲੋਂ ਦੂਰ ਚਲੇ ਗਏ। ਵਿਚਾਰੀਏ ਕਿ ਅਜਿਹੇ ਸੱਜਣ ਸਾਡੇ ਨਾਲ ਕਿਉਂ ਗੱਲਬਾਤ ਕਰਨਾ ਛੱਡ ਗਏ। ਸਾਡੀ ਕਿਹੜੀ ਅਜਿਹੀ ਗ਼ਲਤੀ ਸੀ, ਜਿਸ ਕਾਰਨ ਅਜਿਹੇ ਸੱਜਣ ਸਾਡੇ ਕੋਲੋਂ ਦੂਰ ਹੁੰਦੇ ਚਲੇ ਗਏ। ਉਹਨਾਂ ਲੋਕਾਂ ਤੋਂ ਮੁਆਫ਼ੀ ਮੰਗੀਏ ਜਿੰਨਾ ਦਾ ਸਾਡੇ ਕਰ ਕੇ ਦਿਲ ਦੁਖਿਆ। ਅਕਸਰ ਬੱਚੇ ਵੀ ਬਹੁਤ ਗ਼ਲਤੀਆਂ ਕਰ ਜਾਂਦੇ ਹਨ। ਉਹ ਮਾਂ ਬਾਪ ਤੇ ਮਾਸਟਰਾਂ ਨਾਲ ਵੀ ਝੂਠ ਬੋਲ ਜਾਂਦੇ ਹਨ। ਛੋਟੇ ਬੱਚੇ ਵੀ ਪ੍ਰਣ ਕਰੀਏ ਕਿ ਨਵੇਂ ਵਰੇ 'ਚ ਬਿਲਕੁਲ ਵੀ ਝੂਠ ਨਹੀਂ ਬੋਲਣਾ, ਜਿਸ ਕਾਰਨ ਸਾਡੇ ਮਾਂ-ਬਾਪ ਸਾਡੇ ਨਾਲੋਂ ਗ਼ੁੱਸਾ ਹੋ ਜਾਣ।

ਸਭ ਨੂੰ ਹੀ ਪਤਾ ਹੈ ਕਿ ਜੋ ਇਹ 2020 ਸਾਲ ਸੀ, ਅਜਿਹਾ ਉਤਾਰ-ਚੜਾਅ ਵਾਲਾ ਸੀ। ਫਰਵਰੀ ਮਹੀਨੇ ਵਿੱਚ ਭਾਰਤ ਵਿੱਚ ਕਰੋਨਾ ਵਾਇਰਸ ਨਾਮੁਰਾਦ ਬਿਮਾਰੀ ਨੇ ਦਸਤਕ ਦਿੱਤੀ। ਮਾਰਚ ਮਹੀਨੇ ਵਿੱਚ ਭਾਰਤ ਵਿੱਚ ਤਾਲਾਬੰਦੀ ਕਰ ਦਿੱਤੀ ਗਈ। ਜਿਸ ਕਾਰਨ ਲੱਖਾਂ ਹੀ ਲੋਕਾਂ ਦਾ ਰੁਜ਼ਗਾਰ ਖੁੱਸ ਗਿਆ। ਬੇਰੁਜ਼ਗਾਰੀ ਵੱਧ ਗਈ। ਰੁਜ਼ਗਾਰ ਨਾ ਹੋਣ ਦੀ ਸੂਰਤ ਵਿੱਚ ਕਈ ਲੋਕਾਂ ਨੇ ਆਪਣੀ ਜਾਨ ਗੁਆ ਦਿੱਤੀ। ਸਾਨੂੰ ਅਜਿਹਾ ਕੋਈ ਕੰਮ ਨਹੀਂ ਕਰਨਾ ਚਾਹੀਦਾ, ਜਿਸ ਕਰਕੇ ਸਾਡੇ ਪਿਛਲਿਆਂ ਨੂੰ ਕੋਈ ਵੀ ਪ੍ਰੇਸ਼ਾਨੀ ਹੋਵੇ। ਜ਼ਿੰਦਗੀ ਵਿੱਚ ਦੁੱਖ ਸੁੱਖ ਤਾਂ ਆਉਂਦੇ ਹੀ ਰਹਿੰਦੇ ਹਨ। ਸਾਨੂੰ ਹਰ ਤਰਾਂ ਦੇ ਸਮੇਂ ਵਿੱਚ ਜਿਊਣ ਦਾ ਸਲੀਕਾ ਆਉਣਾ ਚਾਹੀਦਾ ਹੈ। ਲੰਮਾ ਸਮਾਂ ਤਾਲਾਬੰਦੀ ਹੋਣ ਕਾਰਨ ਮਹਿੰਗਾਈ ਵੱਧ ਗਈ। ਪਾਬੰਦੀ ਦੇ ਵਿਚ ਹੀ ਕੇਂਦਰ ਸਰਕਾਰ ਵੱਲੋਂ ਖੇਤੀ ਆਰਡੀਨੈਂਸ ਲਿਆਂਦੇ ਗਏ। ਜਿਸ ਕਾਰਨ ਪੰਜਾਬ ਵਿੱਚ 3 ਕਾਲੇ ਖੇਤੀ ਬਿੱਲਾਂ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਗਿਆ। ਰੇਲ ਚੱਕਾ ਜਾਮ ਵੀ ਕੀਤਾ ਗਿਆ। ਪਰ ਕੇਂਦਰ ਟੱਸ ਤੋਂ ਮੱਸ ਨਾ ਹੋਈ। ਕਿਸਾਨ ਜਥੇਬੰਦੀਆਂ ਅਤੇ ਕੇਂਦਰ ਵਿਚਕਾਰ ਮੀਟਿੰਗ ਵੀ ਹੋਈ, ਜੋ ਬੇਸਿੱਟਾ ਰਹੀ। ਫਿਰ ਪਿਛਲੇ ਮਹੀਨੇ ਨਵੰਬਰ ਵਿਚ ਕਿਸਾਨਾਂ ਨੇ ਦਿੱਲੀ ਵੱਲ ਕੂਚ ਕੀਤਾ। ਪੰਜਾਬ ਦੇ ਕਿਸਾਨਾਂ ਨੂੰ ਦਿੱਲੀ ਵੱਲ ਜਾਂਦੇ ਹੋਏ ਵੇਖਦਿਆਂ ਹੀ ਵੇਖਦਿਆਂ ਭਾਰਤ ਦੇ ਹੋਰ ਸੂਬਿਆਂ ਦੇ ਕਿਸਾਨਾਂ ਨੇ ਵੀ ਦਿੱਲੀ ਵੱਲ ਵਧਣਾ ਸ਼ੁਰੂ ਕਰ ਦਿੱਤਾ। ਜਿਸ ਕਾਰਨ ਅੱਜ ਇਹ ਜਨ-ਅੰਦੋਲਨ ਬਣ ਗਿਆ ਹੈ। ਕੇਂਦਰ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਦੇ ਵਿਚਕਾਰ ਤਕਰੀਬਨ ਪੰਜ ਮੀਟਿੰਗਾਂ ਹੋਈਆਂ ਜੋ ਬੇਸਿੱਟਾ ਹੀ ਰਹੀਆਂ। ਉਮੀਦ ਹੈ ਕਿ ਜਲਦੀ ਹੀ ਕਿਸਾਨਾਂ ਦਾ ਮਸਲਾ ਹੱਲ ਹੋਵੇਗਾ।

ਅਕਸਰ ਕਈ ਘਰਾਂ ਵਿੱਚ ਆਮ ਦੇਖਣ ਨੂੰ ਆਉਂਦਾ ਹੈ ਕਿ ਘਰ ਵਿੱਚ ਨੂੰਹ-ਸੱਸ ਆਪਸ ਵਿੱਚ ਕਈ ਵਰਿਆਂ ਤੋਂ ਨਹੀਂ ਬੋਲੀਆਂ ਜਾਂ ਨਣਦ-ਭਰਜਾਈ ਦੀ ਆਪਸ ਵਿਚ ਨਹੀਂ ਬਣਦੀ। ਉਨਾਂ ਵਿੱਚ ਮਨ-ਮੁਟਾਵ ਚਲਦਾ ਰਹਿੰਦਾ ਹੈ। ਪਿਓ-ਪੁੱਤਰ ਦੀ ਵੀ ਆਪਸ ਵਿੱਚ ਅਣਬਣ ਹੁੰਦੀ ਹੈ। ਨਵਾਂ ਸਾਲ ਚੜਨ ਤੋਂ ਪਹਿਲਾਂ ਆਪਸ ਵਿੱਚ ਪੈਦਾ ਹੋਏ ਗ਼ਲਤ ਵਿਚਾਰ ਸੁਲਝਾਅ ਲੈਣੇ ਚਾਹੀਦੇ ਹਨ। ਜ਼ਮੀਨੀ ਝਗੜੇ ਨੂੰ ਲੈ ਕੇ ਜੇ ਭਰਾ-ਭਰਾ ਵਿੱਚ ਤਕਰਾਰ ਹੈ ਤਾਂ ਉਸ ਨੂੰ ਪਿਆਰ ਨਾਲ ਸੁਲਝਾਓ। ਅਕਸਰ ਕਈ ਵਾਰ ਦੇਖਣ ਵਿਚ ਵੀ ਆਉਂਦਾ ਹੈ ਕਿ ਵੈਰ ਵਿਰੋਧ ਕਾਰਨ ਭਰਾ-ਭਰਾ ਦੀ ਸ਼ਕਲ ਦੇਖਣਾ ਪਸੰਦ ਨਹੀਂ ਕਰਦਾ। ਦੋਵਾਂ ਨੂੰ ਗੱਲਬਾਤ ਲਈ ਮੁੱਦਤਾਂ ਹੋ ਜਾਂਦੀਆਂ ਹਨ। ਜੇ ਪਰਿਵਾਰ ਵਿੱਚ ਕੋਈ ਘਟਨਾ ਵਾਪਰ ਜਾਂਦੀ ਹੈ ਤਾਂ ਫਿਰ ਬਾਅਦ ਵਿੱਚ ਪਛਤਾਵਾ ਹੀ ਹੁੰਦਾ ਹੈ, ਕਿ ਜੇ ਮੈਂ ਆਪਣੀ ਅੜੀ ਛੱਡ ਕੇ ਭਰਾ ਨਾਲ ਗੱਲਬਾਤ ਕਰਦਾ ਤਾਂ ਮਸਲਾ ਹੱਲ ਹੋ ਸਕਦਾ ਸੀ। ਪਛਤਾਉਣ ਦਾ ਕੋਈ ਫ਼ਾਇਦਾ ਨਹੀਂ ਰਹਿੰਦਾ। ਜੋ ਪਾਣੀ ਪੁਲਾਂ ਤੋਂ ਇਕ ਵਾਰੀ ਲੰਘ ਜਾਂਦਾ ਹੈ, ਉਹ ਵਾਪਸ ਮੁੜ ਕੇ ਨਹੀਂ ਆਉਂਦਾ। ਜਦੋਂ ਪਰਿਵਾਰਾਂ ਵਿੱਚ ਤਕਰਾਰ ਹੁੰਦਾ ਹੈ ਤਾਂ ਹੋਰ ਬੰਦੇ ਇਸ ਦਾ ਫ਼ਾਇਦਾ ਉਠਾਉਂਦੇ ਹਨ। ਸਾਡਾ ਕਿਸੇ ਗੱਲ ਕਰਕੇ ਆਂਢ-ਗੁਆਂਢ ਵਿਚ ਤਕਰਾਰ ਹੈ, ਤਾਂ ਮਾਫ਼ੀ ਮੰਗ ਲਵੋ । ਗ਼ਲਤੀ ਕਰਨ ਨਾਲੋਂ ਮੁਆਫ਼ ਕਰਨ ਵਾਲਾ ਵੱਡਾ ਹੁੰਦਾ ਹੈ। ਅਕਸਰ ਅਸੀਂ ਆਮ ਸੁਣਦੇ ਵੀ ਹਨ ਕਿ ਜੇ ਘਰ ਵਿਚ ਕੋਈ ਘਟਨਾ ਹੋ ਜਾਂਦੀ ਹੈ ਤਾਂ ਗੁਆਂਢੀ ਸਭ ਤੋਂ ਪਹਿਲਾ ਆਉਂਦੇ ਹਨ, ਰਿਸ਼ਤੇਦਾਰਾਂ ਨੂੰ ਆਉਣ ਵਿੱਚ ਸਮਾਂ ਲੱਗ ਜਾਂਦਾ ਹੈ। ਕੋਈ ਵੀ ਰਿਸ਼ਤਾ ਹੈ ਉਸ ਦੀ ਸਮਾਂ ਰਹਿੰਦਿਆਂ ਕਦਰ ਕਰੀਏ।

ਪ੍ਰਣ ਦਾ ਮਤਲਬ ਇਹ ਹੈ ਕਿ ਸਾਡੇ ਕੋਲੋਂ ਜੇ ਕਿਸੇ ਦਾ ਵੀ ਦਿਲ ਦੁਖੀ ਹੋਇਆ ਹੈ ਜਾਂ ਸਾਡੇ ਕੋਲੋਂ ਅਜਿਹੀ ਸ਼ਬਦਾਵਲੀ ਪ੍ਰਯੋਗ ਹੋਈ ਹੈ। ਤਾਂ ਨਵੇਂ ਵਰੇ ਤੇ ਆਪਣੀ ਜ਼ੁਬਾਨ ਤੇ ਕੰਟਰੋਲ ਰੱਖੀਏ। ਕਿਹਾ ਵੀ ਜਾਂਦਾ ਹੈ ਕਿ 'ਪਹਿਲਾਂ ਤੋਲੋ, ਫਿਰ ਬੋਲੋ।' ਜੇ ਗ਼ਲਤ ਬੋਲਾਂਗੇ, ਤਾਂ ਰਿਸ਼ਤਿਆਂ ਵਿਚ ਕੁੜੱਤਣ ਪੈਦਾ ਹੋਵੇਗੀ। ਹਮੇਸ਼ਾ ਸਾਫ਼-ਸੁਥਰੀ ਬੋਲੀ ਵਰਤੀਏ। ਜੇ ਅਸੀਂ ਵਧੀਆ ਸ਼ਬਦਾਂ ਦੀ ਵਰਤੋਂ ਕਰਾਂਗੇ, ਤਾਂ ਸਾਡੇ ਰਿਸ਼ਤੇ ਬਹੁਤ ਚਮਕਣਗੇ।

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਜੰਗਾਂ, ਕਾਰਨਾਮੇ ਤੇ ਉਪਦੇਸ਼

- ਅਵਤਾਰ ਸਿੰਘ ਮਿਸ਼ਨਰੀ
(੫੧੦੪੩੨੫੯੨੭)

ਦਸਮੇਸ਼ ਜੀ ਦਾ ਜਨਮ ਪ੍ਰਕਾਸ਼ 5 ਜਨਵਰੀ, 1666 ਈਸਵੀ ਨੂੰ ਪਿਤਾ ਗੁਰੂ ਤੇਗ ਬਹਾਦਰ ਤੇ ਮਾਤਾ ਗੁਜਰੀ ਜੀ ਦੇ ਗ੍ਰਹਿ ਵਿਖੇ ਪਟਨਾ (ਬਿਹਾਰ) 'ਚ ਹੋਇਆ। ਆਪ ਜੀ ਦੇ ਜਨਮ ਪ੍ਰਕਾਸ਼ ਸਮੇਂ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਢਾਕੇ (ਬੰਗਾਲ) ਵਿੱਚ ਸਨ। ਆਪ ਜੀ ਦਾ ਬਚਪਨ ਨਾਮ ਗੋਬਿੰਦ ਰਾਏ ਸੀ ਜੋ ਸੰਨ 1699 ਨੂੰ ਖ਼ਾਲਸਾ ਸਾਜਨ ਵੇਲੇ ਗੋਬਿੰਦ ਸਿੰਘ ਹੋ ਗਿਆ। ਗੁਰੂ ਤੇਗ ਬਹਾਦਰ ਸਾਹਿਬ ਦੇ ਅਸਾਮ ਤੋਂ ਪੰਜਾਬ ਵਿੱਚ ਵਾਪਸ ਆ ਜਾਣ ਮਗਰੋਂ ਵੀ ਪ੍ਰਵਾਰ ਕੁਝ ਚਿਰ ਪਟਨਾ ਸਾਹਿਬ ਰੁਕਿਆ ਰਿਹਾ। ਗੋਬਿੰਦ ਰਾਏ ਦੇ ਬਚਪਨ ਦੇ ਪਹਿਲੇ ਪੰਜ ਕੁ ਸਾਲ ਪਟਨੇ ਹੀ ਬੀਤੇ। ਆਪ ਦੀ ਸਿਖਲਾਈ ਪੜਾਈ ਦਾ ਕੰਮ ਉੱਥੇ ਹੀ ਸ਼ੁਰੂ ਹੋ ਗਿਆ ਸੀ। ਗੁਰਸਿੱਖੀ ਤੇ ਗੁਰਬਾਣੀ ਦੀ ਪੜਾਈ ਦੇ ਨਾਲ-ਨਾਲ ਆਪ ਨੂੰ ਸ਼ਸਤਰਾਂ ਦੀ ਵਰਤੋਂ, ਘੋੜ ਸਵਾਰੀ ਤੇ ਤਾਰੀ ਆਦਿ ਵੀ ਸਿਖਾਈ ਗਈ। ਛੋਟੀ ਉਮਰ ਤੋਂ ਆਪ ਜੋਧਿਆਂ ਜਰਨੈਲਾਂ ਵਾਲੀਆਂ ਰੁਚੀਆਂ ਪੈਦਾ ਕਰਨ ਲਈ ਆਪਣੇ ਹਾਣੀਆਂ ਦੀਆਂ ਟੋਲੀਆਂ ਬਣਾ ਕੇ ਯੁੱਧ ਦਾ ਅਭਿਆਸ ਕਰਾਉਂਦੇ।

ਬਾਲਪਣ ਵਿਚ ਮੋਹ 'ਤੇ ਫ਼ਤਿਹ-ਕਿਸੇ ਪ੍ਰੇਮੀ ਨੇ ਆਪ ਜੀ ਵਾਸਤੇ ਸੋਨੇ ਦੇ ਕੜੇ ਭੇਟ ਕੀਤੇ ਪਰ ਸ਼ਾਮ ਵੇਲੇ ਆਪ ਗੰਗਾ ਨਦੀ ਕੰਢੇ ਖੇਡਦੇ ਸਮੇਂ ਇੱਕ ਕੜਾ ਗੰਗਾ 'ਚ ਸੁੱਟ ਦਿੱਤਾ। ਜਦ ਮਾਮਾ ਕ੍ਰਿਪਾਲ ਜੀ ਨੇ ਪੁੱਛਿਆ 'ਕਿ ਕੜਾ ਕਿੱਥੇ ਹੈ?' ਮਾਮਾ ਜੀ ਨੂੰ ਗੰਗਾ ਦੇ ਕੰਢੇ 'ਤੇ ਲੈ ਗਏ, ਜਿੱਥੇ ਖੜੋ ਕੇ ਦੂਸਰਾ ਕੜਾ ਵੀ ਦਰਿਆ ਵਿੱਚ ਸੁੱਟ ਦਿੱਤਾ, ਉਸ ਥਾਂ ਹੁਣ ਗੁਰਦੁਆਰਾ ਗੋਬਿੰਦ ਘਾਟ ਹੈ। ਜਦ ਗੁਰੂ ਪਿਤਾ ਨੇ ਪ੍ਰਵਾਰ ਨੂੰ ਪੰਜਾਬ ਆਉਣ ਦੇ ਸੱਦੇ ਤੇ ਸੰਨ 1671 ਨੂੰ ਕੁਝ ਸੰਗਤ ਸਮੇਤ ਪੰਜਾਬ ਵੱਲ ਨੂੰ ਚਾਲੇ ਪਾਏ ਤਦ ਗੋਬਿੰਦ ਰਾਏ ਦੀ ਉਮਰ ਕੇਵਲ 5 ਸਾਲ ਦੀ ਸੀ। ਦਾਨਪੁਰ, ਬਕਸਰ, ਆਰਾ, ਛੋਟਾ ਮਿਰਜ਼ਾਪੁਰ, ਬਨਾਰਸ, ਪਰਾਗ, ਲਖਨਊ, ਮਥੁਰਾ, ਥਾਨੇਸਰ, ਸਹਾਰਨਪੁਰ, ਆਦਿ ਥਾਵਾਂ 'ਤੇ ਹੁੰਦੇ ਹੋਏ ਭਾਦੋਂ ਮਹੀਨੇ ਪ੍ਰਵਾਰ ਸਮੇਤ ਲਖਨੌਰ ਨਗਰ ਪੁੱਜੇ ਜੋ ਅੰਬਾਲੇ ਦੇ ਨੇੜੇ ਹੈ। ਇੱਥੇ ਆਰਾਮ ਕਰਕੇ ਅਨੰਦਪੁਰ ਸਾਹਿਬ ਪਹੁੰਚ ਗਏ। ਉਸ ਵੇਲੇ ਸਾਰੇ ਇਲਾਕੇ 'ਚ ਖ਼ੁਸ਼ੀਆਂ ਦਾ ਮਹੌਲ ਸੀ।

ਧਰਮ ਤੇ ਸ਼ਾਸਤਰ ਵਿੱਦਿਆ-ਇਤਿਹਾਸ ਦੱਸਦਾ ਹੈ ਕਿ ਮਾਤਾ ਪਿਤਾ ਦੇ ਹੁਕਮ ਮੁਤਾਬਿਕ ਮਾਮਾ ਕ੍ਰਿਪਾਲ ਚੰਦ ਦੀ ਦੇਖ ਰੇਖ ਵਿੱਚ ਆਪ ਜੀ ਦੀ ਧਰਮ ਤੇ ਸ਼ਸਤਰ ਵਿੱਦਿਆ ਦੀ ਸਿਖਲਾਈ ਹੋਈ। ਜਿਸ ਵਿੱਚ ਰੱਬੀ ਭਗਤਾਂ, ਬਾਬੇ ਨਾਨਕ ਦੇ ਬਾਕੀ ਜਾਨਸ਼ੀਨਾਂ ਜਿਨਾਂ ਦੀ ਬਾਣੀ ਤੇ ਗੁਰ ਇਤਿਹਾਸ ਦਾ ਗਿਆਨ ਦਿੱਤਾ ਗਿਆ। ਪੰਜਾਬੀ ਤੋਂ ਇਲਾਵਾ ਹਿੰਦੀ, ਸੰਸਕ੍ਰਿਤ ਅਤੇ ਫ਼ਾਰਸੀ ਆਦਿ ਵਿੱਦਿਆ ਵੀ ਸਿਖਾਈ ਗਈ। ਸ਼ਸਤਰ ਚਲਾਉਣ ਅਤੇ ਘੋੜ ਸਵਾਰੀ ਸਿਖਾਉਣ ਵਾਸਤੇ ਭਾਈ ਬੱਜਰ ਸਿੰਘ ਦੀ ਸੇਵਾ ਲਾਈ ਗਈ।

ਗੁਰਿਆਈ-ਪਿਤਾ ਗੁਰੂ ਦੀ ਸ਼ਹੀਦੀ ਤੋਂ ਤੁਰੰਤ ਬਾਅਦ ਕਰੀਬ ਨੌਂ ਸਾਲ ਦੀ ਉਮਰ ਵਿੱਚ 11 ਨਵੰਬਰ,1675 ਨੂੰ ਗੁਰਤਾ ਪ੍ਰਾਪਤ ਹੋਈ। ਅਠਾਰਾਂ ਸਾਲ ਦੀ ਉਮਰ 'ਚ ਆਪ ਜੀ ਦਾ ਅਨੰਦ ਕਾਰਜ ਮਾਤਾ ਜੀਤੋ ਜੀ ਨਾਲ 1684 ਈ. ਨੂੰ ਗੁਰੂ ਕੇ ਲਾਹੌਰ ਨੇੜੇ ਅਨੰਦਪੁਰ ਵਿਖੇ ਹੋਇਆ। ਮਾਤਾ ਜੀਤੋ ਦਾ ਨਾਮ ਉਸ ਵੇਲੇ ਦੇ ਰਿਵਾਜ ਅਨੁਸਾਰ ਸਹੁਰੇ ਘਰ ਵਿਖੇ ਬਦਲ ਕੇ ਸੁਹਣੀ ਸੁਲੱਖਣੀ ਹੋਣ ਕਰਕੇ ਸੁੰਦਰੀ ਰੱਖਿਆ ਗਿਆ। ਸਮੇਂ ਨਾਲ ਮਾਤਾ ਜੀਤੋ ਦੀ ਕੁੱਖ ਤੋਂ ਚਾਰ ਬੱਚੇ ਪੈਦਾ ਹੋਏ ਜਿਨਾਂ ਨੂੰ ਸਤਿਕਾਰ ਨਾਲ ਸਾਹਿਬਜ਼ਾਦੇ ਤੇ ਬਾਬੇ ਕਿਹਾ ਜਾਂਦਾ ਹੈ। ਸਾਹਿਬਜ਼ਾਦਿਆਂ ਦੀਆਂ ਕ੍ਰਮਵਾਰ ਜਨਮ ਤਾਰੀਖ਼ਾਂ-ਬਾਬਾ ਅਜੀਤ ਸਿੰਘ ਸੰਨ 1686, ਬਾਬਾ ਜੁਝਾਰ ਸਿੰਘ 1690, ਬਾਬਾ ਜੋਰਾਵਰ ਸਿੰਘ 1696 ਅਤੇ ਬਾਬਾ ਫ਼ਤਿਹ ਸਿੰਘ 1698 ਈਸਵੀ ਹਨ। ਵੱਡੇ ਸਾਹਿਬਜ਼ਾਦੇ ਮੁਗ਼ਲੀਆ ਜ਼ਾਲਮ ਸਰਕਾਰ ਦੀਆਂ ਭਾਰੀ ਫ਼ੌਜਾਂ ਨਾਲ ਲੋਹਾ ਲੈਂਦੇ ਮੈਦਾਨੀ-ਜੰਗ ਚਮਕੌਰ ਤੇ ਛੋਟੇ ਸਰਹਿੰਦ ਵਿਖੇ ਸੱਚ ਧਰਮ ਦੀ ਖ਼ਾਤਰ ਈਨ ਨਾ ਮੰਨਦੇ ਅਣਖ ਤੇ ਗ਼ੈਰਤ ਨਾਲ ਜੂਝਦੇ ਸ਼ਹੀਦ ਹੋਏ।

ਕਾਰਨਾਮੇ-ਕਿਲੇ, ਤਖ਼ਤ ਤੇ ਹੋਰ ਅਸਥਾਨ ਰਚੇ ਤੇ ਵਸਾਏ ਜਿਵੇਂ ਤਖ਼ਤ ਕੇਸਗੜ ਤੇ ਕਿਲੇ ਫਤਹਿਗੜ, ਹੋਲਗੜ, ਅਨੰਦਗੜ ਤੇ ਲੋਹਗੜ, ਧਰਮ ਪ੍ਰਚਾਰ ਅਸਥਾਨ ਪਾਉਂਟਾ ਸਾਹਿਬ, ਦਮਦਮਾ ਸਾਹਿਬ-ਤਲਵੰਡੀ, ਗੁਰੂ ਕਾ ਲਾਹੌਰ-ਨਾਹਨ ਹਿਮਾਚਲ ਤੇ ਹਜ਼ੂਰ ਸਾਹਿਬ ਅਬਚਲ ਨਗਰ-ਨਾਦੇੜ। ਜੰਗਾਂ-ਭੰਗਾਣੀ, ਨਦੌਣ, ਗੁਲੇਰ ਜਾ ਹੁਸੈਨੀ, ਅਨੰਦਪੁਰ, ਚਮਕੌਰ ਅਤੇ ਮੁਕਤਸਰ ਆਦਿਕ ਥਾਵਾਂ 'ਤੇ 14 ਜੰਗਾਂ ਲੜੀਆਂ।

ਕਸ਼ਮੀਰ ਵਿੱਚ ਜਦੋਂ ਔਰੰਗਜ਼ੇਬ ਦੇ ਹੁਕਮ ਅਨੁਸਾਰ ਸ਼ੇਰ ਅਫ਼ਗਾਨ ਖ਼ਾਂ ਨੇ ਕਸ਼ਮੀਰੀ ਪੰਡਿਤਾਂ ਨੂੰ ਜਬਰੀ ਮੁਸਲਮਾਨ ਬਣਾਉਣਾ ਸ਼ੁਰੂ ਕੀਤਾ ਤਾਂ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਕਸ਼ਮੀਰੀ ਪੰਡਿਤਾਂ ਨੇ ਗੁਰੂ ਦਰਬਾਰ ਅਨੰਦਪੁਰ ਸਾਹਿਬ ਆ ਫ਼ਰਿਆਦ ਕੀਤੀ ਤਾਂ ਗੁਰੂ ਜੀ ਵੱਲੋਂ ਸ਼ਰਨ ਆਏ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਜਾਓ, ਔਰੰਗਜ਼ੇਬ ਨੂੰ ਕਹਿ ਦੋ ਕਿ ਜੇ ਉਹ ਬਾਬਾ ਨਾਨਕ ਦੇ ਵਾਰਸ 'ਤੇਗ ਬਹਾਦਰ' ਨੂੰ ਮੁਸਲਮਾਨ ਬਣਾ ਲੈਣ ਤਾਂ ਅਸੀਂ ਸਾਰੇ ਖ਼ੁਦ ਹੀ ਮੁਸਲਮਾਨ ਬਣ ਜਾਵਾਂਗੇ। ਬਾਲ ਗੋਬਿੰਦ ਰਾਏ ਉਸ ਵੇਲੇ ਨੌਂ ਸਾਲ ਦੇ ਸਨ, ਇਸ ਫ਼ੈਸਲੇ 'ਤੇ ਖ਼ੁਸ਼ੀ ਨਾਲ ਮੁਸਕਰਾਏ। ਗੁਰੂ ਪਾਤਸ਼ਾਹ ਹੋਣਹਾਰ ਸਾਹਿਬਜ਼ਾਦੇ ਦੀ ਸੂਝ-ਬੂਝ ਤੇ ਦਲੇਰੀ ਤੱਕ ਆਪਣੇ ਅਗਲੇ ਉੱਤਰਾਧਿਕਾਰੀ ਦੀ ਜ਼ਿੰਮੇਵਾਰੀ ਸੰਭਾਲਣ ਦੇ ਯੋਗ ਸਮਝ ਕੇ ਆਪਣੇ ਸਿੱਖਾਂ ਭਾ. ਮਤੀ ਦਾਸ, ਭਾ. ਦਿਆਲਾ ਅਤੇ ਭਾ. ਸਤੀ ਦਾਸ ਜੀ ਸਮੇਤ ਚਾਂਦਨੀ ਚੌਂਕ (ਦਿੱਲੀ) ਵੱਲ ਚੱਲ ਪਏ। ਉਸ ਸਮੇਂ ਔਰੰਗਜ਼ੇਬ ਨੇ ਗੁਰੂ ਪਾਤਸ਼ਾਹ ਅੱਗੇ ਸ਼ਰਤਾਂ ਰੱਖੀਆਂ ਕਿ ਇਸ ਮਸਲੇ ਨੂੰ ਛੱਡ ਦਿਓ, ਇਸਲਾਮ ਧਾਰਨ ਕਰ ਲਓ ਜਾਂ ਫਿਰ ਮੌਤ ਕਬੂਲ ਕਰਨੀ ਪਵੇਗੀ ਤਾਂ ਗੁਰੂ ਤੇਗ ਬਹਾਦਰ ਜੀ ਨੇ ਭਰੀ ਸਭਾ 'ਚ ਔਰੰਗਜ਼ੇਬ ਦੀ ਜ਼ਾਲਮ ਸਰਕਾਰ ਨੂੰ ਬਹਾਦਰੀ ਭਰੇ ਲਹਿਜ਼ੇ ਵਿਚ ਕਿਹਾ ਕਿ ਜਬਰੀ ਕਿਸੇ ਦਾ ਮਜ਼ਹਬ ਤਬਦੀਲ ਕਰਨਾ ਇਨਸਾਨੀਅਤ ਨਹੀਂ ਹਰੇਕ ਨੂੰ ਅਜ਼ਾਦੀ ਨਾਲ ਜੀਣ ਦਾ ਹੱਕ ਹੈ। ਇਸਲਾਮ ਅਸੀਂ ਕਬੂਲ ਨਹੀਂ ਕਰਨਾ ਅਤੇ ਮੌਤ ਅਸੀਂ ਖਿੜੇ ਮੱਥੇ ਪ੍ਰਵਾਨ ਕਰਦੇ ਹਾਂ ਜੋ ਹਰੇਕ 'ਤੇ ਇਕ ਦਿਨ ਆ ਜਾਂਦੀ ਹੈ ਤਾਂ ਪਾਪੀ ਔਰੰਗਜ਼ੇਬ ਦੇ ਹੁਕਮ ਨਾਲ 11 ਨਵੰਬਰ, 1675 ਈਸਵੀ ਨੂੰ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੂੰ ਤਸੀਹੇ ਦੇ ਕੇ, ਸੀਸ ਗੰਜ ਵਾਲੇ ਥਾਂ 'ਤੇ ਸ਼ਹੀਦ ਕਰ ਦਿੱਤਾ ਗਿਆ। ਭਾ. ਜੈਤਾ ਗੁਰੂ ਜੀ ਦੇ ਸੀਸ ਨੂੰ ਲੈ ਕੇ ਅਨੰਦਪੁਰ ਸਾਹਿਬ ਪਹੁੰਚੇ, ਗੁਰੂ ਗੋਬਿੰਦ ਸਿੰਘ ਜੀ ਨੇ ਭਾ. ਸਾਹਿਬ ਨੂੰ ਛਾਤੀ ਨਾਲ ਲਾ ਪਿਆਰ ਗਲਵੱਕੜੀ 'ਚ ਲੈ 'ਰੰਗਰੇਟੇ ਗੁਰੂ ਕੇ ਬੇਟੇ' ਕਹਿ ਨਿਵਾਜਿਆ ਅਤੇ ਆਪ ਗੁਰਤਾ ਤੇ ਆਗੂ ਵਾਲੀਆਂ ਸਾਰੀਆਂ ਜੁਮੇਵਾਰੀਆਂ ਗੁਰੂ ਪਿਤਾ ਦਾ ਹੁਕਮ ਮੰਨਦੇ ਸੰਭਾਲ ਲਈਆਂ।

ਸੰਨ 1684 ਵਿਚ ਪਿਤਾ ਗੁਰੂ ਤੇਗ ਬਹਾਦਰ ਜੀ ਦਾ ਵਸਾਇਆ 'ਚੱਕ ਨਾਨਕੀ' ਅਹਿਮ ਨਗਰ ਬਣ ਚੁੱਕਾ ਸੀ ਜਿਸ ਕਰਕੇ ਕੁਝ ਪਹਾੜੀ ਰਾਜੇ ਈਰਖਾ ਕਰਨ ਲੱਗ ਪਏ। ਬਿਲਾਸਪੁਰ ਦਾ ਰਾਜਾ ਭੀਮ ਚੰਦ ਵੀ ਗੁਰੂ ਸਾਹਿਬ ਨਾਲ ਔਖਾ ਭਾਰਾ ਹੋ ਗਿਆ ਕਿਉਂਕਿ ਗੁਰੂ ਸਾਹਿਬ ਨੇ ਉਸ ਦੇ ਲੜਕੇ ਦੀ ਮੰਗਣੀ 'ਤੇ ਪਰਸਾਦੀ ਹਾਥੀ, ਚਾਂਦਨੀ ਆਦਿਕ ਨਾਂ ਦਿੱਤੇ। ਸੰਨ 1685 ਦੇ ਸ਼ੁਰੂ ਵਿੱਚ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੇ ਗੁਰੂ ਪਾਤਸ਼ਾਹ ਨੂੰ ਆਪਣੀ ਰਿਆਸਤ ਵਿਚ ਦਰਸ਼ਨ ਦੇਣ ਲਈ ਅਰਜ਼ ਕੀਤੀ ਤਾਂ 14ਅਪ੍ਰੈਲ 1685 ਨੂੰ ਗੁਰੂ ਸਾਹਿਬ ਨਾਹਨ ਪੁੱਜੇ। ਆਪ ਨੇ ਰਿਆਸਤ ਦਾ ਦੌਰਾ ਕੀਤਾ ਤੇ ਦਰਿਆ ਜਮਨਾ ਦੇ ਕੰਢੇ 29 ਅਪ੍ਰੈਲ 1685 ਪਾਉਂਟਾ ਸਾਹਿਬ ਵਸਾਇਆ। ਅਗਲੇ ਤਿੰਨ ਸਾਲ ਪੰਜ ਮਹੀਨੇ ਪਾਉਂਟਾ ਸਾਹਿਬ 'ਚ ਨਿਵਾਸ ਕੀਤਾ। ਇੱਥੇ ਸਿੱਖ ਸੇਵਕਾਂ ਨੂੰ ਵਿਦਿਆ ਪੜਾਈ ਤੇ ਕਵੀ ਦਰਬਾਰ ਸਜਾ ਵਿਦਵਾਨ ਕਵੀਆਂ ਦਾ ਸਨਮਾਨ ਕੀਤਾ, ਇਤਿਹਾਸ ਇਨਾਂ ਨੂੰ 52 ਕਵੀ ਦਸਦਾ ਹੈ।

ਭੰਗਾਣੀ ਦਾ ਭਿਆਨਕ ਯੁੱਧ-ਭੰਗਾਣੀ ਪਾਉਂਟਾ ਸਾਹਿਬ ਤੋਂ ਲਗਭਗ ਛੇ ਮੀਲ ਦੂਰ ਦੋ ਪਹਾੜਾਂ ਦੇ ਵਿਚਕਾਰ ਜਮੁਨਾ ਦੇ ਕਿਨਾਰੇ ਖੁੱਲਾ ਮੈਦਾਨ ਬਿਲਾਸਪੁਰ ਤੋਂ ਆਉਣ ਵਾਲਾ ਪ੍ਰਮੁੱਖ ਰਸਤਾ ਹੈ। ਬਾਈ ਰਿਆਸਤਾਂ ਵਿਚ ਵੰਡਿਆ ਹੋਣ ਕਰਕੇ ਇਸ ਇਲਾਕੇ ਨੂੰ ਬਾਈਧਾਰ ਕਿਹਾ ਜਾਂਦਾ ਹੈ ਜੋ ਜੰਮੂ ਤੋਂ ਗੜਵਾਲ ਤੱਕ, ਝਨਾਂ ਤੋਂ ਗੰਗਾ ਨਦੀ ਤੱਕ ਫੈਲਿਆ ਹੈ। ਇਨਾਂ ਰਿਆਸਤਾਂ ਦੇ ਸਭ ਰਾਜੇ ਸਨਾਤਨੀ ਹਿੰਦੂ ਸਨ ਜਿਨਾਂ ਦੇ ਵਡੇਰਿਆਂ ਨੂੰ ਛੇਵੇਂ ਪਾਤਸ਼ਾਹ ਨੇ ਗਵਾਲੀਅਰ ਦੇ ਕਿਲੇ 'ਚ 52 ਕਲੀਆਂ ਚੋਲਾ ਪਾ ਕੇ ਜਹਾਂਗੀਰ ਦੀ ਕੈਦ ਵਿਚੋਂ ਛੁਡਵਾਇਆ ਸੀ। ਇਨਾਂ ਦੇ ਵਾਰਸ ਰਾਜੇ ਗੁਰੂ ਸਾਹਿਬ ਦੀ ਨੀਤੀ ਤੋਂ ਔਖੇ ਸਨ। ਪੀਰ ਬੁਧੂ ਸ਼ਾਹ ਨਾਲ ਮੁਲਾਕਾਤ ਵੀ ਪਾਉਂਟਾ ਸਾਹਿਬ ਹੋਈ। ਪੀਰ ਜੀ ਨੇ ਮੁਗ਼ਲ ਫ਼ੌਜ ਵਿੱਚੋਂ ਕੱਢੇ 500 ਪਠਾਣ ਗੁਰੂ ਜੀ ਦੀ ਫ਼ੌਜ ਵਿੱਚ ਰਖਵਾਏ, ਜਿੰਨਾ ਦੇ ਪੰਜ ਸਰਦਾਰ ਕਾਲੇ ਖਾਂ, ਭੀਖਨ ਖਾਂ, ਨਜ਼ਾਬਤ ਖਾਂ, ਉਮਰ ਖਾਂ ਅਤੇ ਹਯਾਤ ਖਾਂ ਸਨ। ਇਨਾਂ ਵਿਚੋਂ ਭੰਗਾਣੀ ਯੁੱਧ ਸਮੇਂ ਕੇਵਲ ਕਾਲੇ ਖ਼ਾਂ ਸਰਦਾਰ ਤੋਂ ਬਿਨਾਂ ਬਾਕੀ ਚਾਰੇ ਆਪਣੇ 400 ਸਾਥੀਆਂ ਸਮੇਤ ਵਿਰੋਧੀਆਂ ਨਾਲ ਜਾ ਰਲੇ ਤਾਂ ਪੀਰ ਜੀ ਆਪਣੇ 700 ਮੁਰੀਦਾਂ ਸਮੇਤ ਗੁਰੂ ਜੀ ਦੀ ਮਦਦ ਲਈ ਪਹੁੰਚੇ ਜਿੱਥੇ ਉਨਾਂ ਦੇ ਦੋ ਭਰਾ ਤੇ ਕਈ ਮੁਰੀਦ ਸਿਪਾਹੀ ਪਠਾਣ ਵੀ ਸ਼ਹੀਦ ਹੋਏ। ਅਨੰਦਪੁਰ ਸਾਹਿਬ ਕਹਿਲੂਰ ਦੀ ਰਿਆਸਤ ਵਿੱਚ ਪੈਂਦਾ ਸੀ, ਜਿਸ ਦਾ ਰਾਜਾ ਭੀਮ ਚੰਦ ਸੀ। ਉਸ ਨੂੰ ਗੁਰੂ ਸਾਹਿਬ ਵੱਲੋਂ 'ਰਣਜੀਤ ਨਗਾਰਾ' ਵਜਾਉਣਾ ਹੇਠੀ ਜਾਪਦੀ ਤੇ ਉਹ 'ਗੁਰੂ' ਨੂੰ ਆਪਣੇ ਪ੍ਰਭਾਵ ਥੱਲੇ ਰੱਖਣਾ ਚਾਹੁੰਦਾ ਸੀ। ਇਹ ਜਾਤ-ਪਾਤੀ ਰਾਜੇ ਗ਼ਰੀਬਾਂ ਤੇ ਦਲਿਤਾਂ ਦਾ ਨਿਰਾਦਰ ਕਰਦੇ ਪਰ ਗੁਰੂ ਸਾਹਿਬ ਸਭ ਨੂੰ ਸੰਗਤ ਤੇ ਪੰਗਤ ਵਿਚ ਬਰਾਬਰ ਮਾਨ ਦਿੰਦੇ ਸਨ।

ਗੁਰੂ ਸਾਹਿਬ ਨੇ ਗੜਵਾਲ ਦੇ ਰਾਜੇ ਫ਼ਤਹਿ ਸ਼ਾਹ ਤੇ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦੀ ਸੁਲਾਹ ਕਰਵਾਈ ਜੋ ਭੀਮ ਚੰਦ ਨੂੰ ਖਾਸੀ ਚੁੱਭੀ। ਇਸ ਸਮੇਂ ਦੌਰਾਨ ਰਾਜਾ ਭੀਮ ਚੰਦ ਦੇ ਲੜਕੇ ਦੀ ਮੰਗਣੀ ਰਾਜਾ ਫ਼ਤੇਹ ਸ਼ਾਹ ਦੀ ਲੜਕੀ ਨਾਲ ਹੋਈ। ਭੀਮ ਚੰਦ ਨੇ ਗੁਰੂ ਸਾਹਿਬ ਨੂੰ ਸੁਨੇਹਾ ਭੇਜਿਆ ਕਿ ਮੇਰੇ ਪੁੱਤਰ ਦੀ ਬਰਾਤ ਬਿਲਾਸਪੁਰ ਤੋਂ ਸਿਰੀ ਨਗਰ-ਗੜਵਾਲ ਪਾਉਂਟੇ ਕੋਲੋਂ ਲੰਘੇਗੀ। ਬਰਾਤ 'ਚ ਫ਼ੌਜ ਵੀ ਹੋਵੇਗੀ ਜੋ ਬੇਕਾਬੂ ਹੋ ਕੇ ਤੁਹਾਨੂੰ ਲੁੱਟ ਸਕਦੀ ਹੈ, ਇਸ ਲਈ ਤੁਸੀਂ ਰਸਤੇ 'ਚੋਂ ਪਾਸੇ ਹੋ ਜਾਓ ਨਹੀਂ ਤਾਂ ਤੁਹਾਡਾ ਹੀ ਨੁਕਸਾਨ ਹੋਏਗਾ। ਗੁਰੂ ਜੀ ਨੇ ਜਵਾਬ ਦਿੱਤਾ ਕਿ ਤੁਹਾਡੇ ਪੁੱਤਰ ਦੀ ਬਰਾਤ ਨੂੰ ਰੋਕਾਂਗੇ ਨਹੀਂ ਪਰ ਫ਼ੌਜ ਰੋਕੀ ਜਾਵੇਗੀ। ਜੇਕਰ ਫ਼ੌਜ ਦਾ ਜਾਣਾ ਜ਼ਰੂਰੀ ਐ ਤਾਂ ਕਿਸੇ ਹੋਰ ਰਸਤੇ 'ਚੋਂ ਚਲੀ ਜਾਵੇ। ਇਹ ਸੁਣ ਕੇ ਭੀਮ ਚੰਦ ਗ਼ੁੱਸੇ ਵਿਚ ਅੱਗ ਬਲੂਲਾ ਹੋ ਗਿਆ ਤੇ ਰਾਜੇ ਫ਼ਤਹਿ ਸ਼ਾਹ ਦੁਆਰਾ ਗੁਰੂ ਜੀ ਨੂੰ ਵਿਆਹ 'ਚ ਬੁਲਾਵਾ ਭੇਜ ਦਿੱਤਾ। ਗੁਰੂ ਜੀ ਆਪ ਤਾਂ ਨਹੀਂ ਗਏ ਪ੍ਰੰਤੂ ਆਪਣੇ ਦੀਵਾਨ ਨੰਦ ਚੰਦ ਨੂੰ ਕੀਮਤੀ ਤੋਹਫ਼ੇ ਦੇ ਕੇ ਭੇਜ ਦਿੱਤਾ ਤੇ ਸੁਚੇਤ ਰਹਿਣ ਲਈ ਵੀ ਕਿਹਾ। ਸ਼ਾਦੀ ਤੋਂ ਪਹਿਲਾਂ ਭਰੀ ਸਭਾ 'ਚ ਤੋਹਫ਼ਿਆਂ ਦਾ ਐਲਾਨ ਕੀਤਾ ਗਿਆ, ਗੁਰੂ ਜੀ ਵੱਲੋਂ ਭੇਜੇ ਤੋਹਫ਼ੇ ਸਭ ਤੋਂ ਕੀਮਤੀ ਸਨ। ਭੀਮ ਚੰਦ ਨੇ ਪਰਸਾਦੀ ਹਾਥੀ ਦੀ ਵੀ ਮੰਗ ਕਰ ਦਿੱਤੀ ਜਿਸ ਬਾਰੇ ਨੰਦ ਚੰਦ ਨੇ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਕਾਬੂ ਕਰਨਾ ਚਾਹਿਆ ਪਰ ਉਹ ਕੁਝ ਸਾਥੀਆਂ ਸਮੇਤ ਹੁਸ਼ਿਆਰੀ ਨਾਲ ਬਚ ਨਿਕਲਿਆ ਤੇ ਆ ਕੇ ਸਾਰੀ ਵਾਰਤਾ ਗੁਰੂ ਸਾਹਿਬ ਨੂੰ ਸੁਣਾ ਦਿੱਤੀ। ਭੀਮ ਚੰਦ ਦੇ ਪੁੱਤਰ ਦੀ ਸ਼ਾਦੀ ਹੋ ਗਈ। ਲਾੜਾ ਤੇ ਵਹੁਟੀ ਬਿਲਾਸਪੁਰ ਭੇਜ ਦਿੱਤੇ ਗਏ। ਬਾਕੀ ਸਾਰੇ ਰਾਜੇ ਆਪਣੀਆਂ ਫ਼ੌਜਾਂ ਲੈ ਕੇ ਪਾਉਂਟਾ ਸਾਹਿਬ ਵੱਲ ਗੁਰੂ ਸਾਹਿਬ 'ਤੇ ਹਮਲਾ ਕਰਨ ਲਈ ਚੱਲ ਪਏ। ਇਸ ਜੰਗ ਵਿਚ ਕਹਿਲੂਰ ਦਾ ਰਾਜਾ ਭੀਮ ਚੰਦ, ਗੜਵਾਲ ਦਾ ਫ਼ਤਹਿ ਸ਼ਾਹ, ਕਾਂਗੜੇ ਦਾ ਕ੍ਰਿਪਾਲ ਚੰਦ, ਮੰਡੀ ਦਾ ਬੀਰ ਸੈਨ, ਜਸਵਾਲ ਦਾ ਕੇਸਰੀ ਚੰਦ, ਕਾਠਗੜ ਦਾ ਦਿਆਲ ਚੰਦ, ਹਿੰਡੌਰ ਦਾ ਹਰੀ ਚੰਦ, ਭੰਬੋਰ ਦਾ ਕਰਮ ਚੰਦ ਅਤੇ ਸ਼ਿਮਲੇ ਦਾ ਲੱਛੂ ਚੰਦ ਸ਼ਾਮਲ ਹੋਏ। ਭੰਗਾਣੀ ਦੀ ਜੰਗ 15 ਅਪ੍ਰੈਲ, 1687 ਨੂੰ ਹੋਈ ਜੋ ਦਸਮੇਸ਼ ਜੀ ਵੱਲੋਂ ਲੜੀਆਂ ਚੌਦਾਂ ਜੰਗਾਂ ਵਿਚੋਂ ਪਹਿਲੀ ਸੀ। ਗੁਰੂ ਸਾਹਿਬ ਦੀ ਉਮਰ ਉਸ ਸਮੇਂ 21 ਸਾਲ ਸੀ, ਸੰਸਾਰ ਵਿਚ ਐਨੀ ਛੋਟੀ ਉਮਰੇ ਕੋਈ ਵੀ ਕਮਾਂਡਰ-ਇਨ-ਚੀਫ਼ ਨਹੀਂ ਬਣਿਆ। ਇਸ ਲੜਾਈ 'ਚ ਮਹੰਤ ਕ੍ਰਿਪਾਲ ਦਾਸ ਨੇ ਆਪਣੇ ਕੁਤਕੇ ਨਾਲ ਭਗੌੜੇ ਪਠਾਣ ਜਰਨੈਲ ਹਯਾਤ ਖ਼ਾਨ ਨੂੰ ਖ਼ਤਮ ਕਰ ਦਿੱਤਾ। ਅਨੇਕਾਂ ਪਹਾੜੀ ਫ਼ੌਜੀਆਂ ਸਮੇਤ ਰਾਜਾ ਹਰੀ ਚੰਦ ਵੀ ਮਾਰਿਆ ਗਿਆ।

ਗੁਰੂ ਪਾਤਸ਼ਾਹ ਦੀ ਮਦਦ ਲਈ ਪੀਰ ਬੁਧੂ ਸ਼ਾਹ ਆਪਣੇ ਚਾਰ ਪੁੱਤਰਾਂ, ਦੋਹਾਂ ਭਰਾਵਾਂ ਅਤੇ 700 ਚੇਲਿਆਂ ਸਮੇਤ ਪਹੁੰਚੇ, ਗੁਰੂ ਜੀ ਦੀ ਭੂਆ ਵੀਰੋ ਦੇ ਪੰਜ ਪੁੱਤਰ ਜੀਤ ਮੱਲ, ਸੰਗੋ ਸ਼ਾਹ, ਮੋਹਰੀ ਚੰਦ, ਗੁਲਾਬ ਰਾਏ ਅਤੇ ਗੰਗਾ ਰਾਮ ਨੇ ਵੀ ਸਾਥ ਦਿੱਤਾ। ਮਾਮਾ ਕ੍ਰਿਪਾਲ ਚੰਦ ਤੇ ਬਨਾਰਸ ਤੋਂ ਭਾਈ ਰਾਮ ਜੀ ਵੀ ਭਾਰੀ ਤੋਪ ਤੇ ਹੋਰ ਜੰਗੀ ਸਮਾਨ ਲੈ ਕੇ ਜਥੇ ਸਮੇਤ ਆਇਆ ਜਿਸ ਵਿੱਚ ਬੀਬੀ ਵੀਰੋ ਜੀ ਦੇ ਦੋ ਪੁੱਤਰ ਸੰਗੋ ਸ਼ਾਹ ਤੇ ਜੀਤ ਮੱਲ, ਪੀਰ ਬੁੱਧੂ ਸ਼ਾਹ ਜੀ ਦੇ ਦੋ ਪੁੱਤਰ ਸੱਯਦ ਅਸ਼ਰਫ ਤੇ ਸੱਯਦ ਮੁਹੰਮਦ ਸ਼ਾਹ ਸਮੇਤ ਕਈ ਫ਼ੌਜੀ ਸ਼ਹੀਦ ਹੋ ਹੋਏ। ਪੀਰ ਬੁੱਧੂ ਸ਼ਾਹ ਨੂੰ ਦਸਤਾਰ, ਕੰਘੇ ਤੇ ਪਿਆਰ ਗਲਵੱਕੜੀ ਪਾ ਸਨਮਾਨਿਤ ਕਰਦੇ ਗੁਰੂ ਜੀ ਨੇ ਸਾਬਤ ਕਰ ਦਿੱਤਾ ਕਿ ਧਰਮ ਪ੍ਰੇਮ ਦਾ ਮਾਰਗ ਹੈ। ਅੱਗੋ 27 ਅਕਤੂਬਰ, 1688 ਦੇ ਦਿਨ, ਪਾਉਂਟਾ ਸਾਹਿਬ ਤੋਂ ਚੱਲੇ ਅਤੇ ਕਪਾਲ ਮੋਚਨ, ਲਾਹੜਪੁਰ, ਟੋਕਾ, ਦਾਬਰਾ, ਰਾਣੀ ਦਾ ਰਾਏਪੁਰ,ਢਕੋਲੀ, ਨਾਢਾ, ਮਨੀਮਾਜਰਾ, ਕੋਟਲਾ ਨਿਹੰਗ, ਘਨੌਲਾ, ਬੁੰਗਾ, ਅਟਾਰੀ, ਕੀਰਤਪੁਰ ਤੋਂ ਹੁੰਦੇ ਹੋਏ, ਨਵੰਬਰ ਦੇ ਅੱਧ 'ਚ, ਚੱਕ ਨਾਨਕੀ ਪਹੁੰਚੇ।

ਗੁਰੂ ਪਾਤਸ਼ਾਹ ਦਾ ਜੀਵਨ ਕਾਲ ਲੰਬਾ ਨਹੀਂ ਸਗੋਂ ਸੰਘਰਸ਼ਾਂ ਨਾਲ ਐਨਾ ਭਰਪੂਰ ਕਿ ਉਨਾਂ ਨੂੰ ਸ਼ਾਇਦ ਹੀ ਕਿਤੇ ਅਰਾਮ ਮਿਲਿਆ ਹੋਵੇ। ਨੇਕੀ ਬਚਾਉਣੀ ਤੇ ਬਦੀ ਖ਼ਤਮ ਕਰਨੀ ਉਨਾਂ ਦੇ ਜੀਵਨ ਦਾ ਉਦੇਸ਼ ਸੀ। ਇਸ ਦੀ ਪੂਰਤੀ ਲਈ ਉਨਾਂ ਨੇ ਆਪਣੇ ਪੈਰੋਕਾਰਾਂ ਨੂੰ ਜੰਗੀ, ਇਖ਼ਲਾਕੀ ਅਤੇ ਜਜ਼ਬਾਤੀ ਤੌਰ ਤੇ ਤਿਆਰ ਕੀਤਾ। ਡੇਢ ਸਾਲ ਪਿੱਛੋਂ ਗੁਰੂ ਜੀ ਨੇ ਨਦੌਣ ਦੇ ਯੁੱਧ ਵਿੱਚ ਭਾਗ ਲਿਆ ਅਤੇ ਵੱਡੇ ਹਮਲਾਵਰ ਅਲਫ ਖਾਂ ਦੇ ਵਿਰੁੱਧ ਰਾਜਾ ਭੀਮ ਚੰਦ ਤੇ ਉਸ ਦੇ ਸਾਥੀ ਰਾਜਿਆਂ ਦੀ ਮਦਦ ਕੀਤੀ ਕਿਉਂਕਿ ਗੁਰੂ ਜੀ ਦੀ ਭੀਮ ਚੰਦ ਨਾਲ ਕੋਈ ਦਿਲੀ ਦੁਸ਼ਮਣੀ ਨਹੀਂ ਸੀ। ਫਿਰ ਕਈ ਵਰਿਆਂ ਤੱਕ ਸ਼ਾਂਤੀ ਬਣੀ ਰਹੀ। ਸੰਨ 1694 ਦੇ ਅੰਤ 'ਚ ਕਾਂਗੜੇ ਦੇ ਫ਼ੌਜਦਾਰ ਦਿਲਾਵਰ ਖਾਂ ਨੇ ਆਪਣੇ ਪੁੱਤਰ ਨੂੰ ਅਨੰਦਪੁਰ 'ਤੇ ਹਮਲਾ ਕਰਨ ਲਈ ਭੇਜਿਆ ਜੋ ਲੜਾਈ ਅਰੰਭ ਹੋਣ ਤੋਂ ਪਹਿਲਾਂ ਹੀ ਵਾਪਸ ਭੱਜ ਗਿਆ।

ਖ਼ਾਲਸੇ ਦੀ ਸਾਜਣਾ ਤੇ ਉਪਦੇਸ਼-ਖ਼ਾਲਸਾ ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪਹਿਲੇ ਭਗਤ ਕਬੀਰ ਜੀ ਨੇ ਵਰਤਿਆ ਕਿ-'ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥' (ਸ਼ਬਦ ਗੁਰੂ ਗ੍ਰੰਥ) ਭਾਵ ਖ਼ਾਲਸਾ ਉਹ ਹੈ ਜੋ ਖਾਲਿਕ ਤੇ ਖਲਕਿਤ ਨਾਲ ਪ੍ਰੇਮ ਕਰਨਾ ਜਾਣਦਾ ਹੈ। ਗੁਰੂ ਸਾਹਿਬ ਨੇ ਇਸੇ ਪ੍ਰੇਮ ਧਾਰਾ ਨੂੰ ਜੀਵਨ 'ਚ ਧਾਰਨ, ਸਦਾ ਲਈ ਉਚ-ਨੀਚ ਖ਼ਤਮ ਕਰਨ, ਜਾਤ-ਪਾਤੀ ਸਿਸਟਮ ਤੋੜਨ, ਸਭ ਨੂੰ ਸਵੈਮਾਣਤਾ ਨਾਲ ਜੀਣ, ਥੋਥੇ ਕਰਮ-ਕਾਂਡਾਂ ਦੀ ਗ਼ੁਲਾਮੀ ਦੀ ਸੰਗਲੀ ਗਲੋਂ ਲਾਹੁਣ, ਸੰਤ-ਸਿਪਾਹੀ ਬਿਰਤੀ ਦੇ ਮਾਲਕ ਹੋ, ਨਿੱਤ ਵਿਕਾਰਾਂ ਨਾਲ ਜੂਝਣ, ਖਾਣ ਪੀਣ ਤੇ ਰਹਿਣ ਸਹਿਣ ਦੇ ਵਰਨ ਵੰਡੀ ਭਰਮਾ ਭੁਲੇਖਿਆਂ ਨੂੰ ਦੂਰ ਕਰ, ਹੱਥੀਂ ਕਿਰਤ ਕਰਨ, ਵੰਡ ਛਕਣ, ਨਾਮ ਜਪਣ ਤੇ 'ਏਕ ਪਿਤਾ ਏਕਸੁ ਕੇ ਹਮ ਬਾਰਿਕ' ਹੋਣ ਦਾ ਅਹਿਸਾਸ ਮਹਿਸੂਸ ਕਰਕੇ, ਸਦਾ ਚੜਦੀ ਕਲਾ 'ਚ ਜੀਣ, ਇੱਕ ਅਕਾਲ ਦੇ ਝੰਡੇ ਥੱਲੇ ਆਉਣ ਲਈ ਨਾਮ ਅੰਮ੍ਰਿਤ ਦੀ ਦਾਤ ਬਖ਼ਸ਼ਦੇ ਸਿਧਾਂਤਿਕ ਅੰਮ੍ਰਿਤਪਾਨ ਕਰਵਾਇਆ। ਵੈਸਾਖ ਸੰਨ 1699 ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਵੱਡਾ ਇਕੱਠ ਹੋਇਆ। ਗੁਰੂ ਜੀ ਨੇ ਵੱਖ ਵੱਖ ਇਲਾਕੇ ਤੇ ਵੱਖ ਵੱਖ ਜਾਤਾਂ 'ਚੋਂ ਪੰਜਾਂ ਦੀ ਚੋਣ ਕੀਤੀ। ਇਕੱਠ 'ਚ ਵਾਰੀ-ਵਾਰੀ ਭਾ. ਦਇਆ ਰਾਮ, ਭਾ. ਧਰਮ ਚੰਦ, ਭਾ. ਹਿੰਮਤ ਰਾਏ, ਭਾ. ਮੋਹਕਮ ਚੰਦ ਅਤੇ ਭਾ. ਸਾਹਿਬ ਚੰਦ ਹਾਜ਼ਰ ਹੋਏ। ਗੁਰੂ ਜੀ ਨੇ ਪਹਿਲਾਂ ਉਨਾਂ ਨੂੰ ਸ਼ਬਦ ਗਿਆਨ ਦਾ ਨਾਮ ਅੰਮ੍ਰਿਤ ਛਕਾਇਆ। ਸਾਰਿਆਂ ਦੇ ਨਾਮ ਨਾਲ ਸਿੰਘ ਤੇ ਕੌਰ ਲਗਾ ਕੇ ਵਿਲੱਖਣਤਾ ਬਖ਼ਸ਼ੀ। ਗਿਆਨ ਅੰਮ੍ਰਿਤ ਛਕਣ ਤੋਂ ਬਾਅਦ ਹਰ ਸਿੱਖ ਨੂੰ ਕੇਵਲ 'ਸ਼ਬਦ ਗੁਰੂ ਗ੍ਰੰਥ ਸਾਹਿਬ' ਦੀ ਸਰਬ-ਸਾਂਝੀ ਗਿਆਨਮਈ ਬਾਣੀ ਪੜਨ, ਵਿਚਾਰਨ ਤੇ ਧਾਰਨ ਦਾ ਤਾਗੀਦੀ ਆਦੇਸ਼ ਦਿੱਤਾ। ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰੇ ਦਾ ਧਾਰਨੀ ਹੋਣਾ ਫ਼ੌਜੀ ਰਹਿਤ ਦੱਸੀ। ਵੱਡੀ ਗਿਣਤੀ 'ਚ ਲੋਕਾਂ ਨੇ ਵਿਸਾਖੀ ਨੂੰ ਗੁਰੂ ਪਾਸੋਂ ਅੰਮ੍ਰਿਤ ਗਿਆਨ ਦੇ ਖੰਡੇ ਦੀ ਪਾਹੁਲ ਲੈ ਕੇ, ਇਨਸਾਨੀਅਤ ਵਾਲਾ ਨਵਾਂ ਜੀਵਨ ਸ਼ੁਰੂ ਕੀਤਾ। ਅੰਮ੍ਰਿਤ ਛਕਣਾ ਕੋਈ ਕਰਾਮਾਤ, ਕਰਮਕਾਂਡ ਜਾਂ ਹਊਆ ਨਹੀਂ ਸਗੋਂ ਗੁਰੂ ਗਿਆਨ ਦੁਆਰਾ ਸਮਝ ਕੇ ਲਿਆ ਗਿਆ ਗ਼ੈਰਤ ਤੇ ਅਣਖ ਨਾਲ ਸੁਚੱਜਾ ਜੀਵਨ ਜੀਣ ਦਾ ਪ੍ਰਣ ਹੈ।

ਅਨੰਦਪੁਰ ਸਾਹਿਬ ਵਿਖੇ ਹੀ ਖ਼ਾਲਸਾ ਫ਼ੌਜ ਨੂੰ ਮਾਰਸ਼ਲ ਵਿੱਦਿਆ ਗਤਕਾ ਆਦਿਕ ਸ਼ਸਤਰ ਵਿੱਦਿਆ ਸਿਖਲਾਈ ਗਈ। ਹੋਲੀ ਤੇ ਲੋਕ ਨਸ਼ੇ ਪੀ ਇਕ ਦੂਜੇ ਤੇ ਰੰਗ ਪਾਉਂਦੇ ਸਮੇਂ ਗੰਦ ਸੁੱਟਦੇ ਤੇ ਗਾਲ਼ੀ-ਗਲੋਚ ਵੀ ਕਰਦੇ ਸਨ ਤਾਂ ਗੁਰੂ ਜੀ ਨੇ ਹੋਲਾ-ਮਹੱਲਾ ਸ਼ੁਰੂ ਕੀਤਾ ਅਤੇ ਸਾਰੇ ਪੰਜਾਬ ਭਾਰਤ 'ਚ ਸੁਨੇਹੇ ਭੇਜ ਦਿੱਤੇ ਕਿ ਹੁਣ ਧਨ ਪਦਾਰਥਾਂ ਦੇ ਨਾਲ, ਚੰਗੇ ਘੋੜੇ, ਸ਼ਸਤਰ ਤੇ ਜਵਾਨ ਲੈ ਕੇ ਆਓ-ਜਬ ਹਮਰੇ ਦਰਸ਼ਨ ਕਉ ਆਵੋ। ਬਨ ਸੁਚੇਤ ਤਨਿ ਸ਼ਸਤਰ ਸਜਾਵੋ। ਕਮਰ ਕਸਾ ਕਰਿ ਦਿਓ ਦਿਖਾਈ। ਹਮਰੀ ਖ਼ੁਸ਼ੀ ਹੋਏ ਅਧਿਕਾਈ। ਇਉਂ ਖ਼ਾਲਸੇ ਨੂੰ ਕਿਰਤ ਵਿਰਤ ਕਰਦੇ ਸ਼ਸਤਰਾਂ ਨਾਲ ਸਨੰਦਬੱਧ ਹੋ ਸਵੈਮਾਨ ਨਾਲ ਜੀਵਨ ਦਾ ਉਪਦੇਸ਼ ਦਿੱਤਾ।

ਮਸੰਦ ਸਿਸਟਮ ਖ਼ਤਮ ਕਰਨਾ-ਮਸੰਦ ਸਿਸਟਮ ਜੋ ਗੁਰੂ ਰਾਮਦਾਸ ਤੋਂ ਚੱਲਿਆ ਆ ਰਿਹਾ ਹੁਣ ਐਨਾ ਭ੍ਰਿਸ਼ਟ ਹੋ ਚੁੱਕਾ ਸੀ ਕਿ ਉਹ ਸਮਾਜ ਭਲਾਈ ਵਾਲੇ ਗੁਰੂ ਕਾਰਜਾਂ ਲਈ ਦਸਵੰਧ 'ਚ ਹੇਰਾਫੇਰੀ, ਸਿੱਖਾਂ ਨੂੰ ਬੁਰਾ ਭਲਾ ਬੋਲਣਾ ਤੇ ਇਖ਼ਲਾਕ ਤੋਂ ਡਿਗ ਚੁੱਕਾ ਹੋਣ ਕਰਕੇ ਬੰਦ ਕਰ ਦਿੱਤਾ ਤੇ ਸਿੱਖ ਖ਼ੁਦ ਦਸਵੰਧ ਸਿੱਧਾ ਗੁਰੂ ਭੇਟ ਕਰਨ ਤੇ ਚੰਗੇ ਕੰਮਾਂ ਤੇ ਲਾਉਣ ਲੱਗ ਪਏ।

1704 ਈ. ਵਿੱਚ ਪਹਾੜੀ ਰਾਜਿਆਂ ਨੇ ਦਸਮੇਸ਼ ਵਿਰੁੱਧ ਔਰੰਗਜ਼ੇਬ ਅੱਗੇ ਫ਼ਰਿਆਦ ਕੀਤੀ ਤਾਂ ਔਰੰਗਜ਼ੇਬ ਨੇ ਪਹਾੜੀ ਰਾਜਿਆਂ ਦੀ ਮਦਦ ਲਈ ਲਾਹੌਰ ਅਤੇ ਸਰਹੰਦ ਦੇ ਸੂਬੇਦਾਰਾਂ ਨੂੰ ਫੁਰਮਾਨ ਜਾਰੀ ਕਰ ਦਿੱਤੇ। ਇਸ ਤਰਾਂ ਲਾਹੌਰ, ਸਰਹੰਦ ਅਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਦੀ ਵੱਡੀ ਗਿਣਤੀ ਫ਼ੌਜ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਗੁਰੂ ਜੀ ਦੇ ਸੂਰਬੀਰ ਯੋਧਿਆਂ ਨੇ ਕਈ ਮਹੀਨੇ ਡਟ ਕੇ ਬਹਾਦਰੀ ਨਾਲ ਮੁਕਾਬਲਾ ਕੀਤਾ। ਖ਼ਾਲਸਾ ਫ਼ੌਜ ਦੇ ਛਾਪਾਮਾਰ ਹਮਲਿਆਂ ਨਾਲ ਦੁਸ਼ਮਣ ਦੇ ਹੌਸਲੇ ਪਸਤ ਹੋ ਗਏ ਓਧਰ ਲੰਮੇ ਸਮੇਂ ਤੱਕ ਨਿੱਤ ਦੀ ਲੜਾਈ ਕਾਰਨ ਹੋ ਰਹੀਆਂ ਸ਼ਹੀਦੀਆਂ ਕਰਕੇ ਖ਼ਾਲਸਾ ਫ਼ੌਜ ਦੀ ਗਿਣਤੀ ਵੀ ਘਟਦੀ ਜਾ ਰਹੀ ਸੀ। ਰਸਦ-ਪਾਣੀ ਵੀ ਮੁੱਕੀ ਜਾ ਰਿਹਾ ਸੀ ਪਰ ਸਿੰਘਾਂ ਨੇ ਆਪਣਾ ਸਾਹਸ ਨਹੀਂ ਛੱਡਿਆ। ਦੁਸ਼ਮਣਾਂ ਵੱਲੋਂ ਖਾਧੀਆਂ ਕਸਮਾਂ ਉਪਰੰਤ 6-7 ਪੋਹ ਬਿਕਰਮੀ ਸੰਮਤ 1761 ਦੀ ਰਾਤ ਨੂੰ ਗੁਰੂ ਜੀ ਨੇ ਆਨੰਦਪੁਰ ਸਾਹਿਬ ਨੂੰ ਛੱਡ ਦਿੱਤਾ। ਕਿਲਾ ਖਾਲੀ ਕਰਕੇ ਹਾਲੀ ਗੁਰੂ ਜੀ ਕੀਰਤਪੁਰ ਵੀ ਨਹੀਂ ਪਹੁੰਚੇ ਸਨ ਕਿ ਦੁਸ਼ਮਣ ਫ਼ੌਜਾਂ ਨੇ ਸਭ ਕਸਮਾਂ ਤੋੜ ਕੇ ਪਿੱਛੋਂ ਹਮਲਾ ਕਰ ਦਿੱਤਾ।

(ਚਲਦਾ...)


ਵਾਰਿਸ ਪੰਜਾਬ ਦੇ
ਆਉ ਪੰਜਾਬ ਦੇ ਵਾਰਿਸੋ "ਵਾਰਿਸ ਪੰਜਾਬ ਦੇ"
ਮੁਹਿੰਮ ਲਈ ਰਜਿਸਟਰ ਕਰੋ
ਮੈਂ ਹਾਂ ਵਾਰਿਸ ਪੰਜਾਬ ਦਾ!
ਪੰਜਾਬ ਦੇ ਵਾਰਿਸੋ ਆਉ ਵਾਰਿਸ ਪੰਜਾਬ ਦੇ ਮੁਹਿੰਮ ਵਿੱਚ ਆਪਣੀ ਸ਼ਮੂਲੀਅਤ ਕਰਕੇ
ਪੰਜਾਬ ਦਾ ਆਪਣਾ ਪੰਜਾਬ ਕ੍ਰੇਂਦਿਤ ਖੇਤੀਬਾੜੀ ਮਾਡਲ ਉਸਾਰਨ ਲਈ ਸੰਵਾਦ
ਆਰੰਭੀਏ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਰਜਿਸਟਰ ਕਰੋ।
WWW.WARISPUNJABDE.ORG

## ਅੱਖੀਂ ਡਿੱਠਾ ਕਿਸਾਨੀ ਸੰਘਰਸ਼

# ਪੁਰਾਤਨ ਸਿੰਘਾਂ ਦਾ ਇਤਿਹਾਸ ਚੇਤੇ ਕਰਵਾ ਰਿਹਾ ਏ ਸੋਚ 'ਸਿੰਘੂ ਬਾਰਡਰ'



- ਗੁਰਮੀਤ ਸਿੰਘ ਪਲਾਹੀ
9815802070

ਦਸੰਬਰ ਪੰਦਰਾਂ ਨੂੰ ਸਿੰਘੂ ਬਾਰਡਰ ਦੀ ਧਰਤੀ 'ਤੇ ਪੁੱਜਦਿਆਂ ਅਸੀਂ ਮਹਿਸੂਸ ਕੀਤਾ ਕਿ ਸਿੰਘੂ ਬਾਰਡਰ ਕੋਈ ਜੰਗ ਦਾ ਮੈਦਾਨ ਨਹੀਂ ਹੈ। ਸਿੰਘੂ ਬਾਰਡਰ ਸੰਘਰਸ਼ ਦਾ ਮੈਦਾਨ ਹੈ, ਜਿੱਥੇ ਹੱਕ-ਸੱਚ ਲਈ ਲੜਾਈ ਲੜੀ ਜਾ ਰਹੀ ਹੈ। ਇੱਕ ਇਹੋ ਜਿਹੀ ਲੜਾਈ, ਜਿਸ ਵਿੱਚ ਇੱਕ ਪਾਸੇ ਉਸਾਰੂ ਸੋਚ ਵਾਲੇ ਚੇਤੰਨ ਮਨੁੱਖ ਹਨ, ਆਪਣੀ ਹੋਂਦ ਨੂੰ ਖ਼ਤਰੇ ਤੋਂ ਸੁਚੇਤ ਅਤੇ ਦੂਜੇ ਪਾਸੇ ਉਹ ਲੋਕ ਹਨ ਜੋ ਦੇਸ਼ ਨੂੰ ਮੱਧ ਯੁੱਗੀਂ ਵਰਤਾਰੇ ਵੱਲ, ਵਿਗਿਆਨ ਦਾ ਮੁਲੰਮਾ ਚੜਾ ਕੇ, ਇੱਕ ਸੋਚੀ ਸਮਝੀ ਚਾਲ ਅਧੀਨ, ਲੈ ਕੇ ਜਾਣਾ ਚਾਹੁੰਦੇ ਹਨ ਉਸ ਗ਼ੁਲਾਮੀ ਦੇ ਦੌਰ ਵੱਲ, ਜਿੱਥੇ ਮਨੁੱਖ ਦੀ ਕੀਮਤ ਕੁਝ ਦਮੜਿਆਂ ਤਕ ਸੀਮਤ ਹੋ ਕੇ ਰਹਿ ਜਾਂਦੀ ਹੈ। ਧਨ ਅਤੇ ਤਾਕਤ ਦੀ ਹਵਸ ਦੇ ਸ਼ਿਕਾਰ ਦੇਸ਼ ਦੇ ਹਾਕਮਾਂ ਨੇ ਆਮ ਲੋਕਾਂ ਨੂੰ ਕੋਝੇ ਜਿਹੇ ਸਵਾਲ ਪਾ ਦਿੱਤੇ ਹਨ। ਇਹਨਾਂ ਸਵਾਲਾਂ ਦਾ ਜਵਾਬ ਲੋਕਾਂ ਨੇ ਇੱਕ ਮੁੱਠ ਹੋ ਕੇ, ਸਾਰੇ ਗਿਲੇ-ਸ਼ਿਕਵੇ ਭੁੱਲਾ ਕੇ ਦਿੱਤਾ ਹੈ। ਜਾਤਾਂ ਧਰਮਾਂ ਦਾ ਵਖਰੇਵਾਂ, ਸਰਹੱਦਾਂ ਦੀ ਵੰਡ, ਉੱਚੇ ਅਤੇ ਨੀਵੇਂ ਦਾ ਫ਼ਰਕ, ਉਹਦੀ ਸੋਚ ਦੇ ਹੇਠਲੇ ਪਾਸੇ ਤੁਰ ਗਿਆ ਹੈ ਅਤੇ ਮਘਦੇ ਅੰਗਾਰਿਆਂ ਵਾਲੀ ਸੋਚ ਉਸ ਦੀ ਪਹਿਲ ਬਣ ਗਈ ਹੈ। ਮਣਾਂ-ਮੂੰਹੀ ਜੋਸ਼ ਨਾਲ ਭਰੇ ਆਪਣੇ ਨਿਸ਼ਾਨੇ ਤਕ ਪੁੱਜਣ ਲਈ ਸੁਚੇਤ, ਇਹ ਜੁਝਾਰੂ ਲੋਕ ਪੋਹ-ਮਾਘ ਦੀਆਂ ਠੰਢੀਆਂ ਝੱਖ ਰਾਤਾਂ ਵੀ ਨਿੱਘ ਨਾਲ ਕੱਟ ਰਹੇ ਹਨ, ਉਹ ਨਿੱਘ ਜਿਹੜਾ ਉਨਾਂ ਦੇ ਜਿਸਮਾਂ ਨਾਲੋਂ ਵੱਧ ਰੂਹਾਂ ਵਿੱਚ ਸਮਾਇਆ ਹੋਇਆ ਹੈ। ਉਹ ਨਿੱਘ ਜਿਸ ਨੇ ਉਨਾਂ ਨੂੰ ਜ਼ਿੰਦਗੀ ਜਿਊਣ ਦਾ ਨਵਾਂ ਰਸਤਾ ਵਿਖਾਇਆ ਹੈ। ਉਹ ਨਿੱਘ ਜਿਸ ਨੇ ਉਨਾਂ ਵਿੱਚ ਸਵੈ ਭਰੋਸਾ, ਆਦਰ ਮਾਣ, ਊਰਜਾ ਤੇ ਸ਼ਕਤੀ ਪੈਦਾ ਕੀਤੀ ਹੈ ਅਤੇ ਇਸੇ ਨਿੱਘ ਨੇ ਆਪਣੇ ਦੁਸ਼ਮਣ ਦੀ ਪਛਾਣ ਕਰਕੇ ਉਸ ਨਾਲ ਲੋਹਾ ਲੈਣ ਦਾ ਬਲ ਬਖ਼ਸ਼ਿਆ ਹੈ।

ਮੈਨੂੰ ਹੀ ਨਹੀਂ, ਹਰ ਕਿਸੇ ਨੂੰ ਇਹ ਜਾਪਣ ਲੱਗ ਪਿਆ ਹੈ ਕਿ ਸਿੰਘੂ ਬਾਰਡਰ 'ਤੇ ਗੱਲ ਹੁਣ ਤਿੰਨਾਂ ਜਾਂ ਪੰਜਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਦੀ ਨਹੀਂ ਰਹੀ, ਇਹ ਗੱਲ ਹੁਣ ਜਾਬਰਾਂ ਦੇ ਜਬਰ ਵਿਰੁੱਧ ਸ਼ਾਂਤਮਈ ਢੰਗ ਨਾਲ ਉਨਾਂ ਹੱਕਾਂ ਦੀ ਪ੍ਰਾਪਤੀ ਤਕ ਪੁੱਜ ਗਈ ਹੈ, ਜਿਹੜੇ ਨਿਰਦਈ, ਸ਼ਾਤਰ ਹਾਕਮਾਂ ਨੇ ਕੋਝੀਆਂ ਚਾਲਾਂ ਨਾਲ ਹਥਿਆ ਲਏ ਹਨ। ਚੰਗੇਰੀ ਸੋਚ ਦੀ ਇਹ ਚਿਣਗ ਹੁਣ ਮਘਦੀ ਮਘਦੀ ਭਾਂਬੜ



ਦਾ ਰੂਪ ਲੈ ਕੇ ਸਿੰਘੂ ਬਾਰਡਰ ਜਾਂ ਟਿੱਕਰੀ ਬਾਰਡਰ 'ਤੇ ਨਹੀਂ ਦੇਸ਼, ਵਿਦੇਸ਼ ਵਿੱਚ ਹਰ ਉਸ ਥਾਂ ਤਕ ਪੁੱਜ ਚੁੱਕੀ ਹੈ, ਜਿੱਥੇ ਰੌਸ਼ਨ ਦਿਮਾਗ਼ ਲੋਕ ਵੱਸਦੇ ਹਨ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਅਤੇ ਜ਼ੁਲਮ ਵਿਰੁੱਧ ਸੰਘਰਸ਼ੀ ਸੋਚ ਰੱਖਦੇ ਹਨ। ਜਿਵੇਂ ਕਿ ਮੇਰੇ ਮਨ ਨੇ ਪ੍ਰਵਾਨਿਆ ਕਿ ਸਿੰਘੂ ਬਾਰਡਰ 'ਤੇ ਪੁੱਜਣਾ ਕਿਸੇ ਪਵਿੱਤਰ ਤੀਰਥ ਸਥਾਨ 'ਤੇ ਪੁੱਜਣ ਤੋਂ ਘੱਟ ਨਹੀਂ ਹੈ। ਮੀਲਾਂ ਦੂਰ ਤਕ ਟਰਾਲੀਆਂ ਵਾਲੇ ਘਰ, ਪੁਰਾਤਨ ਸਮੇਂ ਜੰਗਲਾਂ ਵਿੱਚ ਘੋੜਿਆਂ ਉੱਤੇ ਬਣਾਏ ਘਰਾਂ ਵਾਂਗ ਜਾਪੇ। ਹਰ ਪਾਸੇ ਸਮਾਜ ਸੇਵੀ, ਗੁਰਦੁਆਰਾ ਸਾਹਿਬਾਨਾਂ ਵੱਲੋਂ ਲਗਾਏ ਖਾਣ ਪੀਣ, ਪਹਿਨਣ, ਰਹਿਣ-ਸਹਿਣ ਦੀਆਂ ਵਸਤੂਆਂ ਦੇ ਲੰਗਰ ਦੀ ਭਰਮਾਰ ਤਾਂ ਵੇਖਣ ਨੂੰ ਮਿਲੀ ਹੀ, ਪਰ ਕਿਸਾਨਾਂ ਵੱਲੋਂ ਆਪਣੀਆਂ ਟਰਾਲੀਆਂ ਵਿੱਚ ਬਣਾਏ ਘਰਾਂ ਵਿੱਚ ਔਰਤਾਂ/ਲੜਕੀਆਂ ਵੱਲੋਂ ਬਣਾਇਆ ਆਪਣਾ ਲੰਗਰ ਵੀ ਪੱਕਦਾ ਦੇਖਿਆ। ਪੰਜਾਬੋਂ ਹੀ ਨਹੀਂ, ਹਰਿਆਣਾ, ਯੂ.ਪੀ., ਮਹਾਰਾਸ਼ਟਰ ਅਤੇ ਹੋਰ ਸੂਬਿਆਂ ਤੋਂ ਆਏ ਕਿਸਾਨ ਜਿੱਥੇ ਆਪਸੀ ਭਾਈਚਾਰੇ ਤੇ ਇੱਕਮੁੱਠਤਾ ਦੀ ਤਸਵੀਰ ਪੇਸ਼ ਕਰਦੇ ਨਜ਼ਰ ਆਏ, ਉੱਥੇ ਇੰਜ ਜਾਪਿਆ ਜਿਵੇਂ ਮਨੁੱਖ ਇੱਕੋ ਜਿਹੀਆਂ ਲੋੜਾਂ, ਇੱਕੋ ਜਿਹੀਆਂ ਥੋੜਾ ਵਿੱਚ ਆਪਸੀ ਤਾਲਮੇਲ ਕਿਵੇਂ ਕਰਦੇ ਹਨ ਤੇ ਕਿਵੇਂ ਸਾਂਝਾਂ ਪੀਡੀਆਂ ਕਰਦੇ ਹਨ।

ਸਟੇਜ ਦਾ ਨਜ਼ਾਰਾ ਹੀ ਵੱਖਰਾ ਸੀ, ਕਿਸਾਨ ਧੁੱਪ ਵਿੱਚ ਬੈਠੇ ਸਨ। ਬੁਲਾਰੇ ਗੱਲ ਕਰਦੇ ਸਨ। ਲੋਕ ਉਨਾਂ ਦੀ ਹਰ ਉਸ ਗੱਲ ਉੱਤੇ ਭਰਵਾਂ ਹੁੰਗਾਰਾ ਭਰਦੇ ਸਨ। ਜਿਹੜੀ ਗੱਲ ਉਨਾਂ ਦੇ ਮਨ ਨੂੰ ਛੂੰਹਦੀ ਸੀ, ਬੋਲੇ ਸੋ ਨਿਹਾਲ ਦਾ ਜੈਕਾਰਾ ਗੂੰਜਦਾ ਸੀ। ਫਿਰ ਚੁੱਪ ਛਾ ਜਾਂਦੀ ਸੀ। ਗੱਲ ਅੱਗੇ ਤੁਰਦੀ ਸੀ। ਸਵੇਰ ਤੋਂ ਸ਼ਾਮ ਦੇਰ ਤਕ ਸਟੇਜ ਉੱਤੇ ਗੀਤ, ਕਵਿਤਾਵਾਂ, ਭਾਸ਼ਣ, ਨਾਟਕਾਂ ਦੀ ਪੇਸ਼ਕਾਰੀ ਹੋਈ। ਅਨੁਸ਼ਾਸਨ ਇੰਨਾ ਕਿ ਕੋਈ ਰੌਲ਼ਾ-ਰੱਪਾ ਨਹੀਂ। ਕੋਈ ਖਿੱਚ-ਧੂਹ ਨਹੀਂ। ਪ੍ਰਬੰਧਕ ਲੋਕਾਂ ਦੇ ਚੁਣੇ ਹੋਏ। ਲੋਕਾਂ ਦੀ ਸਲਾਹ ਨਾਲ ਗੱਲ ਕਰਨ ਵਾਲੇ। ਠਰੰਮੇ ਨਾਲ ਸਰਕਾਰ ਤਕ ਗੱਲ ਪਹੁੰਚਾਉਣ ਵਾਲੇ। ਪਲ ਪਲ ਦੀ ਖ਼ਬਰ ਲੋਕਾਂ ਨਾਲ ਸਾਂਝੀ ਕਰਨ ਵਾਲੇ। ਸਿੱਧੇ ਸਾਦੇ ਲੋਕਾਂ ਨਾਲ ਸਿੱਧੀ ਸਾਦੀ ਗੱਲ, ਕੋਈ ਲੁਕੋ ਨਹੀਂ - ਕੋਈ ਚਤੁਰਾਈ ਨਹੀਂ। ਸੱਭ ਕੁਝ ਸਪੱਸ਼ਟ ਤੇ ਤਰਕ ਨਾਲ, ਇਹੋ ਇਸ ਅੰਦੋਲਨ ਦੀ ਪ੍ਰਾਪਤੀ ਹੈ।

ਮਹਿਸੂਸ ਕੀਤਾ ਦਗਦੇ-ਮਘਦੇ ਲੋਕ ਅੰਦੋਲਨ ਜਿੱਤਣਗੇ। ਮਹਿਸੂਸ ਕੀਤਾ ਜੇਕਰ ਕੁਝ ਹਾਲਤਾਂ ਵਿੱਚ ਸਰਕਾਰ ਦੀ ਚਤੁਰਾਈ ਦਾ ਸ਼ਿਕਾਰ ਵੀ ਹੋ ਗਏ ਤਦ ਵੀ ਇਸ ਅੰਦੋਲਨ ਦੀਆਂ ਪ੍ਰਾਪਤੀਆਂ ਵੱਡੀਆਂ ਹੋਣਗੀਆਂ ਕਿਉਂਕਿ ਸਦੀ ਬਾਅਦ ਪੈਦਾ ਹੋਏ ਇਸ ਜਨ ਮਾਣਸ ਅੰਦੋਲਨ ਨੇ ਪੰਜਾਬ ਦੇ ਦਾਗ਼ ਧੋ ਦਿੱਤੇ ਹਨ। ਪੰਜਾਬੀ ਨੌਜਵਾਨ ਨਸ਼ਈ ਹਨ, ਪੰਜਾਬੀ ਆਤੰਕਵਾਦੀ ਹਨ, ਪੰਜਾਬੀ ਅਨਪੜ ਕੌਮ ਹਨ, ਵਰਗੇ ਹਕੂਮਤਾਂ ਵੱਲੋਂ ਮੜੇ ਕਾਲੇ ਦਾਗ਼ ਧੋਤੇ ਗਏ ਹਨ। ਪੰਜਾਬੀਆਂ ਨੇ ਮੁੜ ਸਿੱਧ ਕਰ ਦਿੱਤਾ ਹੈ ਕਿ ਦੇਸ਼ ਵਿੱਚ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਵਾਲੇ, ਦੇਸ਼ ਦੇ ਲੋਕਾਂ ਨੂੰ ਸਮੇਂ ਸਮੇਂ ਸੰਘਰਸ਼ਾਂ ਰਾਹ ਪਾਉਣ ਵਾਲੇ ਪੰਜਾਬੀ ਹਨ, ਜਿਨਾਂ ਦਾ ਵਿਰਸਾ ਮਹਾਨ ਹੈ। ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਜਿਨਾਂ ਦੇ ਪੁਰਖੇ ਈਨ ਮੰਨਣ ਨੂੰ ਨਹੀਂ, ਸ਼ਹੀਦੀਆਂ ਪਾਉਣ ਨੂੰ ਤਰਜੀਹ ਦਿੰਦੇ ਰਹੇ ਹਨ। ਸਿਦਕ ਨਾਲ ਲੜਦੇ ਰਹੇ ਹਨ, ਲੋਕਾਂ ਖ਼ਾਤਰ ਮਰਦੇ ਰਹੇ ਹਨ।

ਸ਼ਰਧਾ ਨਾਲ ਸਿਰ ਝੁਕਿਆ ਇਹ ਵੇਖਕੇ ਕਿ ਲੋਕਾਂ ਦੇ ਇਕੱਠ ਵਿੱਚ ਬਜ਼ੁਰਗ ਵੀ ਹਨ 80-85 ਸਾਲਾਂ ਦੇ ਅਤੇ ਬੱਚੇ ਵੀ, ਦੋ ਚਾਰ ਸਾਲਾਂ ਦੇ। ਨੌਜਵਾਨਾਂ ਨੇ ਤਾਂ ਵਹੀਰਾਂ ਘੱਤੀਆਂ ਹੋਈਆਂ ਹਨ। ਲੜਕੀਆਂ, ਔਰਤਾਂ ਵੀ ਘੱਟ ਨਹੀਂ। ਪੰਜਾਬ ਦੇ ਹਰ ਪਿੰਡ ਦੀ ਟਰਾਲੀ ਦਿੱਲੀ ਦੇ ਰਾਹ ਹੈ।

ਨੌਜਵਾਨ ਫੇਸਬੁੱਕ, ਇੰਸਟਾਗ੍ਰਾਮ ਅਤੇ ਪ੍ਰਚਾਰ ਦੇ ਹਰ ਸਾਧਨ ਦੀ ਵਰਤੋਂ ਕਰਕੇ ਆਪਣਾ ਪੱਖ ਪੇਸ਼ ਕਰ ਰਹੇ ਹਨ। ਕਰਨ ਵੀ ਕਿਉਂ ਨਾ, ਮਸਾਂ ਉਹਨਾਂ ਹੱਥ ਸਮਾਂ ਆਇਆ ਹੈ, ਆਪਣੀ ਤਾਕਤ ਦਿਖਾਉਣ ਦਾ, ਆਪਣੀ ਲਿਆਕਤ ਦਿਖਾਉਣ ਦਾ, ਆਪਣੇ ਦੇਸ਼ ਤੋਂ 'ਜ਼ਾਲਮ ਹਕੂਮ' ਦੀ ਬੇਦਖ਼ਲੀ ਦਾ।

ਆਪਣੇ ਪਿੰਡੋਂ, ਆਪਣੇ ਸ਼ਹਿਰੋਂ ਨਾਲ ਗਏ ਪੇਂਡੂ ਭਰਾਵਾਂ ਨਾਲ ਇਸ ਇਕੱਠ ਦਾ ਲੰਮਾ ਚੱਕਰ ਲਾਇਆ। ਇਹ ਮੇਲਾ ਨਹੀਂ, ਲੋਕਾਂ ਦਾ ਮੇਲ ਜਾਪਿਆ ਇਹ ਇਕੱਠ। ਗੂੰਜਦੇ ਖ਼ਾਲਸਾ ਜੀ ਦੇ ਜੈਕਾਰੇ, ਟਰਾਲੀਆਂ 'ਤੇ ਨਾਹਰੇ ਹਨ ਤੇ ਸਟੇਜ ਦੇ ਕੜਕਵੇਂ ਬੋਲ ਹਨ। ਕਿਧਰੇ ਚੈਨਲਾਂ ਵਾਲੇ ਲੋਕਾਂ ਤੋਂ ਸਵਾਲ ਪੁੱਛਦੇ ਹਨ, ਤੁਸੀਂ ਇੱਥੇ ਕਿਉਂ ਆਏ ਹੋ? ਸਪੱਸ਼ਟ ਜਵਾਬ ਹੈ, ਆਮ ਬੰਦੇ ਦਾ ਵੀ ਕਿ ਕਾਲੇ ਖੇਤੀ ਕਾਨੂੰਨ ਰੱਦ ਕਰਵਾਉਣ ਲਈ। ਉਹ ਪੁੱਛਦੇ ਹਨ ਕਿਉਂ? ਜਵਾਬ ਮਿਲਦਾ ਹੈ, ਕਿ ਇਹ ਸਾਡੇ ਹਿਤ ਵਿੱਚ ਨਹੀਂ। ਮਨ ਭਰ ਆਉਂਦਾ ਹੈ ਕਿ ਜੇਕਰ ਇਹ ਕਾਨੂੰਨ ਕਿਸਾਨਾਂ ਦੇ ਹਿਤ ਵਿੱਚ ਨਹੀਂ ਤਾਂ ਜ਼ਬਰਦਸਤੀ ਕਿਉਂ ਲੱਦੇ ਜਾ ਰਹੇ ਹਨ।

ਪਰ ਫਿਰ ਵਿਵੇਕ ਨਾਲ ਸੋਚਦਾ ਹਾਂ ਕਿ ਜਾਬਰ ਹਕੂਮਤਾਂ ਦੀ ਪਹਿਲ ਲੋਕਾਂ ਦੇ ਹਿਤ ਨਹੀਂ ਹੁੰਦੀ, ਉਨਾਂ ਦੀ ਪਹਿਲ ਤਾਂ ਕੁਰਸੀ ਹੈ, ਜਿਸ ਨੂੰ ਹਥਿਆਉਣ ਲਈ ਉਹ ਹਰ ਹਰਬਾ ਵਰਤਦੇ ਹਨ। ਕੁਰਸੀ ਹਥਿਆਉਣ ਲਈ ਧਨ ਚਾਹੀਦਾ ਹੈ। ਹਾਕਮਾਂ ਨੂੰ ਧਨ ਧਨ-ਕੁਬੇਰਾਂ ਨੇ ਹੀ ਦੇਣਾ ਹੈ ਤੇ ਧਨ ਕੁਬੇਰ ਕਿਸਾਨ ਦੀ ਜ਼ਮੀਨ ਹਥਿਆਉਣਾ ਚਾਹੁੰਦੇ ਹਨ ਤੇ ਜ਼ਮੀਰ ਵੀ। ਪਰ ਕਿਸਾਨਾਂ ਦਾ ਨਾਹਰਾ ਇਕੱਠ ਵਿੱਚ ਗੂੰਜਦਾ ਹੈ- 'ਸਾਡੀ ਜ਼ਮੀਰ ਜ਼ਿੰਦਾ ਹੈ, ਜ਼ਿੰਦਾ ਰਹੇਗੀ।'

---

## ਸੁਤੰਤਰ ਭਾਰਤ ਵਿਚ ਅਜੋਕਾ

ਜਿੱਥੇ ਵੀ ਅਕਾਲ ਨਾਲ ਮੌਤਾਂ ਹੋਈਆਂ ਸਨ, ਉਹ ਅਨਾਜ ਦੀ ਕਮੀ ਨਾਲ ਨਹੀਂ ਸਗੋਂ ਪੈਸੇ ਦੀ ਕਮੀ ਜਾਂ ਖ਼ਰੀਦ ਸ਼ਕਤੀ ਦੀ ਕਮੀ ਕਰਕੇ ਹੋਈਆਂ ਹਨ, ਜਿਨਾਂ ਦੀ ਵੱਡੀ ਵਜਾ ਜਮਾਖ਼ੋਰੀ ਹੈ। ਕਿਸੇ ਦੀ ਜ਼ਰੂਰਤ ਵਸਤੂ ਦੀ ਜਮਾਖ਼ੋਰੀ ਦੀ ਇਜਾਜ਼ਤ ਦੇ ਬੁਰੇ ਪ੍ਰਭਾਵ ਹੋ ਸਕਦੇ ਹਨ, ਜਿਹੜੇ ਉਸ ਨਾਲ ਉਸ ਵਸਤੂ ਦੀਆਂ ਕੀਮਤਾਂ ਅਤੇ ਅਗਲੇ ਸਾਲ ਹੋਣ ਵਾਲੇ ਉਤਪਾਦਨ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਭਾਰਤ ਦੁਨੀਆ ਦਾ ਇਕੱਲਾ ਉਹ ਦੇਸ਼ ਹੈ ਜਿੱਥੇ 67 ਫ਼ੀਸਦੀ ਵਸੋਂ ਨੂੰ ਖ਼ੁਰਾਕ ਸੁਰੱਖਿਆ ਦੇ ਘੇਰੇ ਵਿਚ ਲਿਆਂਦਾ ਗਿਆ ਹੈ, ਜਿਸ ਨਾਲ 100 ਕਰੋੜ ਦੇ ਕਰੀਬ ਵਸੋਂ ਨੂੰ ਹਰ ਮਹੀਨੇ ਸਸਤਾ ਅਨਾਜ ਦਿੱਤਾ ਜਾਂਦਾ ਹੈ ਇਹ ਤਾਂ ਹੀ ਸੰਭਵ ਹੋ ਸਕਿਆ ਹੈ ਕਿ ਸਰਕਾਰ ਕਣਕ ਅਤੇ ਝੋਨੇ ਨੂੰ ਕਟਾਈ ਦੇ ਸਮੇਂ 'ਤੇ ਖ਼ਰੀਦ ਕੇ ਵੱਡੇ ਭੰਡਾਰ ਜਮਾਂ ਕਰ ਲੈਂਦੀ ਹੈ ਪਰ ਜੇ ਇਹੋ ਸਟਾਕ ਨਿੱਜੀ ਵਪਾਰੀਆਂ ਕੋਲ ਹੁੰਦੇ ਤਾਂ ਸਰਕਾਰ ਇਸ ਵਿਵਸਥਾ ਜਾਂ ਤਾਂ ਕਰਨ ਵਿਚ ਮੁਸ਼ਕਿਲ ਮਹਿਸੂਸ ਕਰਦੀ ਜਾਂ ਨਿੱਜੀ ਵਪਾਰੀਆਂ ਕੋਲ ਬਹੁਤ ਮਹਿੰਗੀਆਂ ਕੀਮਤਾਂ 'ਤੇ ਖ਼ਰੀਦਦੀ ਅਤੇ ਸਰਕਾਰ ਤੇ ਇਸ ਦਾ ਬੋਝ ਵਧਦਾ, ਇਸ ਤਰਾਂ ਹੀ ਹੋਰ ਜ਼ਰੂਰੀ ਵਸਤੂਆਂ ਦੀ ਹਾਲਤ ਵਿਚ ਵੀ ਹੋ ਸਕਦਾ ਹੈ।

ਕਿਸਾਨ ਯੂਨੀਅਨਾਂ ਦੇ ਨੇਤਾਵਾਂ ਨਾਲ ਚਰਚਾ ਕਰਨ ਨਾਲ ਸਰਕਾਰ ਨੇ ਕਾਨੂੰਨ ਵਿਚ ਊਣਤਾਈਆਂ ਨੂੰ ਦੂਰ ਕਰਨ ਲਈ ਸੋਧਾਂ ਦੀ ਤਜਵੀਜ਼ ਕੀਤੀ ਹੈ, ਉਨਾਂ ਤਜਵੀਜ਼ਾਂ ਨੂੰ ਇਸ ਪੱਖ ਤੋਂ ਵਿਚਾਰਨਾ ਚਾਹੀਦਾ ਹੈ, ਜਿਸ ਨਾਲ ਖੇਤੀ ਖੇਤਰ ਵਿਚ ਹੋਰ ਰੁਜ਼ਗਾਰ ਅਤੇ ਆਮਦਨ ਵਧਣ ਦੀ ਸਮਰੱਥਾ ਬਣੇ। ਭਾਵੇਂ ਕਿ ਘੱਟੋ-ਘੱਟ ਸਮਰਥਨ ਮੁੱਲ 'ਤੇ ਵਸਤੂਆਂ ਦੀ ਖ਼ਰੀਦ ਕਰਨੀ ਕੋਈ ਕਾਨੂੰਨ ਨਹੀਂ ਪਰ ਕੇਰਲਾ ਸਰਕਾਰ ਦੀ ਤਰਜ਼ 'ਤੇ ਕਣਕ ਅਤੇ ਝੋਨੇ ਤੋਂ ਇਲਾਵਾ ਉਹ ਫਸਲਾਂ ਜਿਹੜੀਆਂ ਕਿਸੇ ਪ੍ਰਾਂਤ ਦੀਆਂ ਪ੍ਰਮੁੱਖ ਫਸਲਾਂ ਹਨ, ਉਨਾਂ ਦਾ ਯਕੀਨੀ ਮੰਡੀਕਰਨ, ਕੇਂਦਰ ਸਰਕਾਰ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ ਨਾਲ ਮਿਲ ਕੇ ਬਣਾਉਣ ਦੀ ਵਿਵਸਥਾ ਜ਼ਰੂਰ ਬਣਨੀ ਚਾਹੀਦੀ ਹੈ। ਅੱਜ ਕੱਲ ਭਾਵੇਂ ਕਿ 23 ਫ਼ਸਲਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦਾ ਐਲਾਨ ਕੀਤਾ ਜਾਂਦਾ ਹੈ ਪਰ ਖ਼ਰੀਦੀਆਂ ਸਿਰਫ਼ ਕਣਕ ਅਤੇ ਝੋਨਾ ਹੀ ਜਾਂਦੀਆਂ ਹਨ। ਉਹ ਵੀ ਉਨਾਂ ਮੰਡੀਆਂ ਵਿਚ ਜਿਨਾਂ ਵਿਚ ਨਿਯਮਤ ਮੰਡੀਕਰਨ ਹੈ ਅਤੇ ਸਰਕਾਰ ਦੀ ਨਿਗਰਾਨੀ ਹੈ। ਇਨਾਂ ਕਾਨੂੰਨਾਂ ਵਿਚ ਸਰਕਾਰ ਦੀ ਮੰਡੀਕਰਨ ਤੇ ਨਿਗਰਾਨੀ ਘਟਣ ਬਾਰੇ ਸੰਦੇਹ ਦੂਰ ਕਰਨੇ ਆਮ ਵਿਅਕਤੀ ਅਤੇ ਸਮੁੱਚੇ ਸਮਾਜ ਦੇ ਹਿਤ ਵਿਚ ਹਨ।

## ਪਾਣੀ ਦੀਆਂ ਬੌਛਾੜਾਂ ਤੇ...

ਜੇ ਮੋਦੀ ਸਰਕਾਰ ਨੇ ਸਾਡੇ ਖੇਤ ਹੀ ਲੈ ਲਏ ਤਾਂ ਅਸੀਂ ਖਾਵਾਂਗੇ ਕੀ। ਜਿਉਂਦੇ ਕਿਵੇਂ ਰਹਾਂਗੇ?' ਲੜਕੇ ਨੇ ਦੱਸਿਆ ਕਿ ਉਹ ਆਪਣੇ ਸਕੂਲ ਦਾ ਕੰਮ ਇੱਥੇ ਬੈਠ ਕੇ ਹੀ ਕਰ ਰਿਹਾ ਹੈ।

ਬਾਰਾਂ ਸਾਲ ਦੇ ਇਸ ਬੱਚੇ ਦੀ ਮਾਂ ਅਮਨਦੀਪ ਕੌਰ (35 ਸਾਲ) ਦਾ ਪਤੀ ਨਹੀਂ ਹੈ। ਅਮਨਦੀਪ ਕੌਰ ਨੇ ਦੱਸਿਆ ਕਿ 'ਉਨਾਂ ਕੋਲ ਪੰਜ ਏਕੜ ਜ਼ਮੀਨ ਹੈ। ਜਦੋਂ ਅੰਦੋਲਨ ਸ਼ੁਰੂ ਹੋਇਆ ਤਾਂ ਉਸ ਦੀ ਸੱਸ ਨੇ ਉਸ ਨੂੰ ਇਸ ਮੋਰਚੇ ਵਿੱਚ ਸ਼ਾਮਿਲ ਹੋਣ ਲਈ ਭੇਜਿਆ ਹੈ। ਉਸ ਨੇ ਦੱਸਿਆ ਕਿ ਪਤੀ ਦੇ ਗੁਜ਼ਰਨ ਤੋਂ ਬਾਅਦ ਉਹ ਹੀ ਖੇਤੀ ਦਾ ਕੰਮ ਕਰ ਰਹੀ ਹੈ। ਅਸੀਂ ਆਪਣੇ ਖੇਤਾਂ ਨੂੰ ਬਚਾਉਣ ਲਈ ਲੜਾਈ ਲੜਾਂਗੇ।'

48 ਸਾਲਾ ਸੁਖਜੀਤ ਕੌਰ ਕਹਿੰਦੀ ਹੈ, 'ਹਰਿਆਣਾ ਵਿੱਚ ਸਾਡਾ ਸਾਹਮਣਾ ਬੈਰੀਕੇਡਾਂ ਨਾਲ ਵੀ ਹੋਇਆ ਸੀ। ਪੁਲਿਸ ਨੇ ਸਾਡੇ 'ਤੇ ਪਾਣੀ ਦੀਆਂ ਬੌਛਾੜਾਂ ਮਾਰੀਆਂ। ਪਰ ਅਸੀਂ ਗੁਰੂ ਉੱਪਰ ਡੋਰੀ ਛੱਡ ਦਿੱਤੀ ਤੇ ਡਟ ਕੇ ਮੁਕਾਬਲਾ ਕੀਤਾ। ਅਸੀਂ ਬੈਰੀਅਰ ਵੀ ਭੰਨੇ, ਇਹ ਰੁਕਾਵਟਾਂ ਵਾਲਾ ਮੋਰਚਾ ਫਤਹਿ ਕੀਤਾ। ਹੁਣ ਅਸੀਂ ਮੋਦੀ ਸਰਕਾਰ ਨੂੰ ਝੁਕਾ ਕੇ, ਆਪਣੇ ਹੱਕ ਲੈ ਕੇ ਵਾਪਸ ਮੁੜਾਂਗੇ। ਹਾਲ ਦੀ ਘੜੀ ਹੁਣ ਸਾਡਾ ਇਹੀ ਘਰ ਹੈ। ਸੁਖਜੀਤ ਕੌਰ ਨੇ ਕਿਹਾ, 'ਸਰਕਾਰ ਜਦੋਂ ਤੱਕ ਕਾਨੂੰਨ ਵਾਪਸ ਨਹੀਂ ਲੈਂਦੀ ਉਸ ਸਮੇਂ ਤੱਕ ਅਸੀਂ ਇੱਥੇ ਹੀ ਡਟੀਆਂ ਰਹਾਂਗੀਆਂ। ਅਸੀਂ ਲੋਹੜੀ ਵੀ ਇੱਥੇ ਹੀ ਮਨਾਵਾਂਗੀਆਂ। ਅਸੀਂ ਆਪਣੇ ਪੀਲੇ ਪਟਕੇ ਪਹਿਨ ਕੇ ਇੱਥੇ ਅੱਗ ਬਾਲਾਂਗੀਆਂ।' ਪਿੰਡ ਵਿੱਚ ਸੁਖਜੀਤ ਕੌਰ ਕੋਲ ਦਸ ਏਕੜ ਜ਼ਮੀਨ ਸੀ। ਉਨਾਂ ਦੇ ਨੂੰਹ ਪੁੱਤ ਹੀ ਖੇਤੀ ਨੂੰ ਦੇਖਦੇ ਹਨ।

ਇਸ ਜਥੇ ਵਿਚ ਕਈ ਆਪਣੇ ਪਤੀਆਂ ਦੇ ਨਾਲ ਆਈਆਂ ਸਨ ਤੇ ਕਈ ਆਪਣੇ ਰਿਸ਼ਤੇਦਾਰਾਂ ਨਾਲ। ਇਨਾਂ ਬੀਬੀਆਂ ਦੇ ਜਥੇ ਵਿੱਚ ਸ਼ਾਮਿਲ 20 ਸਾਲਾਂ ਦੀ ਅਮਨਪ੍ਰੀਤ ਕੌਰ ਨੇ ਕਿਹਾ ਕਿ ਪਹਿਲਾਂ ਉਸ ਨੇ ਐਮਏ ਕੀਤੀ, ਫਿਰ ਬੀ.ਐੱਡ.। ਪਰ ਨੌਕਰੀ ਨਹੀਂ ਮਿਲੀ। ਉਹ ਕਹਿੰਦੀ ਹੈ, ਮੋਦੀ ਸਰਕਾਰ ਨੇ ਤਿੰਨ ਕਾਨੂੰਨ ਬਣਾਏ ਹਨ ਪਰ ਉਹ ਸਾਡਾ ਉਜਾੜਾ ਕਰਨਗੇ।'

ਅਮਨਪ੍ਰੀਤ ਦੇ ਮਾਪਿਆਂ ਨੇ ਉਸ ਨੂੰ ਇੱਥੇ ਭੇਜਿਆ ਹੈ। ਉਸ ਨੇ ਕਿਹਾ ਕਿ ਉਹ ਇੱਥੇ ਛੇ ਮਹੀਨੇ ਤੱਕ ਰਹਿਣ ਦਾ ਮਨ ਬਣਾ ਕੇ ਆਈ ਹੈ।

ਜਥੇ ਵਿਚ ਸ਼ਾਮਲ ਬੀਬੀ ਜਸਬੀਰ ਕੌਰ ਨੇ ਦੱਸਿਆ, 'ਮੈਂ ਖੇਤਾਂ ਵਿੱਚ ਪਤੀ ਦੇ ਨਾਲ ਕੰਮ ਕਰਦੀ ਸੀ। ਮੈਂ ਘਰ ਦੇਖਦੀ ਸੀ। ਖੇਤਾਂ ਵਿੱਚ ਰੋਟੀ ਪਹੁੰਚਾਉਂਦੀ ਸੀ। ਉਸ ਨੇ ਕਿਹਾ ਕਿ ਬੀਬੀਆਂ ਦਾ ਇਨਾਂ ਖੇਤੀ ਕਾਨੂੰਨਾਂ ਖ਼ਿਲਾਫ਼ ਲੜਨਾ ਜ਼ਰੂਰੀ ਸੀ, ਕਿਉਂਕਿ ਇਨਾਂ ਕਾਲੇ ਕਾਨੂੰਨਾਂ ਦਾ ਅਸਰ ਉਨਾਂ 'ਤੇ ਸਭ ਤੋਂ ਵੱਧ ਪਵੇਗਾ। ਉਸ ਨੇ ਕਿਹਾ, 'ਇਹ ਸਾਡੇ ਲਈ ਧਰਮ ਯੁੱਧ ਹੈ।'

ਅਮਨਜੀਤ ਕੌਰ ਅਤੇ ਅਮਨਪ੍ਰੀਤ ਵਰਗੀਆਂ ਜਵਾਨ ਔਰਤਾਂ ਇੱਥੇ ਕੱਪੜੇ ਬਰਤਨ ਧੋਣ ਅਤੇ ਖਾਣਾ ਬਣਾਉਣ ਦਾ ਕੰਮ ਕਰ ਰਹੀਆਂ ਹਨ ਉੱਥੇ ਹੀ ਮਨਜੀਤ ਕੌਰ (72) ਅਤੇ ਗੁਰਦੀਪ ਕੌਰ (60) ਵਰਗੀਆਂ ਰਸੋਈ ਦੇ ਕੰਮ 'ਚ ਮਦਦ ਕਰਵਾ ਰਹੀਆਂ ਹਨ।

ਮਨਜੀਤ ਕੌਰ ਦਾ ਪਤੀ ਜਗਜੀਤ ਸਿੰਘ ਪਿੰਡ ਦਾ ਪ੍ਰਧਾਨ ਹੈ। ਉਨਾਂ ਕੋਲ ਵੀਹ ਏਕੜ ਜ਼ਮੀਨ ਹੈ। ਦੋ ਲੜਕੇ ਹਨ, ਜੋ ਉਨਾਂ ਦੀ ਗ਼ੈਰ-ਹਾਜ਼ਰੀ ਵਿਚ ਖੇਤੀ ਸੰਭਾਲ ਰਹੇ ਹਨ।

## ਮਾਣਯੋਗ ਇਤਿਹਾਸਕ...

ਕੰਮ ਕੀਤਾ ਹੈ। ਵਿਅਕਤੀਗਤ ਤੌਰ 'ਤੇ ਇੱਥੇ ਆ ਕੇ ਮੈਂ ਵੀ ਆਪਣੇ ਆਪ ਵਿਚ ਬਹੁਤ ਪਾਜ਼ੇਟਿਵ ਬਦਲਾਅ ਤੇ ਜੋਸ਼ ਮਹਿਸੂਸ ਕੀਤਾ । ਚਰਚਾ ਸੀ ਕਿ ਜੇ ਇਹ ਸਰਕਾਰਾਂ ਅੰਨ ਦਾਤੇ ਦਾ ਇਹ ਹਾਲ ਕਰ ਸਕਦੀਆਂ ਤਾਂ ਬਾਕੀ ਲੋਕਾਂ ਨੂੰ ਇਨਾਂ ਤੋਂ ਕੀ ਉਮੀਦ? ਏਨੀ ਵੱਡੀ ਗਿਣਤੀ 'ਚ ਲੋਕ , ਏਡਾ ਵੱਡਾ ਅੰਦੋਲਨ ਜੀਹਦਾ ਕੋਈ ਇਕ ਕਰਤਾ ਧਰਤਾ ਨਹੀਂ, ਆਪ ਮੁਹਾਰੇ ਸ਼ਾਂਤਮਈ, ਅਨੁਸ਼ਾਸਤ ਤਰੀਕੇ ਨਾਲ ਅਗਾਂਹ ਵਧਦਾ ਜਾ ਰਿਹਾ, ਕਿਉਂਕਿ ਇਸ ਨੂੰ ਸੇਧ ਦੇਣ ਵਾਲਾ ਖ਼ੁਦ ਸਾਡਾ ਕੁਰਬਾਨੀਆਂ ਭਰਿਆ ਇਤਿਹਾਸ ਹੈ। ਜਦੋਂ ਓਥੇ ਲੋਕਾਂ ਨੂੰ ਠੰਡ ਲਗਦੀ ਹੈ ਤਾਂ ਸਰਹੰਦ ਦੇ ਠੰਡੇ ਬੁਰਜ ਵਿਚ ਬੈਠੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਉਹਦਾ ਨੂੰ ਨਿੱਘ ਦਿੰਦੇ ਨੇ, ਸੱਚ ਅਤੇ ਅਸੂਲਾਂ ਤੇ ਪਹਿਰਾ ਦੇਣ ਤੇ ਡਟੇ ਰਹਿਣ ਦਾ ਜਜ਼ਬਾ ਬਖ਼ਸ਼ਦੇ ਹਨ। ਵਾਪਿਸ ਮੁੜਦਿਆਂ ਇਕ ਰਿਸ਼ਤੇਦਾਰ ਨੇ ਫ਼ੋਨ ਕਰਕੇ ਪੁੱਛਿਆ, 'ਕਿਵੇਂ ਸੀ ਮੋਰਚਾ? ਕੀ ਲਗਦਾ, ਕੀ ਬਣੂ?' 'ਸਮਾਜ ਕਿਹੋ ਜਿਹਾ ਹੋਵੇ, ਨੌਜਵਾਨੀ ਕਿੱਦਾਂ ਦੀ ਹੋਵੇ, ਦੇਸ਼ 'ਚ ਕੈਸਾ ਭਾਈਚਾਰਾ ਹੋਵੇ, ਜਿਸ ਦਾ ਸੁਪਨਾ ਲੈਂਦਿਆਂ ਭਗਤ ਸਿੰਘ ਹੋਰਾਂ ਨੇ ਫਾਂਸੀਆਂ ਦੇ ਰੱਸੇ ਚੁੰਮੇ ਹੋਣਗੇ, ਉਹ ਅਜ਼ਾਦ ਭਾਰਤ ਤੇ ਸਮਾਜ ਦਿੱਲੀ ਦੀਆਂ ਬਰੂਹਾਂ ਤੇ ਮੈਂ ਵੇਖ ਆਈ ਹਾਂ।' ਮੈਂ ਬੜੇ ਮਾਣ ਨਾਲ ਭਾਰਤੀ ਹੋਣ ਤੇ ਫ਼ਖਰ ਮਹਿਸੂਸ ਕਰਦਿਆਂ ਕਿਹਾ ।

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕੜੀ - 23

### - ਕਰਮ ਸਿੰਘ ਜ਼ਖ਼ਮੀ

'ਬਾਬਾ ਜੀ ਤਾਰਾ ਕਿਥੇ ਹੈ?' ਕਰਤਾਰ ਸਿੰਘ ਨੇ ਪੁਛਿਆ।

'ਭਾਈ ਤਾਰਾ ਨਾ ਕਹੋ, ਦਲਜੀਤ ਕੌਰ ਕਹੋ, ਉਹ ਮੇਰੀ ਸ਼ੇਰ ਬੱਚੀ ਤੇਰੇ ਪਿਛੋਂ ਮੁਗਲਾਂ ਦੀ ਮਾਰ ਤੋਂ ਜਿਸ ਤਰਾਂ ਉਸ ਨੇ ਨਾਹਨ ਨੂੰ ਬਚਾਇਆ ਹੈ ਉਸ ਨਾਲ ਤਾਂ ਉਹ ਸਾਰੇ ਸਿੱਖ ਪੰਥ ਵਿਚ ਚਮਕ ਉਠੀ ਹੈ। ਇਹ ਕਹਿੰਦੇ ਹੋਏ ਬਾਬਾ ਜੀ ਨੇ ਰਾਜਾ ਭੂਪ ਪ੍ਰਕਾਸ਼ ਨੂੰ ਗ੍ਰਿਫਤਾਰ ਕਰਨ ਆਏ ਸੁਲਤਾਨ ਖਾਨ ਨੂੰ ਭਜਾਉਣ ਦੀ ਸਾਰੀ ਵਾਰਤਾ ਕਰਤਾਰ ਸਿੰਘ ਨੂੰ ਸੁਣਾ ਦਿੱਤੀ। ਇਹ ਕਹਾਣੀ ਸੰਖੇਪ ਜਿਹੀ ਉਹ ਨਾਹਨ ਦੇ ਰਾਜ ਮਹੱਲਾਂ ਵਿਚੋਂ ਭੀ ਸੁਣ ਆਇਆ ਸੀ।

ਮੈਂ ਬੇਨਤੀ ਕੀਤੀ ਹੈ ਮਹਾਰਾਜ ਕਿ ਉਹ ਹੈ ਕਿਥੇ?' ਕਰਤਾਰ ਸਿੰਘ ਨੇ ਕਿਹਾ। ਉਹ ਤਾਰਾ ਬਾਰੇ ਪੁਛ ਰਿਹਾ ਸੀ।

'ਰਾਜ ਕੁਮਾਰੀ ਚੰਬਾ ਕੋਲ ਮਹੱਲ ਵਿਚ ਜਾਓ-ਦੋਹਾਂ ਨੂੰ ਮਿਲ ਆਓ।' ਬਾਬਾ ਜੀ ਨੇ ਇਕ ਪਾਸੇ ਵੱਲ ਇਸ਼ਾਰਾ ਕਰਦੇ ਹੋਏ ਕਿਹਾ, ਸਾਹਮਣੇ ਲਾਲ ਰੰਗ ਦਾ ਹੱਲ ਸਾਫ ਨਜ਼ਰ ਆ ਰਿਹਾ ਸੀ। ਕਰਤਾਰ ਸਿੰਘ ਕਹਿਣਾ ਚਾਹੁੰਦਾ ਸੀ ਕਿ ਤੁਸੀਂ ਤਾਰਾ ਚੰਦ ਦੇ ਜੋਤਿਸ਼ ਨੂੰ ਭੰਡਿਆ ਕਰਦੇ ਸਾਓ, ਹੁਣ ਦਸੋ ਕਿ ਵਿਆਹ ਹੋਇਆ ਕਿ ਨਹੀਂ ਅਤੇ ਜੇਕਰ ਇਕ ਹੋ ਗਿਆ ਹੈ ਤਾਂ ਦੂਜਾ ਭੀ ਹੋਇਆ ਹੀ ਸਮਝੋ, ਪਰੰਤੂ ਬਾਬਾ ਬੰਦਾ ਸਿੰਘ ਬਹਾਦਰ ਸਿੰਘ ਦਾ ਰੋਹਬ ਇਤਨਾ ਸੀ ਕਿ ਉਹ ਇਹ ਗੱਲ ਕਹਿਣ ਦਾ ਹੌਸਲਾ ਨਹੀਂ ਕਰ ਸਕਿਆ।

'ਬਾਬਾ ਜੀ ਹੁਣ ਅਸਾਡੇ ਲਈ ਕੀ ਹੁਕਮ ਹੈ? ਕਰਤਾਰ ਸਿੰਘ ਨੇ ਪੁਛਿਆ, ਉਸਨੂੰ ਇਕਾਂਤ ਵਿਚ ਗੱਲਾਂ ਕਰਨ ਦਾ ਜਿਤਨਾ ਸਮਾਂ ਅੱਜ ਮਿਲਿਆ ਸੀ, ਉਤਨਾ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਮਿਲਿਆ। ਇਹ ਵੀ ਇਸ ਲਈ ਕਿ ਲਗ ਪਗ ਸਾਰੇ ਹੀ ਸਰਦਾਰ ਤੇ ਫੌਜ ਲੋਹਗੜ ਸਰਹੰਦ, ਸ਼ਾਹਪੁਰ ਤੇ ਮੁਸਤਫਾਬਾਦ ਨੂੰ ਮੁੜ ਫਤਹਿ ਕਰਨ ਲਈ ਗਏ ਹੋਏ ਸੀ।

'ਬੇਟਾ ਕੰਮ ਹਾਲਾਂ ਬਹੁਤ ਕਰਨ ਵਾਲਾ ਹੈ। ਸਰਹੰਦ, ਲੋਹਗੜ ਸਢੌਰੇ ਆਦਿ ਤਾਂ ਅਸੀਂ ਕਦੇ ਕਦੇ ਸਿੰਘਾਂ ਦੇ ਹੌਸਲੇ ਵਧਾਉਣ ਲਈ ਹੀ ਜਾਣਾ ਹੈ, ਅਸਾਡਾ ਨਿਸ਼ਾਨਾ ਹੁਣ ਸਿਧਾ ਲਾਹੌਰ ਹੈ। ਜੰਮੂ ਵਿਚ ਡੇਰਾ ਪਾ ਕੇ ਅਸੀਂ ਤਿਆਰੀ ਕਰਕੇ ਹੱਲਾ ਬੋਲ ਦੇਣਾ ਹੈ।' ਬਾਬਾ ਜੀ ਨੇ ਕਿਹਾ'ਤੁਹਾਨੂੰ ਹਾਲਾਂ ਜੰਮ ਜਾਣਾ ਹੋਵੇਗਾ, ਦਲਜੀਤ ਕੌਰ ਨੂੰ ਨਾਲ ਲੈ ਕੇ। ਉਸਦੇ ਪਿਛੋਂ ਤੁਹਾਨੂੰ ਪੰਜਾਬ ਵਿਚ ਪਠਾਨਕੋਟ ਤੋਂ ਲੈਕੇ ਲਾਹੌਰ ਤਕ ਦਾ ਚੱਕਰ ਕੱਟਣਾ ਹੋਵੇਗਾ।'

'ਪੰਜਾਬ ਵਿਚ ਮੁਸਲਮਾਨਾਂ ਦੀ ਚੌਖੀ ਗਿਣਤੀ ਅਸਾਡੀ ਸਹਾਇਤਾ ਕਰੇਗੀ। ਖਾਸ ਕਰਕੇ ਸੁੰਨੀ ਮੁਸਲਮਾਨ ਸਾਰੇ ਦੇ ਸਾਰੇ। ਕਰਤਾਰ ਸਿੰਘ ਨੇ ਦਸਿਆ। ਬਾਬਾ ਜੀ ਹੱਸ ਪਏ। ਉਹਨਾਂ ਕਿਹਾ'ਸਭ ਦਾ ਗੁਜ਼ਾਰਾ ਆਖਿਰ ਪੰਥ ਦੀ ਸ਼ਰਨ ਆਉਣ ਨਾਲ ਹੀ ਹੋਵੇਗਾ। ਤੁਸੀਂ ਰੋਜ਼ ਹੀ ਤਾਂ ਪਦੇ ਹੋ-ਜੋ ਪੜੇ ਸੋ ਚੜੇ-ਜੋ ਸ਼ਰਨ ਪੜੇ ਸੋ ਕਰੇ।'

'ਬਾਬਾ ਜੀ ਇਹਨਾਂ ਪਹਾੜੀ ਰਿਆਸਤਾਂ ਨੂੰ ਪੂਰੀ ਤਰਾਂ ਸਿੱਖ ਰਾਜ ਵਿਚ ਕਦੋਂ ਸ਼ਾਮਲ ਕਰਨਾ ਹੈ?' ਕਰਤਾਰ ਸਿੰਘ ਨੇ ਪੁਛਿਆ।

'ਲਾਹੌਰ ਤੇ ਕਬਜ਼ਾ ਕਰਨ ਪਿਛੋਂ ਜਦੋਂ ਸਿੱਖ ਰਾਜ ਪੱਕਾ ਹੋ ਜਾਵੇਗਾ। ਜੰਮੂ ਤੇ ਕਸ਼ਮੀਰ ਨੂੰ ਭੀ ਸ਼ਾਮਲ ਕਰ ਲਿਆ ਜਾਵੇਗਾ। ਜੰਮੂ ਤੇ ਤਾਂ ਹੁਣ ਭੀ ਆਪਣਾ ਹੀ ਰਾਜ ਹੈ। ਬਾਬਾ ਜੀ ਨੇ ਕਿਹਾ।

ਤਾਰਾ ਉਥੇ ਹੀ ਆ ਗਈ। ਉਸਨੇ ਆਉਂਦੇ ਹੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਖਿਆ'ਬਾਬਾ ਜੀ ਮਹੱਲ ਵਿਚ ਮਾਤਾ ਜੀ ਤੁਹਾਨੂੰ ਸਦਕੇ ਹਨ।' ਉਸਦਾ ਇਸ਼ਾਰਾ ਚੰਬੇ ਦੀ ਰਾਜ ਕੁਮਾਰੀ ਚੰਬੇਲੀ ਵਲ ਸੀ। ਉਸ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੇ ਵਿਆਹ ਨੂੰ ਹਾਲਾਂ ਚਾਰ ਦਿਨ ਹੀ ਹੋਏ ਸਨ।

ਬਾਬਾ ਜੀ ਹੱਸ ਪਏ। ਉਹਨਾਂ ਕਿਹਾ'ਬੇਟੀ ਦਲਜੀਤ ਕੌਰ ਉਹਦੀ ਉਮਰ ਮਸਾਂ ਤੇਰੇ ਜਿਤਨੀ ਹੈ ਫੇਰ ਤੇਰੀ ਮਾਤਾ ਕਿਸ ਤਰਾਂ ਹੋਈ।'

'ਬਾਬਾ ਜੀ ਗਲ ਉਚੇ ਦਰਜੇ ਦੀ ਹੈ ਜਦ ਤੁਸੀਂ ਪਿਤਾ ਹੋ ਤਾਂ ਉਹ ਆਪਣੇ ਆਪ ਹੀ ਮਾਤਾ ਹੋ ਗਏ।' ਬੜੀ ਸੰਜੀਦਗੀ ਨਾਲ ਦਲਜੀਤ ਕੌਰ ਨੇ ਉਤਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਉਠਕੇ ਚਲੇ ਗਏ। ਰਾਜ ਕੁਮਾਰੀ ਚੰਬਾ ਬੜੀ ਹੀ ਵਫਾਦਾਰ ਪਤਨੀ ਸੀ ਜਿਸ ਦਿਨ ਤੋਂ ਉਹ ਵਿਆਹੀ ਸੀ ਪਤੀ ਨੂੰ ਖਵਾਲਣ ਤੋਂ ਬਿਨਾਂ ਅੰਨ ਦੇ ਇਕ ਦਾਣੇ ਨੂੰ ਭੀ ਮੂੰਹ ਨਹੀਂ ਸੀ ਲਾਉਂਦੀ ਅਤੇ ਹੁਣ ਭੀ ਉਹਨਾਂ ਨੂੰ ਰੋਟੀ ਖਾਣ ਲਈ ਹੀ ਸਦਿਆ ਸੀ।




'ਤੁਸੀਂ ਬੜੇ ਚੋਰ ਹੋ ਜਾਓ ਮੈਂ ਨਹੀਂ ਬੋਲਦੀ ਤੁਹਾਡੇ ਨਾਲ।' ਤਾਰਾ ਨੇ ਕਰਤਾਰ ਸਿੰਘ ਦੀਆਂ ਅੱਖਾਂ ਵਿਚ ਅੱਖਾਂ ਪਾਉਂਦੇ ਹੋਏ ਆਖਿਆ।

ਕਰਤਾਰ ਸਿੰਘ ਨੇ ਉਹਦਾ ਹੱਥ ਆਪਣੇ ਹੱਥ ਵਿਚ ਲੈ ਕੇ ਆਖਿਆ 'ਤਾਰਾ, ਪਿਤਾ ਜੀ ਦੀ ਬੀਮਾਰੀ ਕਰਕੇ ਤੈਨੂੰ ਲਾਹੌਰ ਨਹੀਂ ਲੈ ਜਾ ਸਕਿਆ, ਇਸ ਲਈ ਖਿਮਾ ਕਰ ਦੇਹ। ਮੈਨੂੰ ਪਿਤਾ ਜੀ ਦੇ ਅਕਾਲ ਚਲਾਣੇ ਦੀ ਖਬਰ ਨਾਲ ਜਿਤਨਾ ਦੁਖ ਹੋਇਆ। ਇਸ ਤੋਂ ਪਹਿਲਾਂ ਕਦੇ ਨਹੀਂ ਸੀ ਹੋਇਆ।' ਕਹਿੰਦੇ ਹੋਏ ਉਹਦੀਆਂ ਅੱਖਾਂ ਵਹਿ ਤੁਰੀਆਂ ਸਨ।

'ਠੀਕ ਹੈ ਜੀ, ਪਰੰਤੂ ਜਿਸ ਦੁਨੀਆਂ ਵਿਚ ਅਸੀਂ ਵਸਦੇ ਹਾਂ, ਇਸ ਵਿਚ ਹਿੰਮਤ ਤੇ ਹੌਸਲੇ ਤੋਂ ਬਿਨਾਂ ਕੋਈ ਚਾਰਾ ਨਹੀਂ। ਅਮੀਨ ਗੜ ਸਰਹੰਦ ਤੇ ਲੋਹਗੜ ਵਿਚ ਅਸਾਡੇ ਜਿਹੜੇ ਹਜ਼ਾਰਾਂ ਆਦਮੀ ਸ਼ਹੀਦ ਹੋਏ ਸਨ, ਉਹ ਭੀ ਤਾਂ ਕਿਸੇ ਦੇ ਪਿਤਾ ਕਿਸੇ ਦੇ ਭਰਾ ਤੇ ਕਿਸੇ ਦੇ ਪੁਤਰ ਹੀ ਸਨ ਨਾ, ਰੋਣ ਦਾ ਕੀ ਲਾਭ ਹੈ। ਤਾਰਾ ਨੇ ਕਿਹਾ, ਉਹ ਬੜੇ ਹੌਸਲੇ ਵਿਚ ਸੀ।

ਦੋਵੇਂ ਉਠ ਕੇ ਬਾਬਾ ਜੀ ਦੇ ਤੰਬੂ ਵਿਚੋਂ ਬਾਹਰ ਆ ਗਏ। ਜੰਗਲੀ ਫੁਲੇ ਇਕ ਘਾਟੀ ਤੋਂ ਦੂਜੀ ਘਾਟੀ ਦੇ ਨਾਲ ਦੂਰ ਦੂਰ ਤਕ ਚਲੇ ਗਏ ਸਨ, ਉਹਨਾਂ ਨੇ ਉਹਨਾਂ ਦੇ ਨਾਲ ਟਹਿਲਣਾ ਸ਼ੁਰੂ ਕਰ ਦਿੱਤਾ।

'ਕੁਦਰਤ ਦੀ ਦੇਣ ਕਿਤਨੇ ਸੋਹਣੇ ਫੁਲ ਹਨ ਜੋ ਬਿਨਾਂ ਕਿਸੇ ਮੇਹਨਤ ਤੋਂ ਮਿਲਦੇ ਹਨ।' ਤਾਰਾ ਨੇ ਕਿਹਾ ਉਹਨੂੰ ਇਸ ਸਮੇਂ ਕਰਤਾਰ ਸਿੰਘ ਭੀ ਬੜਾ ਸੋਹਣਾ ਲਗ ਰਿਹਾ ਸੀ।

'ਦੁਨੀਆਂ ਇਹ ਹੈ ਈ ਬੜੀ ਹੁਸੀਨ ਤੇਰੇ ਵਰਗੀ।' ਕਰਤਾਰ ਸਿੰਘ ਨੇ ਉਹਦੀ ਠੋਡੀ ਦੇ ਹੇਠਾਂ ਦੋ ਉਂਗਲਾਂ ਰੱਖਦੇ ਹੋਏ ਉਸਦੇ ਮੂੰਹ ਨੂੰ ਉਪਰ ਚੁਕਦੇ ਹੋਏ ਕਿਹਾ, ਸਚਮੁਚ ਹੀ ਉਹ ਬੜੀ ਹੀ ਸੁੰਦਰ ਸੀ।

'ਛਡੋ ਜੀ, ਪਰੇ ਲੋਕਾਂ ਦੇ ਵਿਆਹ ਹੁੰਦੇ ਹਨ ਤਾਂ ਉਹ ਮਹੀਨਿਆਂ ਬੱਧੀ ਇਕ ਦੂਜੇ ਤੋਂ ਵੱਖ ਨਹੀਂ ਹੁੰਦੇ ਤੇ ਅਸੀਂ ਹਾਂਲਾਂ ਤਕ ਇਕਠਿਆਂ ਬੈਠ ਕੇ ਵੀ ਨਹੀਂ ਵੇਖਿਆ।' ਤਾਰਾ ਗਿਲਾ ਕਰ ਰਹੀ ਸੀ।

'ਗਲ ਤੇਰੀ ਗਲਤ ਨਹੀਂ ਹੈ, ਪਰੰਤੂ ਇਹ ਜੋ ਗੁਰੂ ਪੰਥ ਵਲੋਂ ਸੇਵਾ ਲਾਈ ਜਾਂਦੀ ਹੈ, ਉਹ ਭੀ ਤਾਂ ਸੰਭਾਲਣੀ ਹੋਈ ਨਾਤੂੰ ਹੀ ਦਸ ਲਾਹੌਰ ਜਾਣ ਬਿਨਾਂ ਗੁਜ਼ਾਰਾ ਹੋ ਸਕਦਾ ਸੀ?' ਕਰਤਾਰ ਸਿੰਘ ਨੇ ਕਿਹਾ ,

'ਠੀਕ ਹੈ ਪਰ ਮੈਨੂੰ ਨਾਲ ਲੈ ਜਾਣ ਵਿਚ ਕੀ ਰੁਕਾਵਟ ਸੀਤੁਹਾਡੀ ਰਾਜ ਕੁਮਾਰੀ ਭੈਣ ਆਪੇ ਪਿਤਾ ਜੀ ਨੂੰ ਸੰਭਾਲ ਕਰ ਲੈਂਦੀ।' ਤਾਰਾ ਇਹ ਗਿਲਾ ਛੱਡਣ ਲਈ ਬਿਲਕੁਲ ਹੀ ਤਿਆਰ ਨਹੀਂ ਸੀ।

'ਮੈਂ ਕਹਿੰਦਾ ਹਾਂ, ਜੋ ਵਾਹਿਗੁਰੂ ਕਰਦਾ ਹੈ ਠੀਕ ਹੀ ਕਰਦਾ ਹੈ ਜੇਕਰ ਤੂੰ ਮੇਰੇ ਨਾਲ ਲਾਹੌਰ ਚਲੀ ਜਾਂਦੀ ਤਾਂ ਰਾਜਾ ਭੂਪ ਪ੍ਰਕਾਸ਼ ਤੇ ਨਾਹਨ ਨੂੰ ਤਬਾਹੀ ਤੋਂ ਕੌਣ ਬਚਾਉਂਦਾ, ਮੈਂ ਤੈਨੂੰ ਤੇਰੀ ਇਸ ਬਹਾਦਰੀ ਤੇ ਵਧਾਈ ਦਿੰਦਾ ਹਾਂ। ਕਰਤਾਰ ਸਿੰਘ ਨੇ ਕਿਹਾ ਉਹਦੀ ਇਸ ਗਲ ਦਾ ਤਾਰਾ ਕੋਲ ਕੋਈ ਜਵਾਬ ਨਹੀਂ ਸੀ, ਉਹ ਇਸ ਸਮੇਂ ਪਿਆਰ ਦੇ ਮੂਡ ਵਿਚ ਸੀ, ਉਸ ਨੇ ਇਧਰ ਉਧਰ ਵੇਖਿਆ। ਦਰ ਦੂਰ ਤਕ ਕੋਈ ਨਜ਼ਰ ਨਹੀਂ ਸੀ ਆ ਰਿਹਾ, ਉਸਨੇ ਕਰਤਾਰ ਸਿੰਘ ਨੂੰ ਘੁਟ ਕੇ ਗਲਵਕੜੀ ਪਾ ਲਈ ।

'ਸਰਹੰਦ ਦੇ ਕਿਲੇ ਵਾਲੀ ਰਾਤ ਭੁਲ ਗਈ।' ਕਰਤਾਰ ਸਿੰਘ ਨੇ ਕਿਹਾ।

'ਭੁਲੀ ਨਹੀਂ, ਉਸ ਸਮੇਂ ਤਕ ਅਸਾਂ ਪਿਆਰ ਕਰਨ ਦਾ ਹੱਕ ਨਹੀਂ, ਪ੍ਰਾਪਤ ਕੀਤਾ, ਹੁਣ ਵਿਆਹ ਦੇ ਰੂਪ ਵਿਚ ਧਰਮ ਤੇ ਸਮਾਜ ਦੋਹਾਂ ਨੇ ਇਹ ਹੱਕ ਪੂਰੇ ਦਾ ਪੂਰਾ ਅਸਾਨੂੰ ਦੇ ਦਿੱਤਾ ਹੈ।' ਕਹਿੰਦੇ ਹੋਏ ਉਸਨੇ ਕਰਤਾਰ ਸਿੰਘ ਨੂੰ ਹੋਰ ਭੀ ਜ਼ੋਰ ਨਾਲ ਆਪਣੇ ਨਾਲ ਘੁਟ ਲਿਆ। ਉਹ ਇਸ ਸਮੇਂ ਉਸ ਵਿਚ ਗਵਾਚ ਜਾਣਾ ਚਾਹੁੰਦੀ ਸੀ।

'ਜੰਮੂ ਜਾ ਕੇ ਅਸੀਂ ਆਪਣਾ ਗ੍ਰਹਿਸਤੀ ਜੀਵਨ ਆਰੰਭ ਕਰਾਂਗੇ।' ਕਰਤਾਰ ਸਿੰਘ ਨੇ ਹੌਲੀ ਜਿਹੀ ਉਸ ਨਾਲੋਂ ਵੱਖ ਹੁੰਦੇ ਹੋਏ ਕਿਹਾ, ਦੂਰੋਂ ਇਕ ਆਦਮੀ ਤੇ ਇਕ ਔਰਤ ਉਹਨਾਂ ਵਲ ਆਉਂਦੇ ਵਿਖਾਈ ਦੇ ਰਹੇ ਸਨ।

'ਵੇਖੋ ਜੀ ਵਾਹਿਗੁਰੂ ਨੇ ਆਦਮੀ ਤੇ ਔਰਤ ਬਣਾਈ ਹੀ ਇਸ ਲਈ ਹੈ ਕਿ ਆਪਸ ਵਿਚ ਪਿਆਰ ਕਰਨ ਲਈ, ਨਹੀਂ ਤਾਂ ਸਾਰੀਆਂ ਹੀ ਔਰਤਾਂ ਬਣਾ ਦਿੰਦਾ ਜਾਂ ਸਾਰੇ ਹੀ ਆਦਮੀ ਬਣਾ ਦਿੰਦਾ ।' ਤਾਰਾ ਨੇ ਕਿਹਾ?

'ਤੇ ਪੰਜਾਹ ਸਾਲਾਂ ਪਿਛੋਂ ਦੁਨੀਆਂ ਵਿਚੋਂ ਮਨੁੱਖ ਜਾਤੀ ਦਾ ਨਾਮੋ ਨਿਸ਼ਾਨ ਮਿਟ ਜਾਂਦਾ।' ਕਰਤਾਰ ਸਿੰਘ ਦਾ ਉਤਰ ਸੀ।

'ਮਾਤਾ ਜੀ ਨੇ ਮਹੱਲ ਦਾ ਇਕ ਕਮਰਾ ਅਸਾਨੂੰ ਦੇ ਦਿੱਤਾ ਹੈ। ਰਾਤ ਅਸੀਂ ਉਥੇ ਰਹਾਂਗੇ।' ਤਾਰਾ ਨੇ ਇਹ ਕਹਿੰਦੇ ਹੋਏ ਅਰਥ ਭਰਪੂਰ ਨਿਗਾਹਾਂ ਨਾਲ ਪਤੀ ਵਲ ਵੇਖਿਆ ਤੇ ਦੋਹਾਂ ਦਾ ਹਾਸਾ ਨਿਕਲ ਗਿਆ।

ਇਕ ਰਾਤ ਮਹੱਲ ਵਿਚ ਕਟ ਕੇ ਦੂਜੇ ਦਿਨ ਉਹ ਦੋਵੇਂ ਬਾਬਾ ਜੀ ਦੇ ਹੁਕਮ ਅਨੁਸਾਰ ਕੰਮ ਨੂੰ ਤੁਰ ਗਏ। ਜੰਮੂ ਤੋਂ ਬਾਬਾ ਜੀ ਪਹਿਲਾਂ ਹੀ ਹੋ ਆਏ ਸਨ। ਝਨਾ ਦੇ ਕੰਢੇ ਉਹਨਾਂ ਨੇ ਕਿਲੇ ਜਿਹਾ ਡੇਰਾ ਉਸਾਰ ਲਿਆ ਸੀ ਉਸ ਵਿਚ ਇਕ ਹਜ਼ਾਰ ਤੋਂ ਵਧ ਸਿੱਖ ਹਮੇਸ਼ਾਂ ਰਹਿੰਦੇ ਸਨ, ਬੀਰ ਤੇ ਬਹਾਦਰ ਕਲਗੀਆਂ ਵਾਲੇ ਗੁਰੂ ਦੇ ਸਿੰਘ ਉਹਨਾਂ ਦੇ ਜਾਣ ਤੋਂ ਪੰਜਵੇਂ ਦਿਨ ਬਾਬਾ ਜੀ ਦੀ ਚੰਬੇ ਦੀ ਚੰਬੇਲੀ ਸਮੇਤ ਉਥੇ ਪੁਜ ਗਏ। ਉਹਨਾਂ ਨੇ ਆਕੇ ਇਹ ਖੁਸ਼ਖਬਰੀ ਦਿਤੀ ਕਿ ਲੋਹਗੜ ਸਰਹੰਦ, ਸਢੌਰਾ, ਸ਼ਾਹਪੁਰ ਤੇ ਮੁਸਤਫਾਬਾਦ ਤੋਂ ਇਲਾਵਾ ਕਰਨਾਲ ਤੇ ਸਰਸਾ ਤੇ ਭੀ ਖਾਲਸਾ ਫੌਜ ਨੇ ਕਬਜ਼ਾ ਕਰ ਲਿਆ ਹੈ। ਜੰਮੂ ਦੇ ਡੇਰੇ ਵਿਚ ਇਸ ਜਿਤ ਦੀਆਂ ਖੁਸ਼ੀਆਂ ਮਨਾਈਆਂ ਗਈਆਂ। ਏਸੇ ਸ਼ਾਮ ਨੂੰ ਕਰਤਾਰ ਸਿੰਘ ਤੇ ਤਾਰਾ ਸਾਰੇ ਜੰਮੂ ਸ਼ਹਿਰ ਤੇ ਇਸ ਦੁਗਿਰਦੇ ਦਾ ਚੱਕਰ ਲਾ ਕੇ ਮੁੜੇ। ਉਹ ਇਸ ਗੱਲ ਦੀ ਸੂਹ ਲੈ ਕੇ ਆਏ ਸਨ ਕਿ ਜੰਮੂ ਦੇ ਇਸ ਡੇਰੇ ਤੇ ਹਮਲਾ ਹੋਣ ਵਾਲਾ ਹੈ। ਜੰਮੂ ਦੇ ਹਾਕਮ ਧਰੁਦੇਵ ਜਸਵਾਲੀਏ ਨੇ ਮੁਗਲ ਹਾਕਮਾਂ ਨੂੰ ਮੁੜ ਬਾਬਾ ਜੀ ਦੇ ਜੰਮੂ ਪੁਜਣ ਦੀ ਸੂਚਨਾ ਦੇ ਦਿੱਤੀ ਹੈ ਤੇ ਉਹ ਰੁਸਤਮ ਦਿਲ ਖਾਂ ਦੀ ਕਮਾਨ ਹੇਠਾਂ ਹੱਲਾ ਬੋਲਣ ਵਾਲੇ ਹਨ।

ਬਾਬਾ ਜੀ ਇਹ ਗੱਲ ਸੁਣ ਕੇ ਹਸ ਪਏ, ਉਹਨਾਂ ਕਿਹਾ'ਚੂਹੇ ਬਿੱਲੀ ਦੇ ਮਾਰਨ ਲਈ ਤਿਆਰੀਆਂ ਬੜੀਆਂ ਕਰਦੇ ਹਨ, ਪਰੰਤੂ ਮਿਆਊਂ ਵਲ ਮੂੰਹ ਕਰਨ ਦਾ ਹੌਸਲਾ ਕਿਸੇ ਨੂੰ ਨਹੀਂ ਪੈਂਦਾ।'

ਅਤੇ ਹਮਲਾ ਉਸੇ ਹੀ ਰਾਤ ਨੂੰ ਹੋ ਗਿਆ। ਚਾਰ ਮੁਗਲ ਸਰਦਾਰ ਫੌਜਾਂ ਲੈ ਕੇ ਆਏ, ਪਰੰਤੂ ਡੇਰੇ ਵਿਚੋਂ ਨਿਕਲ ਕੇ ਸਿੰਘਾਂ ਨੇ ਉਹ ਮਾਰ ਮਾਰੀ ਕਿ ਉਹ ਸਿਰ ਤੇ ਪੈਰ ਰੱਖ ਕੇ ਭੇਜੇ ਗਏ।

ਤਾਰਾ ਚੰਦ ਦੇ ਜੋਤਿਸ਼ ਦਾ ਟੇਵਾ ਏਥੇ ਭੀ ਸਾਹਮਣੇ ਆ ਗਿਆ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਜੰਮੂ ਵਿਚ ਇਕ ਖੱਤਰੀ ਦੀ ਕੁੜੀ ਨਾਲ ਦੂਜਾ ਵਿਆਹ ਕਰਾ ਲਿਆ। ਇਹ ਜਾ ਵਿਆਹ ਬਾਬਾ ਬਿਨੋਦ ਸਿੰਘ ਨੂੰ ਚੰਗਾ ਨਹੀਂ ਲਗਿਆ। ਉਹਨਾਂ ਨੇ ਇਸਦੀ ਵਿਰੋਧਤਾ ਕੀਤੀ। ਉਹਨਾਂ ਕਿਹਾ'ਅਸਾਨੂੰ ਪਤਾ ਲੱਗਾ ਹੈ ਕਿ ਦਸ਼ਮੇਸ਼ ਪਿਤਾ ਨੇ ਤੁਹਾਨੂੰ ਗ੍ਰਹਿਸਤ ਵਿਚ ਪੈਣ ਤੋਂ ਰੋਕਿਆ ਸੀ, ਤੁਸੀਂ ਇਹ ਠੀਕ ਨਹੀਂ ਕਰ ਰਹੇ।'

'ਬਾਬਾ ਜੀ ਉਹਨਾਂ ਦਾ ਹੁਕਮ ਮੈਂ ਭਲਾ ਕਿਸ ਤਰਾਂ ਮੋੜ ਸਕਦਾ ਸਾਂ, ਇਹ ਗਲ ਕਿਸੇ ਦੀ ਬਿਲਕੁਲ ਗਲਤ ਉਡਾਈ ਹੋਈ ਹੈ। ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਗ੍ਰਹਿਸਤ ਧਰਮ ਦੀ ਸਿੱਖਾਂ 'ਚ ਪ੍ਰਧਾਨਤਾ ਚਲੀ ਆ ਰਹੀ ਹੈ।' ਬਾਬਾ ਜੀ ਨੇ ਦਸਿਆ ਤੇ ਬਾਬਾ ਬਿਨੋਦ ਸਿੰਘ ਚੁੱਪ ਕਰ ਗਏ।

ਦਿੱਲੀ ਤੇ ਲਾਹੌਰ ਵਿਚ ਰਾਜ ਰੌਲਾ ਹਾਲਾਂ ਵੀ ਮਚਿਆ ਹੋਇਆ ਸੀ। ਜੰਮੂ ਵਿਚ ਬਾਬਾ ਜੀ ਪਾਸ ਸਿੱਖਾਂ ਦੀ ਤਕੜੀ ਤਾਕਤ ਜਮਾਂ ਹੋ ਗਈ ਸੀ। ਪੰਜਾਬ ਦੇ ਦੂਜੇ ਹਿੱਸਿਆਂ ਦੇ ਸਿੱਖਾਂ ਨੂੰ ਭੀ ਤਿਆਰ ਬਰਤਿਆਰ ਰਹਿਣ ਲਈ ਚਿਠੀਆਂ ਲਿਖੀਆਂ ਜਾ ਚੁੱਕੀਆਂ ਸਨ।

(ਚਲਦਾ...)

# ਖਾਲਸਾ ਏਡ ਦਾ ਕਿਸਾਨ ਮਾਲ ਬਣਿਆ ਖਿਚ ਦਾ ਕੇਂਦਰ

## ✪ ਕਿਸਾਨੀ ਅੰਦੋਲਨ ਲਈ ਬਣਿਆ ਮਦਦਗਾਰ ✪ ਬਾਬਾ ਬੇਦੀ ਤੇ ਗੁਰਤੇਜ ਸਿੰਘ ਵਲੋਂ ਖਾਲਸਾ ਏਡ ਖਿਲਾਫ ਪ੍ਰਚਾਰ ਕਰਨ ਵਾਲਿਆਂ ਵਿਰੁੱਧ ਕਾਰਵਾਈ ਮੰਗੀ

**- ਸ਼ਿੰਘੂ ਬਾਰਡਰ ਤੋਂ**
**ਪ੍ਰਗਟ ਸਿੰਘ ਜੰਡਿਆਲਾ ਗੁਰੂ**







ਦਿੱਲੀ ਦੇ ਠੰਢੇ , ਬਰਫੀਲੇ ਤੇ ਭਾਰੀ ਮੀਂਹ ਵਾਲੇ ਮੌਸਮ ਵਿਚ ਕਿਸਾਨਾਂ ਨੂੰ ਭਾਰੀ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਦਾ ਧਿਆਨ ਰੱਖਣਾ ਸਰਕਾਰ ਦਾ ਕੰਮ ਸੀ। ਦੁੱਖ ਦੀ ਗੱਲ ਹੈ ਕਿ ਮੋਦੀ ਤੇ ਖੱਟੜ ਸਰਕਾਰ ਕਿਸਾਨਾਂ ਨੂੰ ਇਸ ਦੇਸ ਦਾ ਨਾਗਰਿਕ ਹੀ ਨਹੀਂ ਸਮਝ ਰਹੀ। ਹੁਣ ਤੱਕ ਠੰਡ ਤੇ ਹਾਰਟ ਅਟੈਕ ਕਾਰਣ ਪੰਜਾਹ ਕਿਸਾਨਾਂ ਦੀਆਂ ਮੌਤਾਂ ਹੋ ਚੁਕੀਆਂ ਹਨ। ਦਿੱਲੀ ਦੀਆਂ ਸਰਹੱਦਾਂ 'ਤੇ ਪੰਜਾਬ ਦੇ ਕਿਸਾਨਾਂ ਦੀ ਅਗਵਾਈ ਹੇਠ ਦੇਸ ਭਰ ਦੇ ਕਿਸਾਨਾਂ ਦਾ ਅੰਦੋਲਨ ਬਰਫੀਲੀ ਠੰਡ ਵਿੱਚ ਵੀ ਜਾਰੀ ਹੈ। ਬਹੁਤ ਸਾਰੇ ਗਰੀਬ ਕਿਸਾਨ ਦਿਲੀ ਵਿਖੇ ਮੋਰਚੇ ਵਿਚ ਹਨ ਜਿਨ੍ਹਾਂ ਕੋਲ ਗਰਮ ਕਪੜੇ ਵੀ ਨਹੀਂ ਹਨ, ਪਰ ਇਹਨਾਂ ਦੀਆਂ ਜ਼ਰੂਰਤਾਂ ਦਾ ਇੰਤਜਾਮ ਖਾਲਸਾ ਏਡ ਨੇ ਕਿਸਾਨ ਮਾਲ ਰਾਹੀਂ ਕੀਤਾ ਗਿਆ ਹੈ। ਸਿੱਖ ਪੰਥ ਦੇ ਅੰਤਰਰਾਸਟਰੀ ਪੱਧਰ ਦੇ ਗੈਰ-ਸਰਕਾਰੀ ਸੰਗਠਨ ਖਾਲਸਾ ਏਡ ਨੇ ਸ਼ਿੰਘੂ ਬਾਰਡਰ ਤੇ ਟਿੱਕੀ ਸਰਹੱਦ 'ਤੇ ਕਿਸਾਨ ਮਾਲ ਖੋਲ੍ਹਿਆ ਹੋਇਆ ਹੈ।

**ਕਿਵੇਂ ਕੰਮ ਕਰਦੀ ਹੈ ਜਥੇਬੰਦੀ ਖਾਲਸਾ ਏਡ**

ਖਾਲਸਾ ਏਡ ਜਥੇਬੰਦੀ ਦੇ ਵਰਕਰ ਕਿਸਾਨਾਂ ਕੋਲ ਜਾਂਦੇ ਹਨ ਅਤੇ ਦੇਖਦੇ ਹਨ ਕਿ ਕਿਸ ਨੂੰ ਮਦਦ ਦੀ ਲੋੜ ਹੈ। ਅਜਿਹੇ ਲੋਕਾਂ ਦੀ ਪਛਾਣ ਕੀਤੀ ਜਾਂਦੀ ਹੈ ਅਤੇ ਟੋਕਨ ਦਿੱਤੇ ਜਾਂਦੇ ਹਨ ਜੋ ਕਿਸਾਨ ਮਾਲ ਵਿਚ ਉਹਨਾਂ ਨੂੰ ਦਿਖਾ ਕੇ ਆਪਣੀ ਲੋੜ ਦੇ ਸਮਾਨ ਨੂੰ ਮੁਫਤ ਵਿੱਚ ਲੈ ਸਕਦੇ ਹਨ। ਇਹਨਾਂ ਕੋਲ ਫਾਰਮ ਭਰਾਏ ਜਾਂਦੇ ਹਨ। ਇਸ ਮਾਲ ਵਿੱਚ ਜੁੱਤੇ, ਕੰਬਲ-ਸਾਲ, ਮੈਫਲਰ, ਨਿਊਡ ਟੂਥ-ਟੁੱਥ ਬੁਰਸ, ਸਾਬਣ, ਵੈਸਲਿਨ, ਕੰਘੀ ਆਦਿ ਦਿੱਤੇ ਜਾਂਦੇ ਹਨ।

ਟਿੱਕਰੀ ਸਰਹੱਦ 'ਤੇ ਕਿਸਾਨ ਮਾਲ ਵਿਚ ਕੰਮ ਕਰਨ ਵਾਲੇ ਇਕ ਮੈਂਬਰ ਨੇ ਕਿਹਾ ਕਿ ਹਰ ਰੋਜ 500 ਲੋਕਾਂ ਨੂੰ ਟੋਕਨ ਦਿੱਤੇ ਜਾਂਦੇ ਹਨ। ਜਦੋਂ ਇਹ ਲੋਕ ਟੋਕਨ ਲੈ ਕੇ ਮਾਲ ਵਿੱਚ ਆਉਂਦੇ ਹਨ ਤਾਂ ਖਾਲਸਾ ਏਡ ਦੇ ਵਰਕਰ ਬੈਗ ਵਿੱਚ ਲੋੜੀਂਦੇ ਸਾਮਾਨ ਦਿੰਦੇ ਹਨ। ਕਿਸਾਨਾਂ ਲਈ ਇੱਕ ਫੁੱਟ ਮਸਾਜ ਸੈਂਟਰ ਵੀ ਬਣਾਇਆ ਗਿਆ ਹੈ ਜਿੱਥੇ ਕਿਸਾਨ ਆਪਣੀ ਥਕਾਵਟ ਤੋਂ ਛੁਟਕਾਰਾ ਪਾ ਸਕਦੇ ਹਨ। ਇਸ ਤੋਂ ਇਲਾਵਾ ਮਾਲ ਦੇ ਬਾਹਰ ਖਾਲਸਾ ਏਡ ਲੋਕਾਂ ਨੂੰ ਲੰਗਰ ਵੀ ਛਕਾਉਂਦੀ ਹੈ। ਇਸ ਤੋਂ ਇਲਾਵਾ ਧਰਨੇ 'ਚ ਡਟੇ ਕਿਸਾਨਾਂ ਲਈ ਜਰੂਰੀ ਦਵਾਈਆਂ ਆਦਿ ਵੀ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ। ਖਾਲਸਾ ਏਡ ਨੇ ਧਰਨੇ ਵਾਲੀ ਥਾਂ 'ਤੇ ਅੱਗ ਬੁਝਾਓ ਯੰਤਰ ਵੰਡ ਰਹੀ ਹੈ ਤਾਂ ਜੋ ਅਣਸੁਖਾਵੀਂ ਘਟਨਾ ਨਾ ਵਾਪਰੇ।

ਇਸ ਸਬੰਧ ਵਿੱਚ ਖਾਲਸਾ ਏਡ ਨੇ ਇਕ ਪੋਸਟ ਫੇਸ ਬੁਕ ਉਪਰ ਸ਼ੇਅਰ ਕਰਦੇ ਹੋਏ ਲਿਖਿਆ ਹੈ, "ਕਿਉਂਕਿ ਸਾਰੇ ਟਰੈਕਟਰ ਦਿੱਲੀ ਬਾਰਡਰ 'ਤੇ ਨੇੜਿਓਂ ਪਾਰਕ ਕੀਤੇ ਗਏ ਹਨ। ਇਸ ਲਈ ਅੱਗ ਤੋਂ ਸੁਰੱਖਿਆ ਸਾਰਿਆਂ ਲਈ ਚਿੰਤਾ ਦਾ ਵਿਸਾ ਸੀ। ਖਾਲਸਾ ਏਡ ਦੀ ਟੀਮ ਨੇ ਵਿਰੋਧ ਪ੍ਰਦਰਸਨ ਕਰ ਰਹੇ ਕਿਸਾਨਾਂ ਨੂੰ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਾਅ ਦੇ ਵਜੋਂ ਅੱਗ ਬੁਝਾਓ ਯੰਤਰ ਵੰਡ ਰਹੀ ਹੈ।"

ਦੱਸ ਦੇਈਏ ਕਿ ਕੁਝ ਦਿਨ ਪਹਿਲਾਂ ਧਰਨੇ ਵਾਲੀ ਥਾਂ 'ਤੇ ਕਾਰ 'ਚ ਅੱਗ ਲੱਗਣ ਨਾਲ ਧਨੌਲੇ ਦੇ ਟਰੈਕਟਰ ਮਕੈਨਿਕ ਦੀ ਮੌਤ ਹੋ ਗਈ ਸੀ। ਜਨਕ ਰਾਜ ਵਾਸੀ ਧਨੌਲਾ ਟਰੈਕਟਰ 'ਚ ਮੁਫਤ ਰਿਪੇਅਰ ਕਰਨ ਆਈ ਟੀਮ ਨਾਲ ਆਇਆ ਸੀ। ਇਸ ਮੋਰਚੇ 'ਚ ਵੱਡੀ ਗਿਣਤੀ 'ਚ ਲੋਕ ਆਪਣੇ ਸਾਧਨਾਂ ਨਾਲ ਪਹੁੰਚੇ ਹਨ। ਇਸ ਦੇ ਨਾਲ ਹੀ ਗੈਸ ਤੇ ਬਾਲਣ ਨਾਲ ਵੱਡੀ ਮਾਤਰਾ 'ਚ ਕਿਸਾਨਾਂ ਲਈ ਲੰਗਰ ਤਿਆਰ ਹੋ ਰਿਹਾ ਹੈ।

ਖਾਲਸਾ ਏਡ ਪ੍ਰੋਜੈਕਟ ਦੇ ਏਸੀਆ ਚੈਪਟਰ ਦੇ ਡਾਇਰੈਕਟਰ ਅਮਨਪ੍ਰੀਤ ਸਿੰਘ ਨੇ ਕਿਹਾ ਕਿ ਪਹਿਲਾਂ ਰਾਹਤ ਸਮੱਗਰੀ ਦੇ ਸਟਾਲਾਂ 'ਤੇ ਭੀੜ ਪ੍ਰਦਰਸਨਕਾਰੀਆਂ ਨੂੰ ਸਹੀ ਸਾਈਜ ਲੱਭਣ 'ਚ ਵਿਘਨ ਪਾਉਂਦੀ ਸੀ, ਜਦਕਿ ਬਜੁਰਗ ਆਪਣੀ ਉਮਰ ਕਾਰਨ ਭੀੜ ਤੋਂ ਦੂਰ ਰਹਿਣਾ ਸਹੀ ਸਮਝਦੇ ਸੀ। ਭੀੜ 'ਚ ਸਹੀ ਕਿਸਮ ਦੀ ਸਮੱਗਰੀ ਪ੍ਰਾਪਤ ਕਰਨ 'ਚ ਕਿਸਾਨਾਂ ਦੀ ਮੁਸਕਲ ਦਾ ਨੋਟਿਸ ਲੈਂਦਿਆਂ, ਅਸੀਂ ਇਕ ਮਾਲ ਸਥਾਪਤ ਕਰਨ ਦਾ ਵਿਚਾਰ ਲਿਆ। ਜੋ ਰਾਹਤ ਸਮੱਗਰੀ ਪਹਿਲਾਂ ਆਈ ਹੈ ਉਹ ਹਰ ਇੱਕ ਦੇ ਸਹੀ ਸਾਈਜ ਉਪਲਬਧ ਨਾ ਹੋਣ ਕਾਰਨ ਕਾਫੀ ਮੁਸਕਿਲਾਂ ਆ ਰਹੀਆਂ ਸੀ। ਇਸ ਦੇ ਨਾਲ ਹੀ, ਕਿਸਾਨਾਂ ਦਾ ਇੱਕ ਵੱਡਾ ਹਿੱਸਾ ਸੀ ਜੋ ਸੋਚਦਾ ਸੀ ਕਿ ਭੀੜ ਵਿੱਚ ਸਾਮਲ ਹੋਣਾ ਅਤੇ ਸਹਾਇਤਾ ਲੈਣਾ ਉਨ੍ਹਾਂ ਦੇ ਮਾਣ ਨੂੰ ਘਟਾਉਂਦਾ ਹੈ। ਬਜੁਰਗਾਂ, ਖਾਸਕਰ ਔਰਤਾਂ ਨੂੰ ਆਪਣੀ ਪਸੰਦ ਦੀ ਸਮੱਗਰੀ ਲੈਣ 'ਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ।

ਬਰਨਾਲਾ ਤੋਂ 70 ਸਾਲਾ ਇੱਕ ਕਿਸਾਨ ਅਜਮੇਰ ਸਿੰਘ ਨੇ ਕਿਹਾ, " ਖਾਲਸਾ ਏਡ ਦਾ ਇਹ ਮਾਲ ਬਹੁਤ ਸੰਗਠਿਤ ਹੈ ਅਤੇ ਜਰੂਰਤ ਪੈਣ 'ਤੇ ਨਿਸਚਤ ਤੌਰ 'ਤੇ ਕਿਸਾਨਾਂ ਨੂੰ ਜਿਆਦਾ ਦੇਰ ਤੱਕ ਅਰਾਮ ਨਾਲ ਰਹਿਣ 'ਚ ਮਦਦ ਕਰੇਗਾ।"

ਮਾਲ 'ਚ ਕੰਬਲ, ਟੁੱਥਬਰੱਸ, ਟੁੱਥਪੇਸਟ, ਥਰਮਲ, ਸਵੈਟਰ, ਜੈਕਟ, ਵੈਸਟ, ਕੰਬਲ, ਤੇਲ, ਵੈਸਲਿਨ, ਜੁਰਾਬਾਂ, ਧੋਣ ਵਾਲੇ ਸਾਬਣ, ਨਹਾਉਣ ਵਾਲੇ ਸਾਬਣ, ਸੈਂਪੂ, ਕੰਘੀ, ਮਫਲਰ, ਓਡੋਮੋਸ, ਸੁੱਕਾ ਦੁੱਧ, ਸੈਨੇਟਰੀ ਪੈਡ ਅਤੇ ਜੁੱਤੇ ਪ੍ਰਦਾਨ ਕੀਤੇ ਜਾ ਰਹੇ ਹਨ। ਮਾਲ 'ਚ ਹੀਟਿੰਗ ਪੈਡ, ਤੌਲੀਏ, ਲੋਈ, ਚੱਪਲਾਂ, ਗਾਰਬੇਜ ਬੈਗ, ਨੀ ਕੈਪ, ਨੇਲ ਕਟਰ ਆਦਿ ਵੀ ਉਪਲਬਧ ਹਨ।

ਜਥੇਬੰਦੀ ਨੇ ਵੀ ਸਿੰਘੂ ਸਰਹੱਦ 'ਤੇ ਇਸੇ ਤਰ੍ਹਾਂ ਦਾ ਮਾਲ ਵੀ ਖੋਲ੍ਹਿਆ ਹੈ। ਇਕ ਕਿਸਾਨ ਨੇ ਕਿਹਾ, "ਪੰਜਾਬ ਦੇ ਲੋਕਾਂ ਕੋਲ ਸੇਵਾ ਦਾ ਗੁਰੂ ਵਿਰਸਾ ਹੈ ਅਤੇ ਇਸੇ ਭਾਵਨਾ ਕਾਰਨ ਕਿਸਾਨ ਮਾਲ ਖੋਲ੍ਹਿਆ ਗਿਆ ਹੈ। ਦਿੱਲੀ ਦੀ ਠੰਢ ਵਿੱਚ ਕਿਸਾਨਾਂ ਨੂੰ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਲਈ ਸਰਕਾਰ ਦਾ ਕੰਮ ਸੀ ਕਿ ਉਹ ਉਨ੍ਹਾਂ ਦੀ ਦੇਖਭਾਲ ਕਰਦੀ। ਦੁੱਖ ਦੀ ਗੱਲ ਹੈ ਕਿ ਸਰਕਾਰ ਇਹਨਾਂ ਨਾਲ ਦੁਸ਼ਮਣਾਂ ਵਰਗਾ ਵਿਹਾਰ ਕਰ ਰਹੀ ਹੈ। ਪਰ ਸ਼ਿੰਘੂ ਤੇ ਟੀਕਰੀ ਸਰਹੱਦ 'ਤੇ ਕਿਸਾਨ ਮਾਲ ਖੋਲਕੇ ਖਾਲਸਾ ਏਡ ਕਿਸਾਨ ਅੰਦੋਲਨਕਾਰੀਆਂ ਦੀ ਮਦਦ ਕਰ ਰਹੀ ਹੈ।ਇਹ ਕਿਸਾਨਾਂ ਦੇ ਮਾਲ ਸਿੱਖ ਪਰੰਪਰਾ ਦੀ ਸੇਵਾ ਅਤੇ ਲੋੜਵੰਦਾਂ ਨੂੰ ਸਿੱਧੇ ਤੌਰ 'ਤੇ ਸੇਵਾ ਕਿਵੇਂ ਪਹੁੰਚਾਉਣੀ ਹੈ, ਦਾ ਇੱਕ ਸੁੰਦਰ ਉਦਾਹਰਣ ਹੈ।

**ਖਾਲਸਾ ਏਡ ਦੇ ਮੁਖੀ ਰਵੀ ਸਿੰਘ**

ਸਿੱਖਾਂ ਦੀ ਜਿਹੜੀ ਪਛਾਣ ਦੀ ਸਮੱਸਿਆ ਵਿਦੇਸ਼ਾਂ ਵਿਚ ਪੈਦਾ ਹੋਈ ਹੈ, ਉਸਨੂੰ ਦੂਰ ਕਰਨ ਵਿਚ ਅਜਿਹੀ ਇੱਕ ਸਵੈ ਸੇਵੀ ਨਿਰਸਵਾਰਥ ਸੰਸਥਾ ਨਾਨਕ ਨਾਮ ਲੇਵਾ ਭਾਈ ਰਾਵਿੰਦਰ ਸਿੰਘ, ਜਿਸਨੂੰ ਰਵੀ ਸਿੰਘ ਦੇ ਨਾਮ ਨਾਲ ਦੁਨੀਆਂ ਵਿਚ ਜਾਣਿਆਂ ਜਾਂਦਾ ਹੈ, ਨੇ ਇੰਗਲੈਂਡ ਦੇ ਸਲੋਹ ਸ਼ਹਿਰ ਵਿਚ ਖਾਲਸਾ ਦੀ ਸਾਜਨਾ ਦੇ 300ਵੇਂ ਵਰ੍ਹੇ 1999 ਵਿਚ ਖਾਲਸਾ ਏਡ ਮਿਸ਼ਨ ਸਥਾਪਤ ਕੀਤੀ ਸੀ। ਇਸ ਖਾਲਸਾ ਏਡ ਮਿਸ਼ਨ ਟਰੱਸਟ ਦੇ 6 ਟਰੱਸਟੀ ਹਨ। ਰਾਵਿੰਦਰ ਸਿੰਘ ਇਸਦੇ ਮੁੱਖੀ ਹਨ। ਇਹ ਸੰਸਥਾ ਇੰਗਲੈਂਡ ਦੇ ਚੈਰਿਟੀ ਕਮਿਸ਼ਨ ਅਧੀਨ ਰਜਿਸਟਰਡ ਕੀਤੀ ਗਈ ਹੈ। ਭਾਰਤ ਵਿਚ ਇਹ ਗੈਰਸਰਕਾਰੀ ਸੰਸਥਾ 2012 ਵਿਚ ਰਜਿਸਟਰ ਹੋਈ ਹੈ। ਭਾਰਤ ਵਿਚ ਇਸਦੇ 9 ਟਰੱਸਟੀ ਹਨ। ਇਸਦੇ ਭਾਰਤ ਦੇ ਡਾਇਰੈਕਟਰ ਅਮਰਜੀਤ ਸਿੰਘ ਹਨ। ਸੰਸਾਰ ਵਿਚ ਇਸ ਸੰਸਥਾ ਦੇ 18,000 ਵਾਲੰਟੀਅਰ ਹਨ। ਇਹ ਸੰਸਥਾ ਸੰਸਾਰ ਵਿਚ ਕਿਸੇ ਵੀ ਥਾਂ ਤੇ ਕੋਈ ਭੀੜ ਪਵੇ, ਜੰਗ, ਤੂਫ਼ਾਨ, ਭੁਚਾਲ, ਸੁਨਾਮੀ, ਹੜ੍ਹ, ਭੁੱਖਮਰੀ ਜਾਂ ਕੋਈ ਵੀ ਹੋਰ ਕੁਦਰਤੀ ਆਫਤ ਆਈ ਹੋਵੇ, ਉਥੇ ਇਸਦੇ ਵਾਲੰਟੀਅਰ ਰਾਸ਼ਣ ਪਾਣੀ ਲੈ ਕੇ ਪਹੁੰਚ ਜਾਂਦੇ ਹਨ। ਮਾਨਵਤਾ ਦੀ ਸੇਵਾ ਇਸ ਸੰਸਥਾ ਦਾ ਮੁੱਖ ਕੰਮ ਹੈ। ਜਿੱਥੇ ਸਰਕਾਰਾਂ ਹੱਥ ਖੜ੍ਹੇ ਕਰ ਦਿੰਦੀਆਂ ਹਨ, ਉਥੇ ਇਸ ਸੰਸਥਾ ਦੇ ਵਾਲੰਟੀਅਰ ਸੇਵਾਦਾਰ ਪਹੁੰਚਕੇ ਇਨਸਾਨੀਅਤ ਦੀ ਸੇਵਾ ਕਰਦੇ ਹਨ। ਹੁਣ ਤੱਕ ਸੰਸਾਰ ਦੇ ਪੱਚੀ ਦੇਸਾਂ ਵਿਚ ਇਸਨੇ ਮਾਨਵਤਾ ਦੀ ਸੇਵਾ ਕੀਤੀ ਹੈ। ਇਸ ਸੰਸਥਾ ਨੇ ਆਪਣੇ ਵਾਲੰਟੀਅਰ ਇਨ੍ਹਾਂ ਦੇਸਾਂ ਵਿਚ ਬਣਾ ਲਏ ਹਨ, ਜਿਹੜੇ ਆਪਣੀ ਹੱਕ ਸੱਚ ਦੀ ਕਮਾਈ ਦਾ ਦਸਵਾਂ ਹਿੱਸਾ, ਜਿਸਨੂੰ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਦਸਵੰਦ ਕਿਹਾ ਜਾਂਦਾ ਹੈ, ਇਸ ਮਿਸ਼ਨ ਨੂੰ ਦਾਨ ਦਿੰਦੇ ਹਨ ਜਿਸਦੇ ਨਾਲ ਇਹ ਸੰਸਥਾ ਮਾਨਵਤਾ ਦੀ ਸੇਵਾ ਕਰਦੀ ਹੈ। ਇਸ ਸੰਸਥਾ ਨੇ ਸੰਸਾਰ ਵਿਚ ਮਨੁੱਖਤਾ ਦੀ ਸੇਵਾ ਵਿਚ ਪਹਿਲ ਕਰਕੇ ਨਾਮਣਾ ਖੱਟਿਆ ਹੈ।

ਇਸ ਸੰਸਥਾ ਵੱਲੋਂ ਪਿਛਲੇ 18 ਸਾਲਾਂ ਵਿਚ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਦਾ ਲੇਖਾ ਜੋਖਾ ਦੇਣ ਦੀ ਕੋਸਿਸ਼ ਕਰਾਂਗਾ ਜੋ ਸੰਖੇਪ ਵਿਚ ਇਸ ਪ੍ਰਕਾਰ ਹਨ-ਸਭ ਤੋਂ ਪਹਿਲਾਂ ਇਸ ਸੰਸਥਾ ਨੇ ਅਪ੍ਰੈਲ 1999 ਵਿਚ ਯੋਗੋਸਲਾਵੀਆ ਵਿਚ ਅਲਵਾਨੀਆਂ ਦੇ ਸਥਾਨ ਤੇ ਕੋਸੋਵ ਮਿਸ਼ਨ ਦੇ ਨਾਂ ਤੇ ਖ਼ੂਨੀ ਲੜਾਈ ਵਿਚ ਬੇਘਰ ਹੋਏ ਸ਼ਰਨਾਰਥੀਆਂ ਨੂੰ ਮੁਫ਼ਤ ਖਾਣਾ, ਜਿਸਨੂੰ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਲੰਗਰ ਕਿਹਾ ਜਾਂਦਾ ਹੈ, ਟਰੱਕਾਂ ਵਿਚ ਲਿਜਾਕੇ ਖਿਲਾਇਆ। ਕਿਸੇ ਵੀ ਵਿਅਕਤੀ ਨੂੰ ਭੁੱਖਾ ਨਹੀਂ ਰਹਿਣ ਦਿੱਤਾ। ਜੰਗ ਦੌਰਾਨ ਭਾਈ ਘਨ੍ਹਈਆ ਦੀ ਤਰ੍ਹਾਂ ਸੇਵਾ ਕੀਤੀ। ਕੱਪੜਾ ਲੀੜਾ ਤਨ ਢੱਕਣ ਲਈ ਜਿਹੜਾ ਜ਼ਰੂਰੀ ਸੀ ਉਹ ਦਿੱਤਾ ਗਿਆ। ਅਗਸਤ 1999 ਵਿਚ ਤੁਰਕੀ ਵਿਚ ਭੂਚਾਲ ਆ ਗਿਆ ਜਿਸ ਵਿਚ ਅਨੇਕਾਂ ਲੋਕ ਘਰੋਂ ਬੇਘਰ ਹੋ ਗਏ। ਉਥੇ ਵੀ ਖਾਲਸਾ ਏਡ ਦੇ ਵਾਲੰਟੀਅਰ ਰਵੀ ਸਿੰਘ ਦੀ ਅਗਵਾਈ ਵਿਚ ਪਹੁੰਚੇ ਅਤੇ ਲੋੜਮੰਦਾਂ ਨੂੰ ਖਾਣ ਪੀਣ ਤੋਂ ਇਲਾਵਾ ਹਰ ਲੋੜੀਂਦਾ ਕਪੜਾ ਲੀੜਾ ਦਿੱਤਾ। ਦਸੰਬਰ 1999 ਵਿਚ ਭਾਰਤ ਵਿਚ ਉੜੀਸਾ ਵਿਚ ਸੁਨਾਮੀ ਆ ਗਈ ਜਿਸਨੇ ਇਨਸਾਨੀਅਤ ਨੂੰ ਵਖਤ ਪਾ ਦਿੱਤਾ। ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੋਇਆ। ਖਾਲਸਾ ਏਡ ਦੇ ਵਾਲੰਟੀਅਰ ਉਥੇ ਪਹੁੰਚੇ ਅਤੇ ਲੰਗਰ ਲਗਾਕੇ ਲੋਕਾਂ ਨੂੰ ਖਾਣਾ ਲਗਾਤਾਰ ਖਲਾਉਂਦੇ ਰਹੇ। ਇਥੋਂ ਤੱਕ ਕਿ ਘਰ ਵੀ ਬਣਾਕੇ ਦਿੱਤੇ। ਇਸ ਤੋਂ ਬਾਅਦ ਲਗਾਤਾਰ ਸਮੁੱਚੇ ਸੰਸਾਰ ਵਿਚ ਇਹ ਸਿਲਸਿਲਾ ਚਲਦਾ ਆ ਰਿਹਾ ਹੈ।

ਜਨਵਰੀ 2002 ਵਿਚ ਕਾਂਗੋ ਤੇ ਰਵਾਂਡਾ ਵਿਚ ਜਵਾਲਾਮੁੱਖੀ ਫੱਟਣ ਨਾਲ ਆਫਤ ਆ ਗਈ। ਖਾਲਸਾ ਏਡ ਨੇ ਉਥੇ ਪਹੁੰਚਕੇ ਖਾਣਾ ਅਤੇ ਹੋਰ ਸਾਜੋ ਸਾਮਾਨ ਸਪਲਾਈ ਕੀਤਾ। ਜੁਲਾਈ 2003 ਵਿਚ ਕਾਬੁਲ ਦੇ ਸ਼ਰਨਾਰਥੀਆਂ ਦੀ ਮਦਦ ਕੀਤੀ।ਦਸੰਬਰ 2004 ਵਿਚ ਭਾਰਤ ਦੇ ਅੰਡੇਮਾਨ ਟਾਪੂ ਵਿਚ ਸੁਨਾਮੀ ਆ ਗਈ ਇਥੇ ਵੀ ਵਾਲੰਟੀਅਰਾਂ ਨੇ ਜਾ ਕੇ ਲੰਗਰ ਲਾਇਆ ਅਤੇ ਕਪੜੇ ਲੀੜੇ ਦਿੱਤੇ। ਮਾਰਚ 2005 ਵਿਚ ਪਾਕਿਸਤਾਨ ਵਿਚ ਭੁਚਾਲ ਆ ਗਿਆ। ਇਸ ਮੌਕੇ ਵੀ ਖਾਲਸਾ ਏਡ ਨੇ ਖਾਣਾ ਪਹੁੰਚਾਇਆ ਅਤੇ ਲੋਕਾਂ ਦੇ ਮੁੜਵਸੇਬੇ ਵਿਚ ਮਦਦ ਕੀਤੀ। ਇਸੇ ਤਰ੍ਹਾਂ ਅਗਸਤ 2007 ਪੰਜਾਬ ਦੇ ਹੜ੍ਹਾਂ, ਜਨਵਰੀ 2010 ਵਿਚ ਹੈਤੀ ਭੁਚਾਲ, ਮਾਰਚ 2011 ਲਿਬੀਆ ਅਤੇ ਸੀਰੀਆ, 2013 ਵਿਚ ਉਤਰਾਖੰਡ ਹੜ੍ਹਾਂ ਦੌਰਾਨ, ਸਤੰਬਰ 2013 ਵਿਚ ਮੁਜ਼ੱਫਰਪੁਰ ਦੰਗੇ, ਸਤੰਬਰ 2014 ਜੰਮੂ ਕਸ਼ਮੀਰ ਹੜ੍ਹਾਂ ਦੌਰਾਨ, ਜੁਲਾਈ 2015 ਯਮਨ ਗ੍ਰਹਿ ਯੁੱਧ, ਮਈ 2016 ਗ੍ਰੀਸ ਸ਼ਰਨਾਰਥੀ ਅਤੇ 2017 ਅਗਸਤ ਰੋਹਿੰਗੀਆ ਮਿਸ਼ਨ ਵਿਚ ਲੰਗਰ ਕਪੜਾ ਲੀੜਾ ਅਤੇ ਹੋਰ ਸਾਮਾਨ ਉਪਲਭਧ ਕਰਵਾਇਆ।

ਜਨਵਰੀ 2014 ਵਿਚ ਇੰਗਲੈਂਡ ਦੇ ਸਮਰਸੈਟ ਅਤੇ ਬਰਕਸ਼ਾਇਰ ਇਲਾਕਿਆਂ ਦੇ ਪਿੰਡਾਂ ਵਿਚ ਭਿਆਨਕ ਹੜ੍ਹ ਆ ਗਿਆ। ਹੜ੍ਹ ਇਤਨਾ ਜ਼ਿਆਦਾ ਸੀ ਕਿ ਘਰਾਂ ਦੇ ਘਰ ਰੋੜ੍ਹ ਕੇ ਲੈ ਗਿਆ। ਹਜ਼ਾਰਾਂ ਟਨ ਕੂੜਾ ਘਰਾਂ ਵਿਚ ਇਕੱਠਾ ਹੋ ਗਿਆ। ਉਥੋਂ ਦਾ ਪ੍ਰਬੰਧ ਵੀ ਬੇਬਸ ਹੋ ਗਿਆ। ਖਾਲਸਾ ਏਡ ਦੇ 50 ਵਾਲੰਟੀਅਰ ਉਥੇ ਪਹੁੰਚ ਗਏ, ਜਿਨ੍ਹਾਂ ਉਥੋਂ ਦੇ ਬੇਘਰ ਹੋਏ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਕੈਂਪਿੰਗ ਰਾਹੀਂ ਕੀਤਾ ਅਤੇ ਖਾਣ ਪੀਣ ਲਈ ਲੰਗਰ ਅਤੇ ਪਾਣੀ ਲਗਾਤਾਰ ਦਿੰਦੇ ਰਹੇ, ਜਿਤਨੀ ਦੇਰ ਤੱਕ ਉਨ੍ਹਾਂ ਦਾ ਸਥਾਈ ਪ੍ਰਬੰਧ ਨਹੀਂ ਹੋ ਗਿਆ। ਖਾਲਸਾ ਏਡ ਦੇ ਵਾਲੰਟੀਅਰਾਂ ਨੇ 1500 ਘੰਟੇ ਲਗਾਤਾਰ ਕੰਮ ਕਰਕੇ 1ਲੱਖ 600 ਟਨ ਕੂੜ ਕਬਾੜ ਦੇ ਬੈਗ ਢੋਅ ਕੇ ਘਰਾਂ ਵਿਚੋਂ ਬਾਹਰ ਸੁੱਟੇ। ਜੇਕਰ ਇਹ ਗੰਦ ਮੰਦ ਢੋਅ ਕੇ ਬਾਹਰ ਨਾ ਲਿਜਾਂਦੇ ਤਾਂ ਬਿਮਾਰੀਆਂ ਫੈਲਣ ਦਾ ਡਰ ਸੀ।

ਖਾਲਸਾ ਏਡ ਦੀ ਸੇਵਾ ਭਾਵਨਾ ਵੇਖ ਕੇ ਸਥਾਨਕ ਗੋਰੇ ਵੀ ਵਾਲੰਟੀਅਰ ਬਣ ਗਏ। ਰਵੀ ਸਿੰਘ ਦੀ ਸੇਵਾ ਤੋਂ ਗੋਰੇ ਇਤਨੇ ਪ੍ਰਭਾਵਤ ਹੋਏ ਕਿ ਉਨਾਂ ਨੇ ਉਥੋਂ ਦੇ "ਸਰਪ੍ਰਾਈਜ਼ ਸਰਪ੍ਰਾਈਜ਼" ਟੈਲੀਵਿਜ਼ਨ ਸ਼ੋ ਵਿਚ ਰਵੀ ਸਿੰਘ ਨੂੰ ਬੁਲਾਕੇ ਵਿਸ਼ੇਸ ਤੌਰ ਤੇ ਸਨਮਾਨਤ ਕੀਤਾ ਅਤੇ ਉਸਦੀ ਪੁਰਾਣੀ ਕਬਾੜ ਹੋਈ ਕਾਰ ਦੀ ਮੁਰੰਮਤ ਕਰਵਾਕੇ ਦਿੱਤੀ। ਅਪ੍ਰੈਲ 2015 ਵਿਚ ਨੇਪਾਲ ਭੁਚਾਲ ਦੇ ਸਮੇਂ ਹਰ ਰੋਜ਼ 10,000 ਲੋਕਾਂ ਨੂੰ ਦੋ ਮਹੀਨੇ ਲਗਾਤਾਰ ਲੰਗਰ ਛਕਾਉਂਦੇ ਰਹੇ। ਇਸ ਤੋਂ ਇਲਾਵਾ ਕੱਪੜਾ ਲੀੜਾ ਦਿੱਤਾ ਅਤੇ 1200 ਘਰ ਨਵੇਂ ਉਸਾਰਕੇ ਦਿੱਤੇ। ਸੀਰੀਆ ਵਿਖੇ ਸ਼ਰਨਾਰਥੀਆਂ ਨੂੰ ਖਾਣਾ ਦਿਤਾ। ਇਸੇ ਤਰ੍ਹਾਂ ਸਾਲ 2018 ਵਿਚ ਜਦੋਂ ਕੇਰਲ ਸਭ ਤੋਂ ਭਿਆਨਕ ਹੜ੍ਹਾਂ ਦੀ ਲਪੇਟ ਵਿਚ ਆਇਆ ਤਾਂ ਜਥੇਬੰਦੀ ਨੇ ਪੀੜਤ ਲੋਕਾਂ ਨੂੰ ਲੋੜੀਂਦੀਆਂ ਵਸਤਾਂ ਮੁਹੱਈਆ ਕਰਵਾਈਆਂ ਅਤੇ 15,000 ਲੋਕਾਂ ਲਈ ਰੋਜਾਨਾ ਗਰਮ ਅਤੇ ਤਾਜਾ ਭੋਜਨ ਦਾ ਪ੍ਰਬੰਧ ਕੀਤਾ। ਪੰਜਾਬ ਵਿਚ ਹੜਾਂ ਦੌਰਾਨ ਕਿਸਾਨਾਂ ਤੇ ਦਲਿਤਾਂ ਦੀ ਮਦਦ ਕੀਤੀ।

ਰਵੀ ਸਿੰਘ ਮਹਿਸੂਸ ਕਰ ਰਿਹਾ ਹੈ ਕਿ ਲੋਕਾਂ ਵਿਚ ਜਾਗ੍ਰਤੀ ਲਿਆਉਣ ਲਈ ਪੜ੍ਹਾਈ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ ਉਹ ਸਿਹਤ ਬਾਰੇ ਵੀ ਚਿੰਤਾਤੁਰ ਹੈ। ਇਸ ਲਈ ਉਸਨੇ ਆਪਣੇ ਵਾਲਟੀਅਰਜ਼ ਦੀ ਮਦਦ ਨਾਲ ਪੰਜਾਬ ਵਿਚ ਸਿੱਖਿਆ ਅਤੇ ਸਿਹਤ ਸਹੂਲਤਾਂ ਦੇਣ ਦਾ ਪ੍ਰੋਗਰਾਮ ਬਣਾਇਆ ਹੈ। ਇਸ ਮੰਤਵ ਲਈ ਉਨ੍ਹਾਂ ਪੰਜਾਬ ਵਿਚ ਦੋ ਸਕੂਲ ਇਕ ਪਟਿਆਲਾ ਵਿਖੇ ਭਾਈ ਲਾਲੋ ਮਿਡਲ ਸਕੂਲ ਭਾਈ ਘਨ੍ਹਈਆ ਚੈਰੀਟੇਬਲ ਟਰੱਸਟ ਅਤੇ ਦੂਜਾ ਸੰਗਰੂਰ ਜਿਲ੍ਹੇ ਵਿਚ ਭਵਾਨੀਗੜ੍ਹ ਵਿਖੇ ਖਾਲਸਾ ਏਡ ਦਸ਼ਮੇਸ ਸਕੂਲ ਜੋ ਕਾਕੜਾ ਪਿੰਡ ਦੇ ਨਜ਼ਦੀਕ ਚੁਣੇ ਹਨ। ਇਨ੍ਹਾਂ ਸਕੂਲਾਂ ਦੇ 1500 ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਖਾਲਸਾ ਏਡ ਮਿਸ਼ਨ ਕਰ ਰਿਹਾ ਹੈ।

**ਖਾਲਸਾ ਏਡ ਵਿਰੁਧ ਦਰਬਾਰੀ ਮੀਡੀਆ**

ਇਸ ਦੌਰਾਨ ਕੇਂਦਰ ਸਰਕਾਰ ਦਾ ਦਰਬਾਰੀ ਮੀਡੀਆ ਝੂਠਾ ਪ੍ਰਚਾਰ ਕਰਕੇ ਕਿਸਾਨਾਂ ਦੇ ਅੰਦੋਲਨ ਨੂੰ ਇਕ ਤਰ੍ਹਾਂ ਨਾਲ ਨਕਾਰਣ ਵਿਚ ਲੱਗਾ ਹੋਇਆ ਹੈ। ਕਈ ਵਾਰ ਗੋਦੀ ਮੀਡੀਆ ਵਲੋਂ ਇਸ ਨੂੰ ਖਾਲਿਸਤਾਨ ਨਾਲ ਜੋੜਿਆ ਜਾਂਦਾ ਕਦੇ ਇਹ ਦੋਸ ਲਾਇਆ ਜਾਂਦਾ ਹੈ ਕਿ ਇਹ ਕਿਸਾਨਾਂ ਨੂੰ ਖਾਲਿਸਤਾਨ ਦੇ ਨਾਮ ਉਪਰ ਭੜਕਾ ਰਿਹਾ ਹੈ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਤੇ ਪੰਥਕ ਵਿਦਵਾਨ ਗੁਰਤੇਜ ਸਿੰਘ ਆਈ ਏ ਐਸ ਨੇ ਵਖੋ ਵਖਰੇ ਬਿਆਨਾਂ ਵਿਚ ਖਾਲਸਾ ਏਡ ਅਤੇ ਇਸ ਦੇ ਫਾਊਂਡਰ ਮੁਖੀ ਭਾਈ ਰਵੀ ਸਿੰਘ ਅਤੇ ਅਜਿਹੀਆਂ ਹੀ ਹੋਰ ਕਿਸਾਨ ਅੰਦੋਲਨ ਵਿਚ ਡਟੇ ਕਿਸਾਨਾਂ ਲਈ ਨਿਰਸਵਾਰਥ ਸੇਵਾ ਨਿਭਾਅ ਰਹੀਆਂ ਜਥੇਬੰਦੀਆਂ ਖਿਲਾਫ ਗਲਤ ਪ੍ਰਚਾਰ ਕਰਨ ਵਾਲੇ ਲੋਕਾਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ ਤੇ ਮੋਦੀ ਸਰਕਾਰ ਨੂੰ ਕਿਹਾ ਹੈ ਕਿ ਇਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਉਹਨਾਂ ਕਿਹਾ ਹੈ ਕਿ ਖਾਲਸਾ ਏਡ ਵੱਲੋਂ ਭਾਰਤ ਸਮੇਤ ਵਿਸ਼ਵ ਵਿੱਚ ਮਾਨਵਤਾ ਦੇ ਭਲੇ ਲਈ ਅਨੇਕਾਂ ਪ੍ਰਾਜੈਕਟ ਚਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਹੋ ਰਹੇ ਕਿਸਾਨ ਅੰਦੋਲਨ ਸਮੇਤ ਖਾਲਸਾ ਏਡ ਵੱਲੋਂ ਨਿਰੰਤਰ ਭਲਾਈ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਥੇਬੰਦੀ 'ਤੇ ਜਿਹੜੇ ਦੋਸ਼ ਲਾਏ ਜਾ ਰਹੇ ਹਨ, ਉਹ ਬੇਬੁਨਿਆਦ ਹਨ। ਉਨ੍ਹਾਂ ਕਿਹਾ ਕਿ ਮਨੁੱਖਤਾ ਲਈ ਨਿਰਸਵਾਰਥ ਸੇਵਾ ਵੱਡਾ ਕਾਰਜ ਹੈ ਜਿਸ ਖਿਲਾਫ ਕਿੰਤੂ ਪ੍ਰੰਤੂ ਕਰਨਾ ਸ਼ੋਭਾ ਨਹੀਂ ਦਿੰਦਾ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਗਲਤ ਪ੍ਰਚਾਰ ਕਰਨ ਵਾਲੇ ਲੋਕਾਂ ਤੇ ਮੀਡੀਆ ਖਿਲਾਫ ਕਾਰਵਾਈ ਕੀਤੀ ਜਾਵੇ।

# ਸ਼ੋਸ਼ਲ ਮੀਡੀਆ ਉੱਪਰ ਕਿਸਾਨ ਅੰਦੋਲਨ ਬਾਰੇ ਟੋਟਕਿਆਂ ਉੱਤੇ ਇੱਕ ਝਾਤ

**- ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ ਯੂਕੇ**

ਦਿੱਲੀ ਦੇ ਇੱਕ ਵਿਦਿਆਰਥੀ ਵੱਲੋਂ ਸੁਪਰੀਮ ਕੋਰਟ ਵਿੱਚ ਇਹ ਪਟੀਸ਼ਨ ਦਾਖਲ ਕੀਤੀ ਗਈ ਕਿ ਕਿਸਾਨ ਅੰਦੋਲਨ ਕਾਰਨ ਦਿੱਲੀ ਵਾਸੀਆਂ ਨੂੰ ਬਹੁਤ ਦਿੱਕਤਾਂ ਪੇਸ਼ ਆ ਰਹੀਆਂ ਹਨ ਜਿਸ ਕਰਕੇ ਇਸ ਅੰਦੋਲਨ ਨੂੰ ਜਾਂ ਤਾਂ ਸਮਾਪਤ ਕਰਨ ਦਾ ਹੁਕਮ ਦਿੱਤਾ ਜਾਵੇ ਜਾਂ ਫਿਰ ਬਰਾੜੀ, ਜੰਤਰ ਮੰਤਰ ਜਾਂ ਨਿਰੰਕਾਰੀ ਭਵਨ ਸ਼ਿਫ਼ਟ ਕਰਨ ਦੇ ਅਦੇਸ਼ ਦਿੱਤੇ ਜਾਣ, ਸੁਪਰੀਮ ਕੋਰਟ ਨੇ ਸੁਣਵਾਈ ਕਰਨ ਤੋਂ ਬਾਅਦ ਜੋ ਟਿੱਪਣੀ ਕੀਤੀ ਹੈ, ਉਹ ਬਹੁਤ ਹੀ ਕਾਬਲੇ ਗ਼ੌਰ ਹੈ। ਸੁਪਰੀਮ ਕੋਰਟ ਨੇ ਜਿੱਥੇ ਇਹ ਕਿਹਾ ਕਿ ਕਿਸਾਨ ਅੰਦੋਲਨ ਲੋਕਤੰਤਰੀ ਰਵਾਇਤਾਂ ਦੇ ਮੁਤਾਬਿਕ ਹੈ, ਇਸ ਨੂੰ ਬੰਦ ਨਹੀਂ ਕੀਤਾ ਜਾ ਸਕਦਾ। ਉੱਥੇ ਰਸਤਾ ਕਿਸਾਨਾਂ ਨੇ ਨਹੀਂ ਬਲਕਿ ਦਿੱਲੀ ਤੇ ਹਰਿਆਣੇ ਦੀ ਪੁਲਿਸ ਨੇ ਰੋਕਿਆ ਹੋਇਆ ਹੈ। ਇਸਦੇ ਨਾਲ ਹੀ ਸੁਪਰੀਮ ਕੋਰਟ ਨੇ ਸਰਕਾਰ ਨੂੰ ਸੁਝਾ ਦਿੱਤਾ ਹੈ ਕਿ ਖੇਤੀ ਬਿੱਲਾਂ ਨੂੰ ਲਾਗੂ ਕਰਨ ਦੀ ਕਾਹਲ ਨਾ ਕਰਕੇ, ਇਹਨਾਂ ਸਬੰਧੀ ਇੱਕ ਸਾਂਝੀ ਕਮੇਟੀ ਬਣਾ ਕੇ ਮਸਲੇ ਨੂੰ ਜਲਦੀ ਤੋਂ ਜਲਦੀ ਸਮਾਪਤ ਕੀਤਾ ਜਾਵੇ। ਸੁਪਰੀਮ ਕੋਰਟ ਦੀਆਂ ਉਕਤ ਟਿੱਪਣੀਆਂ ਤੋਂ ਇਹ ਗੱਲ ਬਿਲਕੁਲ ਸਪਸ਼ਟ ਹੋ ਜਾਂਦੀ ਕਿ ਸਰਕਾਰ ਕਿਸਾਨ ਅੰਦੋਲਨ ਨੂੰ ਫੇਲ ਕਰਨ ਵਾਸਤੇ ਹੁਣ ਕਿਸੇ ਵੀ ਤਰਾਂ ਦੇ ਬਲ ਦਾ ਪ੍ਰਯੋਗ ਕਦੇ ਵੀ ਨਹੀਂ ਕਰ ਸਕਦੀ।

ਅੰਦੋਲਨ ਕਾਰਨ ਨਵੀਂ ਗੱਲ ਨਿਕਲ ਕੇ ਇਹ ਵੀ ਬਾਹਰ ਆਈ ਹੈ ਕਿ ਭਾਰਤ ਸਰਕਾਰ ਜਿਹਨਾਂ ਬਿੱਲਾਂ ਨੂੰ ਕਿਸਾਨ ਹਿਤੂ ਦੱਸਦੀ ਸੀ, ਹੁਣ ਖ਼ੁਦ ਮੰਨ ਰਹੀ ਹੈ ਕਿ ਤਿੰਨੇ ਖੇਤੀ ਬਿੱਲ ਅੱਸੀ ਫੀਸਦੀ ਕਾਣੇ ਹਨ, ਸਰਮਾਏਦਾਰਾਂ ਦੇ ਹਿਤਾਂ ਨੂੰ ਮੁੱਖ ਰੱਖ ਕੇ ਬਣਾਏ ਗਏ ਹਨ। ਸੋਧਾਂ ਕਰਨ ਦੀ ਗੱਲ ਵੀ ਸਰਕਾਰ ਮੰਨ ਰਹੀ ਪਰ ਬਿੱਲਾਂ ਨੂੰ ਰੱਦ ਕਰਨ ਵਾਸਤੇ ਤਿਆਰ ਨਹੀਂ ਜਿਸ ਤੋਂ ਸਾਫ਼ ਪਤਾ ਲਗਦਾ ਹੈ ਕਿ ਇਹਨਾਂ ਬਿੱਲਾਂ ਨੂੰ ਪਾਸ ਕਰਨ ਜਾਂ ਕਰਾਉਣ ਪਿੱਛੇ ਕੋਈ ਬਹੁਤ ਵੱਡੀ ਡੀਲ ਹੋਈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਤੇ ਹਰਿਆਣੇ ਦੇ ਕਲਾਕਾਰਾਂ ਨੇ ਇਸ ਅੰਦੋਲਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ ਤੇ ਲਗਾਤਾਰ ਪਾ ਵੀ ਰਹੇ ਹਨ, ਥੋੜੇ ਕੁ ਦਿਨ ਪਹਿਲਾਂ ਗੁਰਦਾਸ ਮਾਨ ਵੀ ਚਾਦਰਾ ਕਮੀਜ਼ ਪਹਿਨਕੇ ਤੇ ਸਿਰ 'ਤੇ ਪਰਨਾ ਬੰਨ ਕੇ ਵਹਿੰਦੀ ਗੰਗਾ ਵਿੱਚ ਹੱਥ ਧੋਣ ਵਾਸਤੇ ਦਿੱਲੀ ਦੇ ਸਿੰਘੂ ਬਾਰਡਰ 'ਤੇ ਜਾ ਹਾਜ਼ਰ ਹੋਇਆ ਸੀ, ਪਰ ਨਿਰਾਸ ਹੋ ਕੇ ਵਾਪਸ ਮੁੜਿਆ, ਪੰਜਾਬੀਆਂ ਨੇ ਮੂੰਹ ਹੀ ਨਹੀਂ ਲਾਇਆ। ਗ਼ਲਤੀ ਮੰਨਣ ਗਿਆ ਪਰ ਈਗੋ ਅੜਿੱਕਾ ਬਣ ਗਈ।

ਕਿਸਾਨ ਅੰਦੋਲਨ ਰਾਹੀਂ ਪੰਜਾਬੀਆਂ ਨੇ ਪੂਰੀ ਦੁਨੀਆ ਵਿੱਚ ਇਹ ਸੁਨੇਹਾ ਪਹੁੰਚਾ ਦਿੱਤਾ ਕਿ ਉਹ ਅਤਿਵਾਦੀ ਨਹੀਂ ਸਗੋਂ ਸ਼ਾਂਤੀ ਪਸੰਦ ਹਨ। ਭਾਈਚਾਰਾ ਤੇ ਸਾਂਝੀਵਾਲਤਾ ਉਹਨਾਂ ਦੀ ਰੂਹ ਵਿੱਚ ਵੱਸਦੀ ਹੈ। ਹੱਕਾਂ ਵਾਸਤੇ ਉਹ ਡਟ ਜਾਂਦੇ ਹਨ ਤੇ ਵੱਡੀ ਤੋਂ ਵੱਡੀ ਕੁਰਬਾਨੀ ਵੀ ਕਰ ਜਾਂਦੇ ਹਨ। ਪੰਜਾਬੀ ਆਪ ਪਹਿਲ ਨਹੀਂ ਕਰਦੇ ਪਰ ਜੇਕਰ ਕੋਈ ਉਹਨਾਂ ਦੀ ਅਣਖ ਨੂੰ ਵੰਗਾਰੇ ਤਾਂ ਫੇਰ ਬੂਰੇ ਦੇ ਘਰ ਤਕ ਵੀ ਚਲੇ ਜਾਂਦੇ ਹਨ ਤੇ ਇਸ ਵੇਲੇ ਬੂਰੇ ਦੇ ਘਰ ਦੀ ਨਾਕਾਬੰਦੀ ਕਰੀ ਬੈਠੇ ਹਨ।

ਇਹ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਦੇ ਲੋਕਾਂ ਨੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਤੇ ਸਿਆਸੀ ਲੋਕਾਂ ਉੱਤੇ ਖੁੱਲ ਕੇ ਬੇਭਰੋਸਗੀ ਜ਼ਾਹਿਰ ਕੀਤੀ ਹੈ। ਕਿਸਾਨੀ ਅੰਦੋਲਨ ਦੀਆਂ ਸਟੇਜਾਂ ਤੋਂ ਇਹਨਾਂ ਨੂੰ ਦੂਰ ਰੱਖਿਆ ਹੈ। ਇਸ ਵੇਲੇ ਪੰਜਾਬ ਵਿੱਚ ਅਕਾਲੀ, ਆਪ ਤੇ ਕਾਂਗਰਸ ਦੀ ਹਾਲਤ ਖਸਿਆਨੀ ਬਿੱਲੀ ਦੇ ਖੰਭਾ ਨੋਚਣ ਵਾਲੀ ਬਣ ਚੁੱਕੀ ਹੈ ਜਿਸ ਕਰਕੇ ਕਦੀ ਕੁਝ ਬਿਆਨ ਦੇ ਦਿੰਦੇ ਹਨ ਤੇ ਕਦੀ ਕੁਝ। ਇਸ ਘਟਨਾਕ੍ਰਮ ਨੂੰ ਦੇਖ ਕੇ ਇੰਜ ਲਗਦਾ ਹੈ ਕਿ ਪੰਜਾਬ ਵਿੱਚ ਭਵਿੱਖ ਵਿੱਚ ਕੋਈ ਨਵਾਂ ਸਿਆਸੀ ਸਮੀਕਰਨ ਉੱਸਲਵੱਟੇ ਲੈ ਰਿਹਾ ਹੈ।

ਕਿਰਤੀ ਕਿਸਾਨ ਅੰਦੋਲਨ ਨੇ ਇੱਕ ਗੱਲ ਇਹ ਵੀ ਜ਼ਾਹਿਰ ਕਰ ਦਿੱਤੀ ਹੈ ਸਿਆਸੀ ਲੋਕ ਸਿਰਫ਼ ਤੇ ਸਿਰਫ਼ ਆਪਣੇ ਨਿੱਜੀ ਹਿਤਾਂ ਨੂੰ ਹੀ ਅੱਗੇ ਰੱਖਦੇ ਹਨ। ਪੰਜਾਬ ਦਾ ਮੁੱਖ ਮੰਤਰੀ ਜਿਹੜਾ ਕਿਸਾਨਾਂ ਨੂੰ ਕਹਿੰਦਾ ਸੀ ਕਿ ਪੰਜਾਬ ਵਿੱਚ ਰੇਲਾਂ ਤੇ ਰਸਤੇ ਨਾ ਰੋਕੋ, ਜੋ ਕਰਨਾ ਹੈ, ਉਹ ਦਿੱਲੀ ਵਿੱਚ ਜਾ ਕੇ ਕਰੋ ਤੇ ਮੈਂ ਵੀ ਤੁਹਾਡੇ ਨਾਲ ਚੱਲਦਾ ਹਾਂ। ਹੁਣ ਪੰਜਾਬ ਸਾਰਾ ਪੋਹ ਮਹੀਨੇ ਦੀ ਠੰਢ ਵਿੱਚ ਦਿੱਲੀ ਦੀਆਂ ਸੜਕਾਂ 'ਤੇ ਬੈਠਾ ਹੈ ਤੇ ਅਮਰਿੰਦਰ ਸਿੰਘ ਮੂੰਹ ਵਿੱਚ ਘੁੰਗਣੀਆ ਪਾ ਕੇ ਬੈਠ ਗਿਆ ਹੈ। ਉਸ ਨੇ ਕਿਸਾਨਾਂ ਤੇ ਕਿਰਤੀਆਂ ਦੇ ਨਾਲ ਤਾਂ ਕੀ ਜਾਣਾ ਸੀ, ਇੱਕ ਅੱਧੇ ਦਿਨ ਵਾਸਤੇ ਸੱਚਿਓਂ ਝੂਠਿਓਂ ਉਹਨਾਂ ਦਾ ਹਾਲ ਚਾਲ ਪੁੱਛਣ ਵੀ ਨਹੀਂ ਗਿਆ।

ਕਿਸਾਨ ਅੰਦੋਲਨ ਨੂੰ ਚੱਲਦਿਆਂ ਢਾਈ ਕੁ ਮਹੀਨੇ ਦਾ ਸਮਾਂ ਹੋ ਗਿਆ ਹੈ। ਇਸ ਸਮੇਂ ਦੌਰਾਨ ਕਿਸਾਨ ਜਿੰਨਾ ਚਿਰ ਪੰਜਾਬ ਵਿੱਚ ਰੇਲ ਰਸਤਾ ਰੋਕੋ ਕਰਦੇ ਰਹੇ, ਭਾਰਤ ਸਰਕਾਰ ਨੇ ਉਹਨਾਂ ਨੂੰ ਪੂਰੀ ਤਰਾਂ ਅਣਗੌਲਿਆ ਕੀਤਾ। ਪੰਜਾਬ ਵਿੱਚ ਰੇਲਾਂ ਦੀ ਆਵਾਜਾਈ ਰੁਕੀ ਹੋਣ ਕਾਰਨ ਪੈਦਾ ਹੋਣ ਵਾਲੇ ਸੰਕਟ ਨੂੰ ਦੇਖਦਿਆਂ ਕਿਸਾਨਾਂ ਵੱਲੋਂ ਮਾਲ ਗੱਡੀਆਂ ਵਾਸਤੇ ਰਸਤਾ ਖੋਲਣ ਉਪਰੰਤ ਯਾਤਰੀ ਗੱਡੀਆਂ ਚਲਾਉਣ ਦੀ ਸ਼ਰਤ ਰੱਖੀ ਗਈ, ਪਰ ਦਿੱਲੀ ਘੇਰਨ ਨਾਲ ਹਾਲਾਤ ਉਲਟੇ ਹੋ ਗਏ। ਜਿਨਾਂ ਮੰਤਰੀਆਂ ਕੋਲ ਕਿਸਾਨਾਂ ਨਾਲ ਗੱਲ ਕਰਨ ਦਾ ਸਮਾਂ ਨਹੀਂ ਸੀ, ਉਹ ਕਿਸਾਨਾਂ ਨਾਲ ਲਗਾਤਾਰ ਮੀਟਿੰਗਾਂ ਕਰਨ ਲੱਗੇ। ਨੌਬਤ ਇੱਥੋਂ ਤਕ ਆ ਗਈ ਹੈ ਕਿ ਹੁਣ ਮੀਟਿੰਗਾਂ ਕਰਨ ਵਾਸਤੇ ਕੇਂਦਰੀ ਮੰਤਰੀ ਆਪ ਮਿੰਨਤਾਂ ਕਰ ਰਹੇ ਹਨ।

ਬਾਦਲ ਅਕਾਲੀ ਦਲ ਨੋਟਬੰਦੀ, ਜੀ ਐੱਸ ਟੀ, ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਦੀ ਸਮਾਪਤੀ, ਬਿਜਲੀ ਬਿੱਲ 2020 ਸਮੇਤ ਤਿੰਨ ਖੇਤੀ ਬਿੱਲਾਂ ਨੂੰ ਪਾਸ ਕਰਨ ਦਾ ਜ਼ੋਰਦਾਰ ਸਮਰਥਨ ਕਰਦਾ ਰਿਹਾ ਹੈ। ਪਾਰਲੀਮੈਂਟ ਦੀ ਫ਼ਸੀਲ 'ਤੇ ਬੋਲਦਿਆਂ ਸੁਖਬੀਰ ਸਿੰਘ ਬਾਦਲ ਨੇ ਖੇਤੀ ਬਿੱਲਾਂ ਦੀ ਭਰਵੀਂ ਤਾਰੀਫ਼ ਕਰਦਿਆਂ ਕਿਹਾ ਸੀ ਕਿ ਇਹ ਬਿੱਲ ਕਿਸਾਨਾਂ ਦੇ ਭਲੇ ਵਾਸਤੇ ਹਨ। ਇਹੀ ਗੱਲ ਬੀਬਾ ਹਰਸਿਮਰਤ ਤੇ ਬਾਬੇ ਪ੍ਰਕਾਸ਼ ਸਿੰਘ ਬਾਦਲ ਨੇ ਵੀ ਕਹੀ ਸੀ। ਕਿਸਾਨ ਅੰਦੋਲਨ ਕਾਰਨ ਹਵਾ ਦਾ ਰੁਖ ਭਾਂਪਦਿਆਂ ਇਹਨਾਂ ਨੂੰ ਵੀ ਆਪਣੀ ਸਿਆਸੀ ਲਾਲਸਾ ਦੀ ਮਜਬੂਰੀ ਕਾਰਨ ਭਾਜਪਾ ਨਾਲੋਂ ਰਿਸ਼ਤਾ ਖ਼ਤਮ ਕਰਨਾ ਪਿਆ। ਪਰ ਪੰਜਾਬ ਦੇ ਲੋਕ ਸ਼ਾਇਦ ਹੁਣ ਇਹਨਾਂ ਮਤਲਬ ਪ੍ਰਸਤ ਲੋਕਾਂ 'ਤੇ ਕਦੇ ਵੀ ਵਿਸ਼ਵਾਸ ਕਰਨ ਦੀ ਗ਼ਲਤੀ ਨਹੀਂ ਕਰਨਗੇ। ਕਿਸਾਨ ਅੰਦੋਲਨ ਤੋਂ ਸਪੱਸ਼ਟ ਹੋ ਗਿਆ ਹੈ ਕਿ ਪੰਜਾਬ ਦਾ ਨੌਜਵਾਨ ਜਾਗ ਚੁੱਕਾ ਹੈ ਤੇ ਪੂਰੇ ਜੋਸ਼ ਤੇ ਉਤਸ਼ਾਹ ਨਾਲ ਆਪਣੇ ਹੱਕਾਂ ਦੀ ਲੜਾਈ ਵਾਸਤੇ ਅੱਗੇ ਆ ਚੁੱਕਾ ਹੈ। ਹੁਣ ਨੌਜਵਾਨੀ ਨੂੰ ਸਮਾਰਟ ਫ਼ੋਨ ਤੇ ਲੈਪਟਾਪ ਦੇ ਲਾਲਚ ਨਾਲ ਮੂਰਖ ਨਹੀਂ ਬਣਾਇਆ ਜਾ ਸਕਦਾ। ਕਿਸਾਨ ਅੰਦੋਲਨ ਵਿੱਚ ਨੌਜਵਾਨ ਦਾ ਜੋਸ਼ ਇਹ ਸਾਬਤ ਕਰ ਰਿਹਾ ਹੈ ਕਿ ਉਹ ਪੰਜਾਬ ਦੀ ਹੋਂਦ ਤੇ ਸੱਭਿਆਚਾਰ ਨੂੰ ਬਚਾਉਣ ਵਾਸਤੇ ਕਿਸੇ ਵੀ ਹੱਦ ਤਕ ਜਾਣ ਨੂੰ ਤਿਆਰ ਹਨ, ਜੋ ਕਿ ਇੱਕ ਬਹੁਤ ਹੀ ਖ਼ੁਸ਼ੀ ਤੇ ਤਸੱਲੀ ਵਾਲੀ ਗੱਲ ਹੈ।

ਹਰਿਆਣੇ ਵਿੱਚ ਭਾਜਪਾ ਦੀ ਸਰਕਾਰ ਹੈ। ਮਨੋਹਰ ਲਾਲ ਖੱਟੜ ਬੜਾ ਕੱਟੜ ਭਗਵੇਂ ਵਾਦੀ ਹੈ। ਕਿਸਾਨ ਅੰਦੋਲਨ ਨੂੰ ਅਸਫਲ ਬਣਾਉਣ ਵਾਸਤੇ ਉਸ ਨੇ ਹੁਣ ਤਕ ਪੂਰਾ ਤਾਣ ਲਗਾਇਆ ਹੈ ਤੇ ਅੱਗੋਂ ਵੀ ਲਗਾਉਂਦਾ ਰਹੇਗਾ। ਪਹਿਲਾਂ ਕਿਸਾਨਾਂ ਉੱਤੇ ਅੱਤਵਾਦੀ, ਖਾਲਿਸਤਾਨੀ, ਪਾਕਿਸਤਾਨੀ, ਮਾਓਵਾਦੀ ਤੇ ਨਕਸਲਵਾਦੀ ਲੇਬਲ ਲਾਉਣ ਦੀ ਕੋਸ਼ਿਸ਼ ਕੀਤੀ ਗਈ, ਫਿਰ ਰਸਤਾ ਰੋਕਣ ਦੀ ਅਸਫਲ ਕੋਸ਼ਿਸ਼ ਕੀਤੀ ਗਈ ਤੇ ਬਾਦ ਵਿੱਚ ਇਹ ਬਿਆਨ ਦਿੱਤੇ ਗਏ ਕਿ ਹਰਿਆਣੇ ਦੇ ਕਿਸਾਨ ਖੇਤੀ ਬਿੱਲਾਂ ਤੋਂ ਖ਼ੁਸ਼ ਹਨ। ਹੁਣ ਨਕਲੀ ਕਿਸਾਨ ਯੂਨੀਅਨਾਂ ਬਣਾ ਕੇ ਉਹਨਾਂ ਤੋਂ ਖੇਤੀ ਬਿੱਲਾਂ ਦੇ ਹੱਕ ਵਿੱਚ ਧਰਨੇ ਤੇ ਮੁਜ਼ਾਹਰੇ ਕਰਾਉਣ ਦੀ ਪਲਾਨ ਬਣਾਉਣ ਦੇ ਨਾਲ ਨਾਲ ਹੀ ਸਤਲੁਜ ਜਮਨਾ ਲਿੰਕ ਨਹਿਰ ਦਾ ਮੁੱਦਾ ਉਠਾ ਰਿਹਾ ਹੈ। ਕਹਿਣ ਦਾ ਭਾਵ ਇਹ ਕਿ ਕੇਂਦਰ ਸਰਕਾਰ ਦਾ ਇਹ ਪਿੱਠੂ ਕਿਸਾਨ ਅੰਦੋਲਨ ਨੂੰ ਢਾਹ ਲਗਦੀ ਹਰ ਪੱਖੋਂ ਢਾਹ ਲਾਉਣ ਦੀ ਕੋਸ਼ਿਸ਼ ਵਿੱਚ ਹੈ। ਇਹ ਵੱਖਰੀ ਗੱਲ ਹੈ ਕਿ ਅਜੇ ਤਕ ਸਫਲ ਨਹੀਂ ਹੋ ਸਕਿਆ। ਮੈਂ ਹਰਿਆਣੇ ਤੇ ਪੰਜਾਬ ਦੇ ਕਿਸਾਨਾਂ ਨੂੰ ਇੱਕ ਗੱਲ ਸਪਸ਼ਟ ਕਰਨੀ ਚਾਹੁੰਦਾ ਹਾਂ ਕਿ ਕਿਸਾਨ ਅੰਦੋਲਨ ਤੇ ਸਤਲੁਜ ਜਮਨਾ ਨਹਿਰ ਦਾ ਮੁੱਦਾ ਦੋ ਬਿਲਕੁਲ ਅਲੱਗ ਅਲੱਗ ਮੁੱਦੇ ਹਨ। ਇਹਨਾਂ ਨੂੰ ਇੱਕ ਦੂਸਰੇ ਨਾਲ ਜੋੜਕੇ ਦੇਖਣਾ ਬਹੁਤ ਵੱਡੀ ਭੁੱਲ ਹੋਵੇਗੀ। ਇਸ ਵਕਤ ਸਿਰਫ਼ ਤਿੰਨ ਖੇਤੀ ਬਿੱਲਾਂ ਦਾ ਮਾਮਲਾ ਹੱਲ ਕਰਵਾਏ ਜਾਣ ਦੀ ਲੋੜ ਹੈ, ਪਰ ਹਰਿਆਣਾ ਭਾਜਪਾ, ਖੇਤੀ ਬਿੱਲਾਂ ਤੋਂ ਲੋਕਾਂ ਦਾ ਧਿਆਨ ਮੋੜਨ ਵਾਸਤੇ ਲਿੰਕ ਨਹਿਰ ਦਾ ਪੱਤਾ ਖੇਡ ਰਹੀ ਹੈ ਜਿਸ ਵਿੱਚ ਉਸ ਨੂੰ ਸਫਲਤਾ ਨਹੀਂ ਮਿਲੇਗੀ।

ਪੰਜਾਬ ਦੇ ਲੋਕ ਸਿਆਸੀ ਪਾਰਟੀਆਂ ਦੀਆਂ ਤੇ ਉਹਨਾਂ ਦੇ ਲੀਡਰਾਂ ਦੀਆਂ ਕਠਪੁਤਲੀਆਂ ਬਣਕੇ ਪਿਛਲੇ 73 ਸਾਲ ਤੋਂ ਜਿਵੇਂ ਉਹ ਨਚਾਉਂਦੇ ਰਹੇ, ਨੱਚਦੇ ਰਹੇ ਤੇ ਬਹੁਤ ਲੰਮਾ ਸਮਾਂ ਨੱਚਦੇ ਰਹੇ। ਇਸਦਾ ਸਿੱਟਾ ਇਹ ਨਿਕਲਦਾ ਸੀ ਕਿ ਕਦੇ ਪੰਜ ਸਾਲ ਵਾਸਤੇ 'ਨੀਲੇ' ਆ ਕੇ ਪੰਜਾਬ ਨੂੰ ਲੁੱਟਦੇ ਰਹੇ ਤੇ ਕਦੇ 'ਚਿੱਟੇ'। ਕ੍ਰਿਕਟ ਦੀ ਖੇਡ ਵਾਂਗ ਤੇ ਉੱਤਰ ਕਾਟੋ ਹੁਣ ਮੇਰੀ ਵਾਰੀ ਵਾਂਗ ਇਹ ਵਰਤਾਰਾ ਬਹੁਤ ਲੰਮਾ ਸਮਾਂ ਚੱਲਦਾ ਰਿਹਾ। ਪਰ ਕਿਸਾਨ ਅੰਦੋਲਨ ਤੋਂ ਇੱਕ ਅਜਿਹੀ ਕ੍ਰਾਂਤੀ ਪੈਦਾ ਹੋਈ ਹੈ ਜਿਸ ਨੇ ਉਕਤ ਸਿਆਸੀ ਖੇਡ ਨੂੰ ਪੂਰੀ ਤਰਾਂ ਨਕਾਰ ਦਿੱਤਾ ਹੈ। ਇਹਨਾਂ ਸਭ ਪਾਰਟੀਆਂ ਨੂੰ ਪਾਸੇ ਕਰਕੇ ਲੋਕਾਂ ਨੇ ਆਪ ਸੰਘਰਸ਼ ਸ਼ੁਰੂ ਕੀਤਾ ਹੈ। ਹੁਣ ਇਸ ਅੰਦੋਲਨ ਨੇ ਇਹ ਦੱਸ ਦਿੱਤਾ ਹੈ ਕਿ ਬਿਨਾ ਜਿੱਤ ਪ੍ਰਾਪਤ ਕੀਤਿਆਂ, ਦਿੱਲੀ ਬਾਰਡਰ ਤੋਂ ਵਾਪਸ ਜਾ ਕੇ ਪੰਜਾਬ ਵਿੱਚ ਲੀਡਰੀ ਦਾ ਦਾਅਵਾ ਠੋਕਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਸਹੀ ਗੱਲ ਤਾਂ ਇਹ ਹੈ ਕਿ ਕਿਸਾਨ ਅੰਦੋਲਨ ਨੇ ਪੰਜਾਬੀਆਂ ਨੂੰ ਉਹ ਜੁਗਤੀ ਸਿਖਾਈ ਹੈ ਕਿ ਲੀਡਰਾਂ ਨੂੰ ਆਪਣੀਆਂ ਕਠਪੁਤਲੀਆਂ ਕਿਵੇਂ ਬਣਾਉਣਾ ਤੇ ਅੱਜ ਲੀਡਰ ਤੇ ਸਿਆਸੀ ਪਾਰਟੀਆਂ ਲੋਕਾਂ ਦੀਆਂ ਕਠਪੁਤਲੀਆਂ ਬਣ ਚੁੱਕੇ ਹਨ। ਇਹੀ ਕਾਰਨ ਹੈ ਕਿ ਕਿਸਾਨ ਅੰਦੋਲਨ ਨੂੰ ਸਮਰਥਨ ਦੇਣ ਵਾਸਤੇ ਤਰਲੇ ਤੇ ਹਾੜੇ ਕੱਢ ਰਹੇ ਹਨ।



ਦਿੱਲੀ ਬਾਰਡਰ 'ਤੇ ਦਿੱਲੀ ਨੂੰ ਚੌਪਾਸਿਓਂ ਘੇਰਾ ਪਾਈ ਕਿਸਾਨਾਂ ਨੂੰ ਦੇਖ ਕੇ ਇਹ ਗੱਲ ਵਾਰ ਵਾਰ ਮਨ ਵਿੱਚ ਆਉਂਦੀ ਹੈ ਕਿ ਇਸ ਅੰਦੋਲਨ ਤੋਂ ਪਹਿਲਾਂ ਸਿਆਸੀ ਲੋਕਾਂ ਦਾ ਵਾਹ ਵਾਸਤਾ ਹਮੇਸ਼ਾ ਹੀ ਉਹਨਾਂ ਲੋਕਾਂ ਨਾਲ ਪੈਂਦਾ ਰਿਹਾ ਜੋ ਆਪਣੇ ਹੱਕਾਂ ਵਾਸਤੇ ਇੱਕ ਦਿਨ ਦਾ ਧਰਨਾ ਮਾਰਦੇ ਸਨ, ਕਿਸੇ ਮੰਤਰੀ ਦੀ ਰਿਹਾਇਸ਼ ਦਾ ਘੇਰਾਓ ਕਰਦੇ ਸਨ ਜਾਂ ਫਿਰ ਕੁਝ ਕੁ ਦਿਨ ਦੀ ਭੁੱਖ ਹੜਤਾਲ 'ਤੇ ਬੈਠਦੇ ਸਨ ਤੇ ਅਖੀਰ ਵਿੱਚ ਪੁਲਿਸ ਦੇ ਡਾਂਗਾਂ ਸੋਟੇ ਖਾ ਕੇ, ਆਪਣੇ ਕੱਪੜੇ ਪੜਵਾ ਕੇ, ਪੱਗਾਂ ਲੁਹਾ ਕੇ ਤੇ ਧੂਹ ਘੜੀਸ ਕਰਵਾ ਕੇ ਮਸਲੇ ਦੇ ਬਿਨਾ ਕਿਸੇ ਹੱਲ ਤੋਂ ਘਰੋ ਘਰੀਂ ਪਰਤ ਜਾਂਦੇ ਸਨ। ਪਰ ਕਿਸਾਨ ਅੰਦੋਲਨ ਪਹਿਲੀ ਮਿਸਾਲ ਹੈ ਜੋ ਧਰਨੇ 'ਤੇ ਵੀ ਅੜ ਕੇ ਬੈਠੇ ਹਨ।

ਇਸ ਅੰਦੋਲਨ ਸੰਬੰਧੀ ਕਿਰਤੀ ਤੇ ਕਿਸਾਨਾਂ ਵੱਲੋਂ ਅਪਣਾਈ ਗਈ ਹਾਂ ਜਾਂ ਨਾਂਹ ਵਾਲੀ ਪਹੁੰਚ ਕਈਆਂ ਨੂੰ ਅਤਾਰਕਿਕ ਲੱਗ ਰਹੀ ਹੈ ਜਦ ਕਿ ਉਹਨਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਅਸਲ ਲੜਾਈ ਸਰਕਾਰ ਵੱਲੋਂ ਆਪਣੀ ਮਨ ਮਰਜ਼ੀ ਨਾਲ ਲਾਗੂ ਕੀਤੇ ਬਿੱਲਾਂ ਨੂੰ ਰੱਦ ਕਰਾਉਣ ਦੀ ਨਹੀਂ ਸਗੋਂ ਇਸਦੇ ਨਾਲ ਹੀ ਸਮੇਂ ਦੀਆਂ ਸਰਕਾਰਾਂ ਵੱਲੋਂ ਲੋਕ ਹਿਤਾਂ ਵਿਰੁੱਧ ਕੀਤੀ ਜਾ ਰਹੀਆਂ ਆਪ ਹੁਦਰੀਆਂ ਨੂੰ ਨੱਥ ਪਾਉਣ ਦੀ ਵੀ ਹੈ ਤੇ ਕਿਸਾਨਾਂ ਦੇ ਸਵੈਮਾਣ ਨੂੰ ਬਚਾਉਣ ਦੀ ਵੀ ਹੈ। ਇਸ ਵਾਰ ਜੇਕਰ ਇਹ ਮੋਰਚਾ ਨਾ ਜਿੱਤਿਆ ਗਿਆ ਤਾਂ ਫਿਰ ਭਵਿੱਖ ਵਿੱਚ ਸਰਕਾਰਾਂ ਆਪਣੀ ਅਜਿਹੀ ਮਨਮਰਜ਼ੀ ਖੁੱਲੇਆਮ ਕਰਨਗੀਆਂ ਤੇ ਜੋ ਵਿਰੋਧ ਕਰੇਗਾ ਉਸ ਦਾ ਹਾਲ ਮੁਲਾਜ਼ਮ ਜਥੇਬੰਦੀਆਂ ਦੇ ਧਰਨਿਆਂ ਵਿੱਚ ਪੁਲਿਸ ਵੱਲੋਂ ਕੀਤੀ ਜਾਣ ਵਾਲੀ ਕੁੱਟ-ਮਾਰ ਤੋਂ ਵੀ ਮਾੜਾ ਹੋਵੇਗਾ। ਸੋ ਇਸ ਸੰਘਰਸ਼ ਨੂੰ ਇੱਜ਼ਤ ਦਾ ਸਵਾਲ ਬਣਾ ਕੇ ਇਸ ਵਾਰ ਜਿੱਤਣਾ ਬਹੁਤ ਜ਼ਰੂਰੀ ਹੈ।

ਭਾਰਤ ਦਾ ਸਰਕਾਰੀ ਮੀਡੀਆ, ਜਿਸ ਨੂੰ ਗੋਦੀ ਤੇ ਵਿਕਾਊ ਮੀਡੀਆ ਵੀ ਕਿਹਾ ਜਾਂਦਾ ਹੈ, ਕਿਸਾਨਾਂ ਤੇ ਕਿਸਾਨ ਅੰਦੋਲਨ ਦੇ ਵਿਰੁੱਧ ਜ਼ਹਿਰ ਉਗਲ ਰਿਹਾ ਹੈ। ਬਾਤ ਦਾ ਬਤੰਗੜ ਬਣਾ ਕੇ ਪੇਸ਼ ਕਰ ਰਿਹਾ ਹੈ। ਇਸਦਾ ਟਾਕਰਾ ਕਰਨ ਵਾਸਤੇ ਤੇ ਇਸ ਪੇਡ ਮੀਡੀਏ ਨੂੰ ਮੂੰਹ ਦੀ ਖੁਆਉਣ ਵਾਸਤੇ ਸੋਸ਼ਲ ਮੀਡੀਏ ਦੇ ਸ਼ਕਤੀਸ਼ਾਲੀ ਹਥਿਆਰ ਦਾ ਇਸਤੇਮਾਲ ਕਰਨਾ ਇਸ ਵਕਤ ਬਹੁਤ ਜ਼ਰੂਰੀ ਹੈ। ਟਵਿਟਰ, ਫੇਸਬੁੱਕ, ਇੰਸਟਾਗਰਾਮ, ਵਾਟਸਐਪ, ਸਨੈਪ ਚੈਟ ਤੇ ਯੂ ਟਿਊਬ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਇਸ ਮੀਡੀਏ ਦੇ ਕੂੜ ਪ੍ਰਚਾਰ ਨੂੰ ਨਕੇਲਿਆ ਜਾ ਸਕਦਾ ਹੈ। ਪੰਜਾਬੀ ਗਾਇਕ ਦਲਜੀਤ ਦੁਸਾਂਝ ਨੇ ਕੰਗਣਾ ਰਣੌਤ ਦੇ ਮਾਮਲੇ ਵਿੱਚ ਇਸ ਮੀਡੀਏ ਦੀ ਵਰਤੋਂ ਕਰਕੇ ਵਧੀਆ ਉਦਾਹਰਨ ਪੇਸ਼ ਕੀਤੀ ਹੈ। ਇਸੇ ਤਰਾਂ ਹੋਰਨਾਂ ਨੂੰ ਵੀ ਇਸ ਮੀਡੀਏ ਦੀ ਵਰਤੋਂ ਕਰਕੇ ਕਿਸਾਨ ਅੰਦੋਲਨ ਦਾ ਸਮਰਥਨ ਕਰਨਾ ਚਾਹੀਦਾ ਹੈ ਤਾਂ ਕਿ ਗੋਦੀ ਮੀਡੀਏ ਨੂੰ ਮੂੰਹ ਤੋੜ ਜਵਾਬ ਵੀ ਦਿੱਤਾ ਜਾ ਸਕੇ ਤੇ ਸੰਘਰਸ਼ ਦੀ ਜਿੱਤ ਦੇ ਮੁਕਾਮ ਨੂੰ ਵੀ ਪਾਇਆ ਜਾ ਸਕੇ।

ਜਿਸ ਤਰਾਂ ਅਸੀਂ ਪਿੱਛੇ ਜ਼ਿਕਰ ਕਰ ਹੀ ਆਏ ਹਾਂ ਕਿ ਪੰਜਾਬੀ ਗਾਇਕਾਂ ਨੇ ਕਿਸਾਨ ਅੰਦੋਲਨ ਵਿੱਚ ਨਵੀਂ ਰੂਹ ਫ਼ੂਕ ਦਿੱਤੀ। ਉਹਨਾਂ ਨੇ ਮੌਕੇ ਦੀ ਲੋੜ ਮੁਤਾਬਿਕ ਗੀਤ ਗਾ ਕੇ ਨੌਜਵਾਨਾਂ ਵਿੱਚ ਨਵਾਂ ਜੋਸ਼ ਤੇ ਉਤਸ਼ਾਹ ਭਰ ਦਿੱਤਾ। ਇਹਨਾਂ ਗਾਇਕਾਂ ਵਿੱਚ ਬੱਬੂ ਮਾਨ, ਦਲਜੀਤ ਦੁਸਾਂਝ, ਕੰਵਰ ਗਰੇਵਾਲ, ਰਵਿੰਦਰ ਗਰੇਵਾਲ, ਇੰਦਰਜੀਤ ਨਿੱਕੂ, ਰਣਜੀਤ ਬਾਵਾ, ਸਰਦੂਲ ਸਿਕੰਦਰ, ਅਮਰ ਨੂਰੀ, ਰਾਜ ਕਾਕੜਾ, ਸੋਨੂੰ ਢਿੱਲੋਂ, ਸ਼ਿੰਦਾ ਸੁਰੀਲਾ, ਨੂਰਾਂ ਸਿਸਟਰ, ਹਰਫ਼ ਚੀਮਾ, ਗੁਰਪ੍ਰੀਤ ਘੁੱਗੀ ਤੇ ਹੋਰਾਂ ਨੇ ਮੋਹਰੀ ਦੀ ਸ਼ਾਨਦਾਰ ਭੂਮਿਕਾ ਨਿਭਾਈ ਹੈ ਤੇ ਲਗਾਤਾਰ ਨਿਭਾ ਰਹੇ ਹਨ। ਇਹ ਸਾਰੇ ਕਲਾਕਾਰ ਕਿਸਾਨ ਸੰਘਰਸ਼ ਨੂੰ ਕਾਮਯਾਬ ਕਰਨ ਵਾਸਤੇ ਸਿਰਫ਼ ਗੀਤ ਹੀ ਨਹੀਂ ਗਾ ਰਹੇ ਸਗੋਂ ਸੰਘਰਸ਼ ਵਿੱਚ ਲਗਾਤਾਰ ਸ਼ਾਮਿਲ ਰਹਿ ਕੇ ਆਪਣਾ ਵੱਡਾ ਯੋਗਦਾਨ ਵੀ ਪਾ ਰਹੇ ਹਨ। ਇਸੇ ਤਰਾਂ ਦੀਪ ਸਿੱਧੂ, ਜੋਗਰਾਜ ਸਿੰਘ, ਸਤਿੰਦਰ ਸੱਤੀ, ਗੁਰਪਿੰਦਰ ਹਾਂਡਾ ਆਦਿ ਵੀ ਸ਼ਲਾਘਾਯੋਗ ਯੋਗਦਾਨ ਪਾ ਰਹੇ ਹਨ। ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਇਹਨਾਂ ਕਲਾਕਾਰਾਂ ਪ੍ਰਤੀ ਬੇਸ਼ੱਕ ਕਿਸੇ ਦੀ ਨਿੱਜੀ ਰਾਇ ਕੁਛ ਵੀ ਹੋਵੇ, ਪਰ ਕਿਸਾਨ ਸੰਘਰਸ਼ ਵਿੱਚ ਪਾਏ ਜਾ ਰਹੇ

**ਯੋਗਦਾਨ ਵਜੋਂ ਇਹਨਾਂ ਦੀ ਜਿੰਨੀ ਤਾਰੀਫ਼ ਕੀਤੀ ਜਾਵੇ ਥੋੜੀ ਹੈ।**

ਆਪਾਂ ਸਭਨਾਂ ਨੂੰ ਪਤਾ ਹੈ ਕਿ ਇਹ ਸਾਲ ਇਸ ਵਾਰ ਕੋਰੋਨਾ ਮਹਾਮਾਰੀ ਦੀ ਭੇਂਟ ਚੜ ਗਿਆ ਹੈ। ਇਸੇ ਸਾਲ ਮਾਰਚ, ਅਪ੍ਰੈਲ ਦੇ ਮਹੀਨਿਆਂ ਤੋਂ ਪ੍ਰਵਾਸੀ ਪੰਜਾਬੀਆਂ ਪ੍ਰਤੀ ਪੰਜਾਬ ਸਰਕਾਰ ਤੇ ਲੋਕਾਂ ਵੱਲੋਂ ਬਹੁਤ ਗ਼ਲਤ ਪਹੁੰਚ ਅਪਣਾਈ ਗਈ ਸੀ। ਪ੍ਰਵਾਸੀਆਂ ਨੂੰ ਕਾਫ਼ੀ ਮੰਦਾ ਚੰਗਾ ਵੀ ਬੋਲਿਆ ਗਿਆ ਸੀ ਤੇ ਸਰਕਾਰ ਵੱਲੋਂ ਉਹਨਾਂ ਨੂੰ ਦਸ ਨੰਬਰੀਆਂ ਦੀ ਤਰਾਂ ਘਰਾਂ ਵਿੱਚ ਵੀ ਬੰਦ ਕੀਤਾ ਗਿਆ ਸੀ, ਪਰ ਉਹਨਾਂ ਦੀ ਫ਼ਰਾਖ਼-ਦਿਲੀ ਦੇਖੋ ਕਿ ਸਾਰੇ ਗਿਲੇ ਸ਼ਿਕਵੇ ਭੁੱਲ ਕੇ ਕਿਸਾਨ ਅੰਦੋਲਨ ਨੂੰ ਤਨੋ, ਮਨੋ ਤੇ ਧਨੋ ਸਹਿਯੋਗ ਦੇ ਰਹੇ ਹਨ। ਆਪਣਿਆਂ ਦਾ ਦੁੱਖ ਸਮਝਦਿਆਂ ਦੁੱਖ ਦੀ ਘੜੀ ਵਿੱਚ ਆਪਣਿਆਂ ਦੇ ਨਾਲ ਖੜੇ ਹਨ। ਇਹ ਤਾਂ ਕੋਰੋਨਾ ਮਹਾਂਮਾਰੀ ਕਰਕੇ ਹੈ, ਨਹੀਂ ਤਾਂ ਸਭ ਪ੍ਰਵਾਸੀ ਪੰਜਾਬੀ ਇਸ ਵੇਲੇ ਦਿੱਲੀ ਵਿਖੇ ਕਿਸਾਨ ਅੰਦੋਲਨ ਦਾ ਹਿੱਸਾ ਹੁੰਦੇ। ਪਰ ਫਿਰ ਉਹ ਜਿੱਥੇ ਕਿਤੇ ਵੀ ਬੈਠੇ ਹਨ ਆਪੋ ਆਪਣੇ ਢੰਗ ਨਾਲ ਕਿਸਾਨ ਸੰਘਰਸ਼ ਨੂੰ ਆਪਣਾ ਸਹਿਯੋਗ ਦੇ ਕੇ ਬਣਦੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾ ਰਹੇ ਹਨ ਜਿਸ ਵਾਸਤੇ ਵਿਸ਼ਵ ਵਿੱਚ ਵੱਸ ਰਹੇ ਸਮੂਹ ਪ੍ਰਵਾਸੀ ਪੰਜਾਬੀ ਸ਼ਾਬਾਸ਼ ਦੇ ਹੱਕਦਾਰ ਹਨ।

ਇਹ ਬਹੁਤ ਚੰਗੀ ਗੱਲ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ 'ਤੇ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਵਿੱਚ ਨਤ ਮਸਤਕ ਹੋਣ ਗਏ, ਪਰ ਇਕ ਗੱਲ ਸਮਝ ਨਹੀਂ ਆਈ ਕਿ ਉੱਥੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਉਹਨਾਂ ਦੇ ਗੱਲ ਵਿੱਚ ਹਾਰ ਪਾ ਕੇ ਸਿਰੋਪਾਓ ਕਿਉਂ ਦਿੱਤਾ ਗਿਆ? ਦੇਸ਼ ਦਾ ਕਿਸਾਨ ਜਿਸ ਵਿੱਚ ਸਾਰੇ ਧਰਮਾਂ ਤੇ ਫ਼ਿਰਕਿਆਂ ਦੇ ਲੋਕ ਹਨ, ਉਸ ਦੀ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਪੋਹ ਦੇ ਠੱਕਰ ਵਿੱਚ ਸੜਕਾਂ 'ਤੇ ਹਨ, ਉਸ ਤੋਂ ਦੁਖੀ ਹੋ ਕੇ ਉਸ ਦਾ ਥੋਹ ਸਿਆਪਾ ਕਰ ਰਹੇ ਹਨ ਤੇ ਗੁਰਦੁਆਰੇ ਵਾਲੇ ਉਹਨਾਂ ਨੂੰ ਸਿਰਫ਼ ਮੱਥਾ ਟੇਕਣ ਆਉਣ ਕਾਰਨ ਹੀ ਸਨਮਾਨਿਤ ਕਰ ਰਹੇ ਹਨ, ਕਿੰਨਾ ਚੰਗਾ ਹੁੰਦਾ ਜੇਕਰ ਮੋਦੀ ਨੂੰ ਵੀ ਗੁਰੂ ਘਰ ਵਿੱਚ ਆਮ ਸੰਗਤ ਦਾ ਹਿੱਸਾ ਹੀ ਮੰਨਿਆ ਜਾਂਦਾ!! ਇੱਥੇ ਇਹ ਯਾਦ ਕਰਾਉਣਾ ਬਣਦਾ ਹੈ ਕਿ ਇਹ ਓਹੀ ਮੋਦੀ ਹੈ ਜੋ 26 ਜਨਵਰੀ ਤੇ 15 ਅਗਸਤ ਦੀਆਂ ਲਾਲ ਕਿਲੇ ਵਿਖੇ ਹੁੰਦੀਆਂ ਪਰੇਡਾਂ ਦੇ ਮੌਕਿਆਂ 'ਤੇ ਪੰਜਾਬ ਦੀਆਂ ਸੱਭਿਆਚਾਰਕ ਟੀਮਾਂ ਨੂੰ ਬਾਹਰ ਰੱਖਦਾ ਹੈ ਤੇ ਇਹ ਓਹੀ ਬੰਦਾ ਹੈ ਜੋ ਵੈਸਾਖੀ ਵਰਗੇ ਸ਼ੁੱਭ ਮੌਕਿਆਂ 'ਤੇ ਪੰਜਾਬੀਆਂ ਨੂੰ ਵਧਾਈ ਦੇ ਸੰਦੇਸ਼ ਦੇਣ ਦੀ ਲੋੜ ਨਹੀਂ ਸਮਝਦਾ। ਦਰਅਸਲ ਇਸ ਵਾਰ ਵੀ ਉਹ ਗੁਰਦੁਆਰੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਨਮਨ ਕਰਨ ਨਹੀਂ ਗਿਆ ਸਗੋਂ ਇਸਦੇ ਪਿੱਛੇ ਉਸਦਾ ਮਕਸਦ ਸਿੱਖ ਭਾਈਚਾਰੇ ਦੀ ਉਹ ਹਮਦਰਦੀ ਪ੍ਰਾਪਤ ਕਰਨਾ ਹੈ ਜੋ ਕਿਸੇ ਸਮੇਂ ਅਕਾਲੀ ਦਲ ਦੀ ਮਾਰਫ਼ਤ ਮਿਲਦੀ ਸੀ।

ਭਾਰਤ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਕਿਸਾਨ ਅੰਦੋਲਨ ਦੇ ਕਾਰਨ ਇਸ ਵੇਲੇ ਬਾਹਰੀ ਵਿਰੋਧ ਦੇ ਨਾਲ ਨਾਲ ਪਾਰਟੀ ਦੀ ਅੰਦਰੂਨੀ ਜੰਗ ਦਾ ਵੀ ਸ਼ਿਕਾਰ ਹੁੰਦੀ ਜਾ ਰਹੀ ਹੈ। ਬੇਸ਼ੱਕ ਪਾਰਟੀ ਦੇ ਬਹੁਤੇ ਨੇਤਾ ਇਸ ਮਸਲੇ ਉੱਤੇ ਦੜ ਵੱਟੀਂ ਬੈਠੇ ਹਨ ਪਰ ਪਤਾ ਲੱਗਾ ਹੈ ਕਿ ਅੰਦਰੋਂ ਅੰਦਰੀਂ ਉਹ ਵੀ ਕਿਸਾਨਾਂ ਦੇ ਹੱਕ ਵਿੱਚ ਹਨ। ਹੁਣ ਭਾਜਪਾ ਦੇ ਰਾਜ ਸਭਾ ਮੈਂਬਰ ਤੇ ਸੀਨੀਅਰ ਆਗੂ ਵਰਿੰਦਰ ਕੁਮਾਰ ਨੇ ਮੀਡੀਏ ਵਿੱਚ ਆ ਕੇ ਜ਼ਾਹਿਰਾ ਤੌਰ 'ਤੇ ਕਿਸਾਨਾਂ ਦੇ ਹੱਕ ਵਿੱਚ ਬਿਆਨ ਦੇ ਕੇ ਕਿਹਾ ਹੈ ਕਿ ਕਿਸਾਨਾਂ ਦੀ ਮੰਗ ਬਿਲਕੁਲ ਜਾਇਜ਼ ਹੈ ਤੇ ਸਰਕਾਰ ਨੂੰ ਉਹਨਾਂ ਦੀ ਇਸ ਮੰਗ ਉੱਤੇ ਤੁਰੰਤ ਗ਼ੌਰ ਕਰਨਾ ਚਾਹੀਦਾ ਹੈ। ਸ਼ਾਇਦ ਇਹ ਭਾਜਪਾ ਦੇ ਅੰਦਰੂਨੀ ਕਲਾ ਕਲੰਦਰ ਦਾ ਹੀ ਸਿੱਟਾ ਹੈ ਕਿ ਪ੍ਰਧਾਨ ਮੰਤਰੀ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਖੇਤੀ-ਬਾੜੀ ਮੰਤਰੀ ਨਰਿੰਦਰ ਤੋਮਰ ਦੇ ਤੇਵਰ ਪਹਿਲਾਂ ਨਾਲੋਂ ਕਾਫ਼ੀ ਬਦਲੇ ਹੋਏ ਹਨ ਤੇ ਉਹਨਾਂ ਦੇ ਬਿਆਨਾਂ ਵਿੱਚ ਕਿਸਾਨ ਅੰਦੋਲਨ ਪ੍ਰਤੀ ਸਖ਼ਤੀ ਦੀ ਬਜਾਏ ਨਰਮੀ ਦੀ ਝਲਕ ਨਜ਼ਰ ਆ ਰਹੀ ਹੈ।

# ਕਿਸਾਨਾਂ ਦੇ ਸੋਸ਼ਲ ਮੀਡੀਆ ਅੱਗੇ ਮਨੂ ਮੀਡੀਆ ਫੇਲ

**✪ ਕਿਸਾਨ ਭਾਈਚਾਰਾ ਸੋਸ਼ਲ ਮੀਡੀਆ ਰਾਹੀਂ ਆਪਣਾ ਮਸਲਾ ਦੁਨੀਆ ਸਾਹਮਣੇ ਰੱਖਣ ਵਿਚ ਹੋਇਆ ਕਾਮਯਾਬ ✪ ਕਿਸਾਨ ਅੰਦੋਲਨ ਪੇਜ ਦੇ ਫੇਸਬੁੱਕ ’ਤੇ 1.13 ਲੱਖ ਫਾਲੋਅਰਜ਼ ✪ ‘ਟਰੈਕਟਰ ਟੂ ਟਵਿੱਟਰ’ ਮੁਹਿੰਮ ਨਾਲ ਲੱਖਾਂ ਨਵੇਂ ਕਿਸਾਨਾਂ ਨੂੰ ਜੋੜਿਆ**

**- ਪ੍ਰੋਫੈਸਰ ਕੁਲਬੀਰ ਸਿੰਘ**





ਕਿਸਾਨ ਸੰਘਰਸ਼ ਨੂੰ ਫੇਲ ਅਤੇ ਬਦਨਾਮ ਕਰਨ ਲਈ ਸਰਕਾਰਾਂ, ਏਜੰਸੀਆਂ, ਸਰਕਾਰ ਦਾ ਆਈ.ਟੀ. ਵਿੰਗ ਅਤੇ ਕੁਝ ਚੈਨਲ ਸਿਰ ਤੋੜ ਕੋਸ਼ਿਸ਼ ਕਰ ਰਹੇ ਹਨ ਪ੍ਰੰਤੂ ਇਸ ਵਿਚ ਉਨਾਂ ਨੂੰ ਬਹੁਤੀ ਸਫਲਤਾ ਨਹੀਂ ਮਿਲ ਰਹੀ ਕਿਉਂਕਿ ਕਿਸਾਨ ਅਤੇ ਕਿਸਾਨ ਜਥੇਬੰਦੀਆਂ ਉਨਾਂ ਦੇ ਕੂੜ ਪ੍ਰਚਾਰ ਦਾ ਤੁਰੰਤ ਜਵਾਬ ਦੇ ਰਹੀਆਂ ਹਨ ਅਤੇ ਪਲ ਪਲ ਦੀ ਜਾਣਕਾਰੀ ਸੋਸ਼ਲ ਮੀਡੀਆ ’ਤੇ ਪਾ ਰਹੀਆਂ ਹਨ। ਇਸੇ ਲਈ ਉਨਾਂ ਦਾ ਫੇਸਬੁੱਕ ਅਤੇ ਇੰਸਟਾਗ੍ਰਾਮ ਪੇਜ ਬੰਦ ਕਰਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ। ਕਿਸਾਨ ਅੰਦੋਲਨ ਦੀਆਂ ਸਰਗਰਮੀਆਂ ਨੂੰ ਟੈਲੀਵਿਜ਼ਨ ਚੈਨਲਾਂ ਤੋਂ ਇਲਾਵਾ ਦੁਨੀਆ ਦੇ ਲੱਖਾਂ ਲੋਕ ਆਪਣੇ ਫੋਨ ’ਤੇ ਲਾਈਵ ਵੇਖਦੇ ਹਨ। ਜਦ ਫੇਸਬੁੱਕ ਪੇਜ ਬੰਦ ਕਰਨ ਦਾ ਲੋਕਾਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਤਾਂ ਤਿੰਨ ਚਾਰ ਘੰਟੇ ਬਾਅਦ ਮੁੜ ਸ਼ੁਰੂ ਕਰ ਦਿੱਤਾ ਗਿਆ। ਦਰਅਸਲ ਕਿਸਾਨ ਅੰਦੋਲਨ ਦੇ ਆਰੰਭ ਤੋਂ ਅੱਜ ਤੱਕ ਇਸ ਦੀ ਵਿਉਂਤਬੰਦੀ ਅਤੇ ਚਰਚਾ ਪਿੱਛੇ ਸੋਸ਼ਲ ਮੀਡੀਆ ਦਾ ਵੱਡਾ ਹੱਥ ਹੈ। ਅੰਦੋਲਨ ਦਾ ਅਕਸ ਵਿਗਾੜਨ ਵਿਚ ਲੱਗੇ ਮੀਡੀਆ ਨੂੰ ਸਿੱਧੇ ਤੌਰ ’ਤੇ ਫੀਲਡ ਵਿਚ ਜਵਾਬ ਦੇਣ ਦੇ ਨਾਲ-ਨਾਲ ਲੱਖਾਂ ਲੋਕ ਸੋਸ਼ਲ ਮੀਡੀਆ ਰਾਹੀਂ ਉਨਾਂ ਦਾ ਵਿਰੋਧ ਕਰ ਰਹੇ ਹਨ ਅਤੇ ਉਨਾਂ ਦਾ ਅਸਲ ਮਨੋਰਥ ਦੁਨੀਆ ਸਾਹਮਣੇ ਰੱਖ ਰਹੇ ਹਨ।
ਸੋਸ਼ਲ ਮੀਡੀਆ ਦਾ ਇਸ ਅੰਦੋਲਨ ਨੂੰ ਸਭ ਤੋਂ ਵੱਡਾ ਲਾਭ ਇਹ ਹੈ ਕਿ ਕੋਈ ਵੀ ਜਾਣਕਾਰੀ ਤੇਜ਼ੀ ਨਾਲ ਤਤਫਟ ਪੂਰੀ ਦੁਨੀਆ ਤੱਕ ਪਹੁੰਚ ਜਾਂਦੀ ਹੈ। ਸਰਕਾਰ ਵਾਂਗ ਕਿਸਾਨ ਜਥੇਬੰਦੀਆਂ ਨੇ ਵੀ ਆਪਣਾ ਆਈ.ਟੀ. ਸੈੱਲ ਕਾਇਮ ਕਰ ਲਿਆ ਹੈ ਅਤੇ ਸਰਕਾਰ ਦੇ ਆਈ.ਟੀ. ਸੈੱਲ ਦੀ ਹਰੇਕ ਚਾਲ ਤੇ ਚੁਸਤੀ ਚਲਾਕੀ ਦਾ ਤੁਰੰਤ ਜਵਾਬ ਦਿੱਤਾ ਜਾਂਦਾ ਹੈ। ਇਹੀ ਕਾਰਨ ਹੈ ਕਿ ਸਰਕਾਰ ਹੁਣ ਤੱਕ ਕਿਸਾਨ ਅੰਦੋਲਨ ਨੂੰ ਲੀਹ ਤੋਂ ਲਾਹੁਣ ਵਿਚ ਕਾਮਯਾਬ ਨਹੀਂ ਹੋ ਸਕੀ। ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਦਾ ਫੋਕਸ ਜਿਉਂ ਦਾ ਤਿਉਂ ਬਣਿਆ ਹੋਇਆ ਹੈ। ਸੋਸ਼ਲ ਮੀਡੀਆ ਰਾਹੀਂ ਕਿਸਾਨ ਅੰਦੋਲਨ ਸਬੰਧੀ ਹਰੇਕ ਤਾਜ਼ਾ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ। ਮੀਡੀਆ ਦੇ ਇਕ ਹਿੱਸੇ ਵੱਲੋਂ ਭਰਮ ਭੁਲੇਖੇ ਪਾਉਣ ਦੌਰਾਨ ਕਿਸਾਨ ਭਾਈਚਾਰਾ ਸੋਸ਼ਲ ਮੀਡੀਆ ਰਾਹੀਂ ਅਸਲ ਗੱਲ, ਅਸਲ ਤਸਵੀਰ ਦੁਨੀਆ ਸਾਹਮਣੇ ਰੱਖਣ ਵਿਚ ਕਾਮਯਾਬ ਹੋ ਰਿਹਾ ਹੈ।
ਧਰਨੇ ਦੌਰਾਨ ਕਿਸਾਨਾਂ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਸਿਖਾਈ ਜਾ ਰਹੀ ਹੈ। ਕਿਸਾਨ ਅੰਦੋਲਨ ਪੇਜ ਦੇ ਫੇਸਬੁੱਕ ’ਤੇ 1.13 ਲੱਖ ਫਾਲੋਅਰਜ਼ ਹਨ। ਇਨਾਂ ਵਿਚੋਂ 65000 ਮੌਜੂਦਾ ਅੰਦੋਲਨ ਦੌਰਾਨ ਹੀ ਜੁੜੇ ਹਨ। ਜਿਹੜਾ ਵੀ ਅੰਦੋਲਨ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਨੂੰ ਨਾਲ ਦੀ ਨਾਲ ਜਵਾਬ ਦਿੱਤਾ ਜਾ ਰਿਹਾ ਹੈ। ਵਟਸਐਪ ਗਰੁੱਪ ਬਣਾਏ ਗਏ ਹਨ ਅਤੇ ਕਿਸਾਨ ਲਾਈਵ ਹੋ ਰਹੇ ਹਨ। ਮਿੰਟਾਂ ਵਿਚ ਲਾਈਵ ਹੋ ਕੇ ਜਵਾਬ ਦਿੱਤੇ ਜਾ ਰਹੇ ਹਨ। ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ ਅਤੇ ਵਟਸਐਪ ਗਰੁੱਪਾਂ ਰਾਹੀਂ ਉਹ ਜਵਾਬ ਝਟਪਟ ਪੂਰੀ ਦੁਨੀਆ ਵਿਚ ਪਹੁੰਚ ਜਾਂਦਾ ਹੈ। ਇਹੀ ਕਾਰਨ ਹੈ ਕਿ ਸਰਕਾਰ ਦੇ ਆਈ.ਟੀ. ਵਿੰਗ ਅਤੇ ਸਰਕਾਰ ਪੱਖੀ ਚੈਨਲਾਂ ਨੂੰ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਵਿਚ ਕੋਈ ਵੱਡੀ ਸਫਲਤਾ ਨਹੀਂ ਮਿਲ ਰਹੀ। ਕਿਸਾਨ ਆਪਣੇ ਨੇਤਾਵਾਂ ਦੇ ਭਾਸ਼ਣ ਵੀ ਫੋਨ ’ਤੇ ਸੁਣ ਰਹੇ ਹਨ। ਉਨਾਂ ਨੇ ਜ਼ਿਲਾ ਅਤੇ ਸੂਬਾ ਪੱਧਰ ’ਤੇ ਵਟਸਐਪ ਗਰੁੱਪ ਅਤੇ ਫੇਸਬੁੱਕ ਪੇਜ ਬਣਾਏ ਹਨ, ਜਿਨਾਂ ਰਾਹੀਂ ਲਗਾਤਾਰ ਭਾਸ਼ਣ, ਖ਼ਬਰਾਂ ਅਤੇ ਨਿਊਜ਼ ਚੈਨਲਾਂ ਦੀਆਂ ਸਟੋਰੀਆਂ ਅਪਲੋਡ ਕੀਤੀਆਂ ਜਾ ਰਹੀਆਂ ਹਨ। ਅੰਦੋਲਨ ਸਬੰਧੀ ਗ਼ਲਤ ਪ੍ਰਚਾਰ ਕਰਨ ਵਾਲਿਆਂ ਨੂੰ ਦਿੱਲੀ ਅਤੇ ਵੱਖ-ਵੱਖ ਰਾਜਾਂ ਤੋਂ ਲੱਖਾਂ ਕਿਸਾਨ ਅਜਿਹਾ ਜਵਾਬ ਦਿੰਦੇ ਹਨ ਕਿ ਦੁਬਾਰਾ ਅਜਿਹੀ ਹਰਕਤ ਕਰਨ ਦੀ ਉਨਾਂ ਦੀ ਹਿੰਮਤ ਨਹੀਂ ਪੈਂਦੀ।
ਹਰ ਰੋਜ਼ ਸੈਂਕੜੇ ਹਜ਼ਾਰਾਂ ਕਿਸਾਨ ਵਟਸਐਪ, ਯੂ-ਟਿਊਬ ਅਤੇ ਫੇਸਬੁੱਕ ਦੀ ਵਰਤੋਂ ਸਿੱਖ ਰਹੇ ਹਨ। ਕਿਸਾਨ ਨੇਤਾਵਾਂ ਦਾ ਕਹਿਣਾ ਹੈ ਕਿ ਆਪਣੀ ਗੱਲ ਦੁਨੀਆ ਤੱਕ ਪਹੁੰਚਾਉਣ ਦਾ ਇਹ ਬਿਹਤਰੀਨ ਤਰੀਕਾ, ਬਿਹਤਰੀਨ ਮਾਧਿਅਮ ਹੈ।
ਕਿਸਾਨਾਂ ਦੇ ਇਸ ਰੁਝਾਨ ਨੂੰ ਮੀਡੀਆ ਵੱਖ-ਵੱਖ ਆਕਰਸ਼ਕ ਸੁਰਖੀਆਂ ਨਾਲ ਪੇਸ਼ ਕਰ ਰਿਹਾ ਹੈ। ‘ਟਰੈਕਟਰ ਟੂ ਟਵਿੱਟਰ’ ਅਤੇ ‘ਸਟਰੀਟਸ ਟੂ ਸੋਸ਼ਲ ਮੀਡੀਆ’ ਜਿਹੀਆਂ ਸੁਰਖੀਆਂ ਨੇ ਦੁਨੀਆ ਦਾ ਧਿਆਨ ਖਿੱਚਿਆ ਹੈ। ‘ਟਰੈਕਟਰ ਟੂ ਟਵਿੱਟਰ’ ਮੁਹਿੰਮ ਨੇ ਕਿਸਾਨ ਸੰਘਰਸ਼ ਦੀ ਕਈ ਤਰਾਂ ਸਹਾਇਤਾ ਕੀਤੀ ਹੈ। ਟਵਿੱਟਰ ਨਾਲ ਲੱਖਾਂ ਨਵੇਂ ਕਿਸਾਨਾਂ ਨੂੰ ਜੋੜਿਆ ਗਿਆ ਹੈ ਅਤੇ ਇਹ ਸਾਰੇ ਅਸਲੀ ਹਨ ਫੇਕ ਨਹੀਂ।
ਪਹਿਲਾਂ ਪਹਿਲ ਕੇਵਲ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਪ੍ਰਯੋਗ ਕੀਤਾ ਜਾ ਰਿਹਾ ਸੀ। ਹੁਣ ਹਿੰਦੀ ਦੀ ਵੀ ਬਰਾਬਰ ਵਰਤੋਂ ਹੋ ਰਹੀ ਹੈ। ‘ਹੈਸ਼ਟੈਗ’ ਨਾਲ ਟਵਿੱਟਰ ’ਤੇ ਕਿਸਾਨ ਅੰਦੋਲਨ ਦੇ ਹੱਕ ਵਿਚ ਵੱਡੀ ਮੁਹਿੰਮ ਖੜੀ ਕੀਤੀ ਗਈ ਹੈ। ਸਰਕਾਰ ਅਤੇ ਸੱਤਾਧਾਰੀ ਪਾਰਟੀ ਦੀ ‘ਟਰੋਲ ਆਰਮੀ’ ਦੇ ਦੁਰਪ੍ਰਚਾਰ ਨੂੰ ਰੋਕਣ ਲਈ ਵੱਖ-ਵੱਖ ਵਰਗਾਂ ਦੇ ਲੋਕ ਸਾਰੇ ਮਤਭੇਦ ਭੁਲਾ ਕੇ ਸੋਸ਼ਲ ਮੀਡੀਆ ’ਤੇ ਇਕ ਆਵਾਜ਼ ਵਿਚ ਬੋਲ ਰਹੇ ਹਨ, ‘ਟਰੋਲ ਆਰਮੀ’ ਨੂੰ ਜਵਾਬ ਦੇ ਰਹੇ ਹਨ। ਇਸ ਵਿਚ ਕਿਸਾਨ ਅੰਦੋਲਨ ਦੀ ਵੱਡੀ ਸਫਲਤਾ ਛੁਪੀ ਹੈ। ਸੋਸ਼ਲ ਮੀਡੀਆ ਕਿਸਾਨਾਂ ਨੂੰ ਉਨਾਂ ਦੇ ਆਪਣੇ ਸ਼ਬਦਾਂ ਵਿਚ ਸੱਚ ਬਿਆਨ ਕਰਨ ਦੇ ਮੌਕੇ ਮੁਹੱਈਆ ਕਰ ਰਿਹਾ ਹੈ। ਮੀਡੀਆ ਦਾ ਇਕ ਵੱਡਾ ਹਿੱਸਾ ਅਸਲੀਅਤ ਛੁਪਾ ਰਿਹਾ ਹੈ। ਇਸ ਲਈ ਕਿਸਾਨ ਉਹ ਸਾਰਾ ਕੁਝ ਸੋਸ਼ਲ ਮੀਡੀਆ ’ਤੇ ਪਾ ਰਹੇ ਹਨ ਜੋ ਅਸਲ ਵਿਚ ਵਾਪਰ ਰਿਹਾ ਹੈ। ਦੁਨੀਆ ਲਈ ਕਿਸਾਨ ਅੰਦੋਲਨ ਸਬੰਧੀ ਜਾਣਕਾਰੀ ਦਾ ਸਭ ਤੋਂ ਵੱਡਾ ਮਾਧਿਅਮ ਸੋਸ਼ਲ ਮੀਡੀਆ ਬਣਿਆ ਹੋਇਆ ਹੈ। ਕਿਸਾਨ ਰੋਜ਼ਾਨਾ ਅੰਦੋਲਨ ਦੀਆਂ ਸੈਂਕੜੇ ਛੋਟੀਆਂ-ਛੋਟੀਆਂ ਵੀਡੀਓ ਸੋਸ਼ਲ ਮੀਡੀਆ ’ਤੇ ਪਾ ਰਹੇ ਹਨ, ਜਿਹੜੀਆਂ ਦੇਸ਼ ਦੁਨੀਆ ਤੱਕ ਪਹੁੰਚ ਰਹੀਆਂ ਹਨ। ਲੋਕਾਂ ਨੇ ਟੈਲੀਵਿਜ਼ਨ ’ਤੇ ਨਿਰਭਰਤਾ ਘਟਾ ਦਿੱਤੀ ਹੈ।

---

## ਮੋਦੀ ਸਰਕਾਰ ਕਿਸਾਨੀ ਮਸਲਾ...

ਇਹ ਅੰਦੋਲਨ ਭਾਰਤ ਨੂੰ ਮਹਾਨ ਇਤਿਹਾਸਕ ਤਬਦੀਲੀ ਵਲ ਲੈਕੇ ਜਾਵੇਗਾ।ਅਗੇ ਜਾ ਕੇ ਦਲਿਤ ,ਪਛੜੇ ,ਕਬੀਲੇ ਇਸ ਦੀ ਤਾਕਤ ਬਣਨਗੇ । ਸਟੇਟ ਖੁਦਮੁਖਤਿਆਰੀ ਲਹਿਰਾਂ ਉਠਣ ਦੀ ਸੰਭਾਵਨਾ ਵੀ ਬਣੇਗੀ। ਬਾਬਾ ਸਾਹਿਬ ਅੰਬੇਡਕਰ ਨੇ ਆਪਣੇ ਸਮੇਂ ਉਠੇ ਕਿਸਾਨ ਅੰਦੋਲਨ ਦੀ ਹਮਾਇਤ ਕਰਦਿਆਂ ਕਿਹਾ ਸੀ ਕਿ , “ਜਦੋਂ ਲਖਾਂ ਕਿਸਾਨ ਇਕ ਲਹਿਰ ਵਾਂਗ ਉੱਠਣਗੇ ਤਾਂ ਇਹ ਇਕ ਅਜਿਹੀ ਤਾਕਤ ਹੋਵੇਗੀ ਜੋ ਇੰਨੀ ਸਕਤੀਸਾਲੀ ਅਤੇ ਇੰਨੀ ਤੇਜ ਹੋਵੇਗੀ ਕਿ ਧਰਤੀ ਦੀ ਕੋਈ ਵੀ ਸਕਤੀ ਇਸਦਾ ਸਾਹਮਣਾ ਨਹੀਂ ਕਰ ਸਕੇਗੀ.“। ਬਾਬਾ ਸਾਹਿਬ ਅੰਬੇਡਕਰ ਦੀ ਗਲ ਭਾਰਤੀ ਨੇਤਾਵਾਂ ਨੂੰ ਸਮਝ ਲੈਣੀ ਚਾਹੀਦੀ ਹੈ। ਅੰਡਾਨੀ ਅੰਬਾਨੀ ਤੇ ਰਾਮਦੇਵ ਦਾ ਬਾਈਕਾਟ ਕਿਸਾਨਾਂ ਕੋਲ ਅਜਿਹਾ ਬ੍ਰਹਮ ਅਸਤਰ ਹੈ ਜਿਸਦਾ ਮੁਕਾਬਲਾ ਕੋਈ ਤਾਕਤ ਨਹੀਂ ਕਰ ਸਕਦੀ।ਸਤਾ ਦੀ ਤਾਕਤ ਇਹੀ ਕਾਰਪੋਰੇਟ ਗਰੁਪ ਹੈ।ਕਿਸਾਨ ਅੰਦੋਲਨ ਦੀ ਪ੍ਰਾਪਤੀ ਲੀਡਰਸ਼ਿਪ ਦੀ ਸਿਆਣਪ ਤੇ ਅਵਾਮ ਦੀ ਏਕਤਾ ਨਾਲ ਸੰਭਵ ਹੈ।

**ਬਾਬਾ ਸਾਹਿਬ ਅੰਬੇਡਕਰ ,ਜ਼ਮੀਨ ਦੇ ਹੱਕ ਅਤੇ ਕਿਸਾਨਾਂ ਸਮੱਸਿਆਵਾਂ**

ਭਾਰਤ ਵਿਚ ਸਭ ਤੋਂ ਵੱਡਾ ਕਿਸਾਨੀ ਇਨਕਲਾਬ ਬਾਬਾ ਬੰਦਾ ਸਿੰਘ ਬਹਾਦਰ ਦਾ ਸੀ ਜਿਸਨੇ ਗਰੀਬਾਂ , ਪਛੜਿਆਂ ਨੂੰ ਜ਼ਮੀਨ ਦੇ ਮਾਲਕ ਬਣਾਇਆ।ਪਰ ਜਿਹੜਾ ਦੂਸਰਾ ਇਨਕਲਾਬ ਇਸ ਤੋਂ ਬਾਅਦ ਹੋਇਆ ਉਹ ਬਾਬਾ ਸਾਹਿਬ ਅੰਬੇਡਕਰ ਦਾ ਸੀ ਜਿਹਨਾਂ ਨੇ ਕਿਸਾਨਾਂ ਦੇ ਹਿਤ ਲਈ ਲੰਮਾ ਸੰਘਰਸ਼ ਤੇ ਕਨੂੰਨੀ ਜੰਗ ਲੜੀ। ਪੰਜਾਬ ਦੇ ਅੰਬੇਡਕਰੀਆਂ ਨੂੰ ਇਸ ਬਾਰੇ ਘਟ ਵਾਕਫੀਅਤ ਹੈ। ਖਬੇਪਖੀਆਂ ਨੂੰ ਇਸ ਇਨਕਲਾਬ ਬਾਰੇ ਵਾਕਫੀਅਤ ਹੋਣੀ ਦੂਰ ਦੀ ਗਲ ਹੈ। ਉਹ ਲੈਨਿਨ ਦੇ ਇਨਕਲਾਬ ਤੋਂ ਅਗੇ ਤੁਰਨਾ ਨਹੀਂ ਚਾਹੁੰਦੇ।
ਹਰ ਕੋਈ ਜਾਣਦਾ ਹੈ ਕਿ ਜਦੋਂ ਵੀ ਪੁਰਾਣੇ ਯੁਗ ਵਿਚ ਰਾਜਾ ਕਿਸੇ ਵਿਅਕਤੀ , ਦਰਬਾਰੀ ਜਾਂ ਵਜ਼ੀਰ ਤੋਂ ਖੁਸ ਹੁੰਦਾ ਸੀ ਤਾਂ ਪਿੰਡਾਂ ਦੇ ਪਿੰਡ ਜਾਗੀਰ ਵਜੋਂ ਇਨਾਮ ਵਿੱਚ ਦੇ ਦਿੱਤੇ ਜਾਂਦੇ ਸਨ।ਉਹੀ ਜਾਗੀਰਦਾਰ ਜਾਂ ਜਿਮੀਂਦਾਰ ਬਣਦੇ ਗਏ। ਜਦੋਂ ਰਾਜਾਸਾਹੀ ਢਹਿ-ਢੇਰੀ ਹੋਣ ਲੱਗੀ , ਜਮੀਨ ‘ਤੇ ਨਿੱਜੀ ਮਾਲਕੀਅਤ ਇਹਨਾਂ ਵਲੋਂ ਕਾਇਮ ਕਰ ਲਈ ਗਈ । ਇਹ ਸਭ ਬਾਹਮਣ ਤੇ ਉਚ ਜਾਤਾਂ ਵਿਚੋਂ ਸਨ। ਕੁਝ ਛੋਟੇ ਛੋਟੇ ਖੇਤਾਂ ‘ਤੇ ਦਲਿਤ ਤੇ ਪਛੜੇ ਵੀ ਕਬਜਾ ਕਰਨ ਵਿਚ ਸਫਲ ਹੋਏ।
ਬਰਤਾਨਵੀ ਸਰਕਾਰ ਕੋਲ ਇੱਕ ਰਿਆਤਵਾੜੀ ਪ੍ਰਣਾਲੀ ਸੀ ਜਿਸ ਵਿੱਚ ਜ਼ਿਮੀਦਾਰ ਨੂੰ ਜ਼ਮੀਨ ਦਾ ਲਗਾਨ ਦੇਣਾ ਪੈਂਦਾ ਸੀ। ਜੇ ਲਗਾਨ ਨਾ ਦਿਤਾ ਜਾਂਦਾ ਤਾਂ ਸਰਕਾਰ ਭੂਮੀ ਉਪਰ ਕਬਜ਼ਾ ਕਰ ਲੈਂਦੀ ਸੀ। ਜਦੋਂ ਸਰਕਾਰ ਨੇ ਰਿਆਤਵਾੜੀ ਜ਼ਮੀਨ ਨੂੰ ਵਡੇ ਜ਼ਿਮੀਦਾਰਾਂ ਨੂੰ ਦੇਣ ਦੇ ਲਈ ਸੋਧ ਬਿੱਲ ਪੇਸ ਕੀਤਾ ਤਾਂ ਬਾਬਾ ਸਾਹਿਬ ਅੰਬੇਡਕਰ ਨੇ ਹੀ ਇਸ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਜਮੀਨ ਦੀ ਮਾਲਕੀ ਇਸੇ ਤਰ੍ਹਾਂ ਦਿਤੀ ਗਈ ਤਾਂ ਇਕ ਦਿਨ ਦੇਸ ਤਬਾਹ ਹੋ ਜਾਵੇਗਾ, ਪਰ ਸਰਕਾਰ ਉਨ੍ਹਾਂ ਨਾਲ ਸਹਿਮਤ ਨਹੀਂ ਸੀ। ਭਾਵੇਂ ਉਹ ਰਿਆਤਵਾੜੀ ਪ੍ਰਥਾ ਹੋਵੇ ਜਾਂ ਕੋਈ ਹੋਰ, ਜਿਸ ਵਿਚ ਛੋਟੇ ਕਿਸਾਨਾਂ ਕੋਲ ਜਮੀਨ ਸੀ , ਪਰ ਉਹ ਉਸ ਦੇ ਮਾਲਕ ਨਹੀਂ ਸਨ। ਮਹਾਰਾਸਟਰ ਵਿਚ ਵੀ ਇਕ ਖੋਤੀ ਪ੍ਰਥਾ ਵੀ ਸੀ , ਰਿਆਤਵਾੜੀ ਵਿਚ ਕਿਸਾਨ ਸਿੱਧੇ ਤੌਰ ‘ਤੇ ਸਰਕਾਰ ਨੂੰ ਟੈਕਸ ਦਿੰਦੇ ਸਨ, ਪਰ ਖੋਤੀ ਪ੍ਰਥਾ ਅਨੁਸਾਰ ਇਸ ਵਿਚ ਵਿਚੋਲੀਏ ਰਖੇ ਗਏ ਸਨ , ਜਿਸ ਨੂੰ ਖੋਤ ਵੀ ਕਿਹਾ ਜਾਂਦਾ ਸੀ। ਉਨ੍ਹਾਂ ਕੋਲ ਕਿਸਾਨਾਂ ਤੋਂ ਲਗਾਨ ਲੈਣ ਲਈ ਕੁਝ ਵੀ ਕਰਨ ਦਾ ਅਧਿਕਾਰ ਸੀ, ਉਹ ਕਿਸਾਨਾਂ ‘ਤੇ ਬਹੁਤ ਜੁਲਮ ਕਰਦੇ ਸਨ, ਕਦੇ-ਕਦੇ ਉਹ ਕਿਸਾਨਾਂ ਨੂੰ ਜਮੀਨ ਤੋਂ ਬੇਦਖਲ ਕਰ ਦਿੰਦੇ ਸਨ। ਇਸ ਦੇ ਲਈ ਬਾਬਾ ਸਾਹਿਬ ਅੰਬੇਡਕਰ ਨੇ ਹੀ 1937 ਵਿਚ ਬੰਬਈ ਵਿਧਾਨ ਸਭਾ ਵਿਚ ਇਸ ਪ੍ਰਥਾ ਨੂੰ ਖਤਮ ਕਰਨ ਲਈ ਬਿੱਲ ਪੇਸ ਕੀਤਾ ਅਤੇ ਅੰਬੇਦਕਰ ਜੀ ਦੇ ਯਤਨਾਂ ਨਾਲ ਖੋਤੀ ਪ੍ਰਥਾ ਦਾ ਖਾਤਮਾ ਹੋਇਆ ਅਤੇ ਕਿਸਾਨਾਂ ਨੂੰ ਆਪਣਾ ਹੱਕ ਮਿਲਿਆ ।1927 ਵਿੱਚ ਵੀ, ਬ੍ਰਿਟਿਸ ਸਰਕਾਰ ਨੇ ਬੰਬਈ ਵਿਧਾਨ ਸਭਾ ਵਿੱਚ ਛੋਟੇ ਕਿਸਾਨਾਂ ਦੇ ਖੇਤਾਂ ਨੂੰ ਵਧਾ ਕੇ ਜਮੀਨ ਦੇ ਮਾਲਕ ਨੂੰ ਸੌਂਪਣ ਲਈ ਇੱਕ ਬਿੱਲ ਪੇਸ ਕੀਤਾ, ਤਾਂ ਉਸ ਸਮੇਂ ਬਾਬਾ ਸਾਹਿਬ ਅੰਬੇਡਕਰ ਨੇ ਇਸ ਜਾਬਰ ਬਿਲ ਦਾ ਵਿਰੋਧ ਕੀਤਾ, ਬਾਬਾ ਸਾਹਿਬ ਨੇ ਦਲੀਲ ਦਿੱਤੀ ਕਿ ਖੇਤ ਦਾ ਉਤਪਾਦਕ ਅਤੇ ਨਿਰਉਤਪਾਦਕ ਹੋਣਾ ਉਸ ਦੇ ਆਕਾਰ ‘ਤੇ ਨਿਰਭਰ ਨਹੀਂ ਕਰਦਾ ਉਨ੍ਹਾਂ ਕਿਹਾ ਕਿ ਇਸ ਸਮੱਸਿਆ ਦਾ ਹੱਲ ਖੇਤ ਦਾ ਆਕਾਰ ਵਧਾ ਕੇ ਨਹੀਂ ਕੀਤਾ ਜਾ ਸਕਦਾ , ਸਗੋਂ ਇਸ ਦਾ ਹਲ ਕਿਸਾਨ ਦੇ ਉਦਮ ਤੇ ਮਿਹਨਤ ਉਪਰ ਨਿਰਭਰ ਕਰਦਾ ਹੈ। ਇਸ ਲਈ ਉਨ੍ਹਾਂ ਨੇ ਸਲਾਹ ਦਿੱਤੀ ਸੀ ਕਿ ਸਹਿਕਾਰੀ ਖੇਤੀਬਾੜੀ ਨੂੰ ਆਮ ਖੇਤਰਾਂ ਵਿੱਚ ਅਪਣਾਇਆ ਜਾਵੇ। ਬਾਬਾ ਸਾਹਿਬ ਨੇ ਇੱਕ ਮਿਸਾਲ ਦਿੱਤੀ ਕਿ ਇਟਲੀ, ਫਰਾਂਸ ਅਤੇ ਇੰਗਲੈਂਡ ਦੇ ਕੁਝ ਹਿੱਸਿਆਂ ਵਿੱਚ ਸਹਿਕਾਰੀ ਖੇਤੀ ਨੂੰ ਅਪਣਾਉਣਾ ਲਾਭਦਾਇਕ ਰਿਹਾ ਹੈ।
1946 ਵਿਚ ਵੀ, ਬਾਬਾ ਸਾਹਿਬ ਅੰਬੇਡਕਰ ਨੇ ਸੰਵਿਧਾਨ ਸਭਾ ਨੂੰ ਜਮੀਨ ਦਾ ਰਾਸਟਰੀਕਰਨ ਕਰਨ ਲਈ ਇਕ ਮੈਮੋਰੰਡਮ ਦਿੱਤਾ ਸੀ।ਇਹ ਮੈਮੋਰੰਡਮ ਸਟੇਟਸ ਐਂਡ ਮੈਨੋਰਟੀ ਦੇ ਨਾਮ ਉਪਰ ਅੱਜ ਵੀ ਮੌਜੂਦ ਹੈ। ਉਹ ਜਮੀਨ, ਸਿੱਖਿਆ, ਬੀਮਾ ਉਦਯੋਗ, ਬੈਂਕਾਂ ਦਾ ਰਾਸਟਰੀਕਰਨ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਨਾ ਕੋਈ ਜ਼ਿਮੀਦਾਰ ਰਹੇ ,ਨਾ ਪਟੇਦਾਰ ਤੇ ਨਾ ਹੀ ਕੋਈ ਭੂਮੀਹੀਣ ਰਹੇ।
1954 ਵਿਚ ਵੀ ਬਾਬਾ ਸਾਹਿਬ ਨੇ ਸੰਵਿਧਾਨ ਸਭਾ ਵਿਚ ਜਮੀਨ ਦੇ ਰਾਸਟਰੀਕਰਨ ਦੀ ਦਲੀਲ ਦਿੰਦਿਆਂ ਆਪਣੀ ਆਵਾਜ ਬੁਲੰਦ ਕੀਤੀ ਸੀ, ਪਰ ਕਾਂਗਰਸ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ, ਕਿਉਂਕਿ ਭਾਰਤ ਦਾ ਰਾਜ ਰਾਜਿਆਂ, ਨਵਾਬਾਂ ਅਤੇ ਜਿਮੀਂਦਾਰਾਂ ਦੇ ਹੱਥਾਂ ਵਿਚੋਂ ਹੀ ਆਇਆ ਸੀ, ਜਿਨ੍ਹਾਂ ਦਾ ਮੁਖੀ ਬ੍ਰਾਹਮਣ ਸੀ ਅਤੇ ਉਹ ਬ੍ਰਾਹਮਣ/ਉੱਚ ਜਾਤੀ ਦਾ ਦਬਦਬਾ ਕਾਇਮ ਰਖਣਾ ਚਾਹੁੰਦੇ ਸਨ।ਅਤੇ ਆਰਥਿਕ ਤੌਰ ‘ਤੇ ਦਲਿਤ-ਪੱਛੜੇ ਅਤੇ ਘੱਟ ਗਿਣਤੀਆਂ ਨੂੰ ਕਮਜੋਰ ਰਖਣਾ ਚਾਹੁੰਦੇ ਸਨ।
ਬਾਬਾ ਸਾਹਿਬ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ “ਸਮਾਲ ਹੋਲਡਿੰਗਜ ਇਨ ਇੰਡੀਆ “ ਸਿਰਲੇਖ ਹੇਠ ਇੱਕ ਖੋਜ ਪੱਤਰ ਵੀ ਲਿਖਿਆ। ਮੋਦੀ ਸਰਕਾਰ ਅੱਜ ਫਿਰ ਉਚ ਜਾਤਾਂ ਦੇ ਧਨਾਢਾਂ ਕਾਰਪੋਰੇਟ ਦੇ ਹਕ ਵਿਚ ਕਨੂੰਨ ਬਣਾਕੇ ਕਿਸਾਨੀ ਹਕਾਂ ਉਪਰ ਕਬਜਾ ਕਰਨਾ ਚਾਹੁੰਦੀ ਹੈ , ਜਦਕਿ ਬਾਬਾ ਸਾਹਿਬ ਕਾਰਪੋਰੇਟ , ਪੂੰਜੀਵਾਦ , ਜਗੀਰੂ ਸਿਸਟਮ ਦੇ ਸਖਤ ਵਿਰੋਧੀ ਕਿਰਤੀ ਕਿਸਾਨਾਂ ਦੇ ਹਕ ਵਿਚ ਸਨ।



# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਕੋਰੋਨਾ ਦਾ ਸੰਕਟ ਪੰਜਾਬੀ ਫਿਲਮਾਂ ਉਪਰ

## ਇਸ ਸਾਲ ਰਿਲੀਜ਼ ਹੋਈਆਂ ਸਿਰਫ 10 ਪੰਜਾਬੀ ਫਿਲਮਾਂ

ਅੰਮ੍ਰਿਤਸਰ ਟਾਈਮਜ ਬਿਊਰੋ

ਸਾਲ 2020 ’ਚ ਕੋਰੋਨਾ ਵਾਇਰਸ ਨੇ ਹਰ ਆਮ ਤੇ ਖਾਸ ਵਿਅਕਤੀ ਨੂੰ ਪ੍ਰਭਾਵਿਤ ਕੀਤਾ ਹੈ। ਪੰਜਾਬੀ ਫਿਲਮਾਂ ’ਤੇ ਵੀ ਕੋਰੋਨਾ ਵਾਇਰਸ ਦਾ ਵੱਡਾ ਅਸਰ ਦੇਖਣ ਨੂੰ ਮਿਲਿਆ ਹੈ। ਜਿਥੇ ਕੋਰੋਨਾ ਵਾਇਰਸ ਕਰਕੇ ਅਣਗਿਣਤ ਪੰਜਾਬੀ ਫਿਲਮ ਸ਼ੂਟਿੰਗ ਰੁੱਕ ਗਈ, ਉਥੇ ਇਸ ਸਾਲ ਰਿਲੀਜ਼ ਹੋਣ ਵਾਲੀਆਂ ਪੰਜਾਬੀ ਫਿਲਮਾਂ ਵੀ ਠੰਡੇ ਬਸਤੇ ਪੈ ਗਈਆਂ। ਸਾਲ 2020 ਦੀ ਗੱਲ ਕਰੀਏ ਤਾਂ ਇਸ ਸਾਲ ਸਿਰਫ 10 ਪੰਜਾਬੀ ਫਿਲਮਾਂ ਰਿਲੀਜ਼ ਹੋ ਸਕੀਆਂ ਹਨ। ਆਓ ਜਾਣਦੇ ਹਾਂ ਉਨਾਂ 10 ਪੰਜਾਬੀ ਫਿਲਮਾਂ ਬਾਰੇ

### 1. ਜਾਨ ਤੋਂ ਪਿਆਰਾ (3 ਜਨਵਰੀ, 2020)




ਸਾਲ 2020 ਦੀ ਸ਼ੁਰੂਆਤ ਪੰਜਾਬੀ ਫਿਲਮ ‘ਜਾਨ ਤੋਂ ਪਿਆਰਾ’ ਨਾਲ ਹੋਈ। ਇਸ ਫਿਲਮ ’ਚ ਇੰਦਰਜੀਤ ਨਿੱਕੂ, ਰਾਏ ਜੁਝਾਰ, ਮੰਗੀ ਮਾਹਲ, ਸਾਕਸ਼ੀ ਮਾਗੂ, ਯੁਵਲੀਨ ਕੌਰ, ਵੀਨਾ ਮਲਿਕ, ਸਰਦਾਰ ਸੋਹੀ ਤੇ ਰਾਣਾ ਜੰਗ ਬਹਾਦੁਰ ਮੁੱਖ ਭੂਮਿਕਾ ’ਚ ਸਨ। ਫਿਲਮ ’ਚ ਐਕਸ਼ਨ, ਕਾਮੇਡੀ, ਰੋਮਾਂਸ ਤੇ ਇਮੋਸ਼ਨਜ਼ ਦਾ ਤੜਕਾ ਲਗਾਇਆ ਗਿਆ ਸੀ। ਫਹਿਰਪ੍ਰੀਤ ਸਿੰਘ ਮਠਾੜੂ ਵਲੋਂ ਡਾਇਰੈਕਟ ਕੀਤੀ ਗਈ ਸੀ, ਜਿਸ ਦੀ ਕਹਾਣੀ ਜੇ. ਐੱਸ. ਮਹਿਲ ਕਲਾਂ ਤੇ ਯਸ਼ ਰਾਜ ਧੀਮਾਨ ਨੇ ਲਿਖੀ ਸੀ। ਦਰਸ਼ਕਾਂ ’ਤੇ ਇਹ ਫਿਲਮ ਕੋਈ ਖਾਸ ਅਸਰ ਨਹੀਂ ਦਿਖਾ ਸਕੀ।

### 2. ਖਤਰੇ ਦਾ ਘੁੱਗੂ (17 ਜਨਵਰੀ, 2020)




17 ਜਨਵਰੀ ਨੂੰ ਪੰਜਾਬੀ ਫਿਲਮ ‘ਖਤਰੇ ਦਾ ਘੁੱਗੂ’ ਰਿਲੀਜ਼ ਹੋਈ। ਇਸ ਫਿਲਮ ’ਚ ਜੋਰਡਨ ਸੰਧੂ, ਦਿਲਜੋਤ, ਬੀ. ਐੱਨ. ਸ਼ਰਮਾ, ਅਨੀਤਾ ਸ਼ਬਦੀਸ਼, ਪ੍ਰਕਾਸ਼ ਗਾਧੂ ਆਦਿ ਨੇ ਮੁੱਖ ਭੂਮਿਕਾ ਨਿਭਾਈ ਸੀ। ਇਸ ਫਿਲਮ ’ਚ ਕਾਮੇਡੀ ਦਾ ਤੜਕਾ ਲਗਾਇਆ ਗਿਆ ਸੀ। ਫਿਲਮ ਨੂੰ ਸ਼ਿਵਤਾਰ ਸ਼ਿਵ ਤੇ ਅਮਨ ਚੀਮਾ ਨੇ ਡਾਇਰੈਕਟ ਕੀਤਾ ਸੀ, ਜਦਕਿ ਕਹਾਣੀ ਰਵਿੰਦਰ ਮੰਡ ਨੇ ਲਿਖੀ ਸੀ। ਸਿਨੇਮਾ ਘਰਾਂ ’ਚ ਇਸ ਫਿਲਮ ਨੂੰ ਵੀ ਖਾਸ ਹੁੰਗਾਰਾ ਨਹੀਂ ਮਿਲਿਆ ਸੀ।

### 3. ਜਿੰਦੇ ਮੇਰੀਏ (24 ਜਨਵਰੀ, 2020)




ਪੰਜਾਬੀ ਸਿਨੇਮਾ ਨੂੰ 2020 ’ਚ ਥੋੜਾ ਉਛਾਲ ਫਿਲਮ ‘ਜਿੰਦੇ ਮੇਰੀਏ’ ਨੇ ਦਿੱਤਾ। ਇਸ ਫਿਲਮ ’ਚ ਪਰਮੀਸ਼ ਵਰਮਾ, ਸੋਨਮ ਬਾਜਵਾ, ਯੁਵਰਾਜ ਹੰਸ, ਨਵਨੀਤ ਕੌਰ ਢਿੱਲੋਂ, ਹੋਬੀ ਧਾਲੀਵਾਲ, ਅਨੀਤਾ ਦੇਵਗਨ, ਹਰਦੀਪ ਗਿੱਲ, ਮਲਕੀਤ ਰੌਣੀ ਤੇ ਰਵਿੰਦਰ ਮੰਡ ਨੇ ਮੁੱਖ ਭੂਮਿਕਾ ਨਿਭਾਈ ਸੀ। ਪਰਮੀਸ਼ ਇਸ ਫਿਲਮ ’ਚ ਗ੍ਰੇ ਸ਼ੇਡ ਕਿਰਦਾਰ ’ਚ ਨਜ਼ਰ ਆਏ ਸਨ। ਪਰਮੀਸ਼ ਨੂੰ ਉਨਾਂ ਦੇ ਪ੍ਰਸ਼ੰਸਕਾਂ ਵਲੋਂ ਖ਼ੂਬ ਤਾਰੀਫ ਮਿਲੀ ਸੀ। ਫਿਲਮ ਨੂੰ ਪੰਕਜ ਬਤਰਾ ਨੇ ਡਾਇਰੈਕਟ ਕੀਤਾ ਸੀ, ਜਦਕਿ ਕਹਾਣੀ ਵੀ ਖ਼ੁਦ ਪੰਕਜ ਬਤਰਾ ਨੇ ਲਿਖੀ ਸੀ। ਸਿਨੇਮਾ ਘਰਾਂ ’ਚ ਫਿਲਮ ਨੂੰ ਮਿਲਿਆ-ਜੁਲਿਆ ਹੁੰਗਾਰਾ ਵੇਖਣ ਨੂੰ ਮਿਲਿਆ ਸੀ।

### 4. ਜ਼ਖਮੀ (7 ਫਰਵਰੀ, 2020)




ਆਪਣੇ ਐਕਸ਼ਨ ਕਰਕੇ ਸਭ ਦੇ ਦਿਲਾਂ ’ਚ ਵੱਖਰੀ ਜਗਾ ਬਣਾਉਣ ਵਾਲੇ ਦੇਵ ਖਰੌੜ ਦੀ ਸਾਲ 2020 ’ਚ ਫਿਲਮ ‘ਜ਼ਖਮੀ’ ਰਿਲੀਜ਼ ਹੋਈ। ਦੇਵ ਖਰੌੜ ਨਾਲ ਇਸ ਫਿਲਮ ’ਚ ਆਂਚਲ ਸਿੰਘ, ਬੇਬੀ ਤੇਜੂ ਪੋਪਲੀ, ਲੱਖਾ ਲਹਿਰੀ ਆਦਿ ਨਜ਼ਰ ਆਏ। ਫਿਲਮ ਸਪੀਡ ਰਿਕਾਰਡਸ ਤੇ ਬੀਨੂੰ ਢਿੱਲੋਂ ਦੀ ਪੇਸ਼ਕਸ਼ ਸੀ। ਇਸ ਨੂੰ ਡਾਇਰੈਕਟ ਕਰਨ ਦੇ ਨਾਲ-ਨਾਲ ਕਹਾਣੀ ਤੇ ਸਕ੍ਰੀਨਪਲੇਅ ਵੀ ਇੰਦਰਜੀਤ ਸਿੰਘ ਵਲੋਂ ਲਿਖਿਆ ਗਿਆ ਸੀ। ਹਾਲਾਂਕਿ ਦੇਵ ਖਰੌੜ ਦੇ ਐਕਸ਼ਨ ਦੇ ਬਾਵਜੂਦ ਇਸ ਫਿਲਮ ਨੂੰ ਸਿਨੇਮਾ ਘਰਾਂ ’ਚ ਮਿਲਿਆ-ਜੁਲਿਆ ਹੁੰਗਾਰਾ ਹੀ ਮਿਲਿਆ।

### 5. ਸੁਫਨਾ (14 ਫਰਵਰੀ, 2020)




ਵੈਲੇਨਟਾਈਨਜ਼ ਡੇਅ ਮੌਕੇ ਐਮੀ ਵਿਰਕ ਤੇ ਤਾਨੀਆ ਦੀ ਖ਼ੂਬਸੂਰਤ ਪ੍ਰੇਮ ਕਹਾਣੀ ਵਾਲੀ ਫਿਲਮ ‘ਸੁਫਨਾ’ ਰਿਲੀਜ਼ ਹੋਈ। ਫ’ਿਚ ਐਮੀ ਤੇ ਤਾਨੀਆ ਨਾਲ ਜਗਜੀਤ ਸੰਧੂ, ਸੀਮਾ ਕੌਸ਼ਲ, ਜੈਸਮੀਨ ਬਾਜਵਾ, ਕਾਕਾ ਕੌਟਕੀ, ਮੋਹੀਨੀ ਤੂਰ, ਲੱਖਾ ਲਹਿਰੀ, ਬਲਵਿੰਦਰ ਬੁਲਟ, ਰਬਾਬ ਕੌਰ ਤੇ ਮਿੰਟੂ ਕਾਪਾ ਨੇ ਅਹਿਮ ਕਿਰਦਾਰ ਨਿਭਾਏ ਸਨ। ਜਿਥੇ ਇਸ ਫਿਲਮ ’ਚ ਪ੍ਰੇਮ ਕਹਾਣੀ ਦੇਖਣ ਨੂੰ ਮਿਲੀ, ਉਥੇ ਨਾਲ ਹੀ ਕਾਮੇਡੀ ਤੇ ਇਮੋਸ਼ਨਜ਼ ਨੇ ਵੀ ਦਰਸ਼ਕਾਂ ਨੂੰ ਫਨਿਾਲ ਬੰਨੀ ਰੱਖਿਆ। ਫਿਲਮ ਦੀ ਕਹਾਣੀ ਲਿਖਣ ਦੇ ਨਾਲ-ਨਾਲ ਇਸ ਨੂੰ ਡਾਇਰੈਕਟਰ ਵੀ ਖੁਦ ਜਗਦੀਪ ਸਿੱਧੂ ਨੇ ਕੀਤਾ ਸੀ। ਫਿਲਮ ਬਾਕਸ ਆਫਿਸ ’ਤੇ ਸਫਲ ਸਾਬਿਤ ਹੋਈ।

### 6. ਜੱਗਾ ਜਗਰਾਵਾਂ ਜੋਗਾ (14 ਫਰਵਰੀ, 2020)

14 ਫਰਵਰੀ ਨੂੰ ‘ਸੁਫਨਾ’ ਦੇ ਨਾਲ ਇਕ ਹੋਰ ਪੰਜਾਬੀ ਫਿਲਮ ਰਿਲੀਜ਼ ਹੋਈ ਸੀ, ਜਿਸ ਦਾ ਨਾਂ ਸੀ ‘ਜੱਗਾ ਜਗਰਾਵਾਂ ਜੋਗਾ’। ਇਸ ਫਿਲਮ ਨਾਲ ਕੁਲਬੀਰ ਝਿੰਜਰ ਨੇ ਪਾਲੀਵੁੱਡ




’ਚ ਡੈਬਿਊ ਕੀਤਾ ਸੀ। ਫਿਲਮ ’ਚ ਸ਼ੈਰੀ ਉੱਪਲ, ਹੈਪੀ ਗੋਸਲ, ਜਸ਼ਨ ਅਗਨੀਹੋਤਰੀ, ਅਤੁਲ ਸੋਨੀ, ਵਿਕਟਰ ਜੌਨ ਨੇ ਵੀ ਅਹਿਮ ਕਿਰਦਾਰ ਨਿਭਾਏ ਸਨ। ਫਿਲਮ ਦੀ ਕਹਾਣੀ ਸ਼ੈਰੀ ਉੱਪਲ ਵਲੋਂ ਲਿਖੀ ਗਈ ਸੀ ਤੇ ਇਸ ਨੂੰ ਡਾਇਰੈਕਟ ਵੀ ਸ਼ੈਰੀ ਉੱਪਲ ਨੇ ਹੀ ਕੀਤਾ ਸੀ ਪਰ ਸਿਨੇਮਾਘਰਾਂ ’ਚ ਇਹ ਫਿਲਮ ਫਲਾਪ ਸਾਬਿਤ ਹੋਈ।

### 7. ਇਕ ਸੰਧੂ ਹੁੰਦਾ ਸੀ (28 ਫਰਵਰੀ, 2020)




ਇਸ ਫਿਲਮ ’ਚ ਵੱਡੀ ਸਟਾਰਕਾਸਟ ਦੇਖਣ ਨੂੰ ਮਿਲੀ। ਫਿਲਮ ’ਚ ਗਿੱਪੀ ਗਰੇਵਾਲ ਨੇ ‘ਰਾਜਵੀਰ ਸੰਧੂ’ ਨਾਂ ਦੇ ਮੁੰਡੇ ਦਾ ਕਿਰਦਾਰ ਨਿਭਾਇਆ ਸੀ। ਫਿਲਮ ਐਕਸ਼ਨ ਨਾਲ ਭਰਪੂਰ ਸੀ, ਜਿਸ ’ਚ ਰੋਮਾਂਸ ਵੀ ਦੇਖਣ ਨੂੰ ਮਿਲਿਆ। ਗਿੱਪੀ ਤੋਂ ਇਲਾਵਾ ਫ’ਿਚ ਨੇਹਾ ਸ਼ਰਮਾ, ਰੌਸ਼ਨ ਪ੍ਰਿੰਸ, ਪਵਨ ਮਲਹੋਤਰਾ, ਵਿਕਰਮਜੀਤ ਵਿਰਕ, ਬੱਬਲ ਰਾਏ, ਧੀਰਜ ਕੁਮਾਰ, ਰਘਵੀਰ ਬੋਲੀ, ਜਸਪ੍ਰੇਮ ਢਿੱਲੋਂ ਤੇ ਅਨਮੋਲ ਕਵਾਤਰਾ ਨੇ ਵੀ ਅਹਿਮ ਕਿਰਦਾਰ ਨਿਭਾਏ ਸਨ। ਫਿਲਮ ਨੂੰ ਡਾਇਰੈਕਟ ਰਾਕੇਸ਼ ਮਹਿਤਾ ਨੇ ਕੀਤਾ ਸੀ, ਜਦਕਿ ਕਹਾਣੀ ਜੱਸ ਗਰੇਵਾਲ ਵਲੋਂ ਲਿਖੀ ਗਈ ਸੀ। ਫਿਲਮ ਬਾਕਸ ਆਫਿਸ ਦੀ ਖਿੜਕੀ ’ਤੇ ਉਮੀਦ ਮੁਤਾਬਕ ਹੀ ਕਮਾਈ ਕਰ ਪਾਈ।

### 8. ਜੋਰਾ ਦਿ ਸੈਕਿੰਡ ਚੈਪਟਰ (6 ਮਾਰਚ, 2020)




ਸਾਲ 2017 ’ਚ ਰਿਲੀਜ਼ ਹੋਈ ਪੰਜਾਬੀ ਫਿਲਮ ‘ਜੋਰਾ 10 ਨੰਬਰੀਆ’ ਦਾ ਸੀਕੁਅਲ ‘ਜੋਰਾ ਦਿ ਸੈਕਿੰਡ ਚੈਪਟਰ’ 6 ਮਾਰਚ, 2020 ਨੂੰ ਰਿਲੀਜ਼ ਹੋਈ। ਫਿਲਮ ’ਚ ਦੀਪ ਸਿੱਧੂ ‘ਜੋਰਾ’ ਦੇ ਕਿਰਦਾਰ ’ਚ ਨਜ਼ਰ ਆਏ। ਦੀਪ ਤੋਂ ਇਲਾਵਾ ਧਰਮਿੰਦਰ, ਸਿੰਗਾ, ਜਪਜੀ ਖਹਿਰਾ, ਗੁੱਗੂ ਗਿੱਲ, ਮਾਹੀ ਗਿੱਲ, ਹੋਬੀ ਧਾਲੀਵਾਲ, ਅਸ਼ੀਸ਼ ਦੁੱਗਲ, ਯਾਦ ਗਰੇਵਾਲ, ਕੁਲ ਸਿੱਧੂ ਤੇ ਮੁਕੇਸ਼ ਤਿਵਾਰੀ ਵੀ ਅਹਿਮ ਕਿਰਦਾਰਾਂ ’ਚ ਨਜ਼ਰ ਆਏ। ਦੀਪ ਸਿੱਧੂ ਦੀ ਅਦਾਕਾਰੀ ਦੀ ਫਿਲਮ ’ਚ ਕਾਫੀ ਤਾਰੀਫ ਕੀਤੀ ਗਈ। ਫਿਲਮ ਦੀ ਕਹਾਣੀ, ਸਕ੍ਰੀਨਪਲੇਅ, ਡਾਇਲਾਗਸ ਤੇ ਡਾਇਰੈਕਸ਼ਨ ਅਮਰਦੀਪ ਸਿੰਘ ਗਿੱਲ ਦਾ ਹੀ ਸੀ। ਹਾਲਾਂਕਿ ਫਿਲਮ ਨੂੰ ਸਿਨੇਮਾ ਘਰਾਂ ’ਚ ਮਿਲਿਆ-ਜੁਲਿਆ ਹੁੰਗਾਰਾ ਹੀ ਮਿਲਿਆ।

### 9. ਚੱਲ ਮੇਰਾ ਪੁੱਤ 2 (13 ਮਾਰਚ, 2020)




ਸਾਲ 2020 ਦੀਆਂ ਸੁਪਰਹਿੱਟ ਫਿਲਮ ’ਚ ਸਭ ਤੋਂ ਉੱਪਰ ਨਾਂ ‘ਚੱਲ ਮੇਰਾ ਪੁੱਤ 2’ ਦਾ ਆਉਂਦਾ ਹੈ। ਇਹ ਫਿਲਮ ਭਾਵੇਂ ਸਿਨੇਮਾਘਰਾਂ ’ਚ ਸਿਰਫ 2 ਦਿਨ ਹੀ ਚੱਲੀ ਪਰ ਇਸ ਨੇ ਦਰਸ਼ਕਾਂ ਦੇ ਦਿਲਾਂ ਅੰਦਰ ਵੱਖਰੀ ਜਗਾ ਬਣਾ ਲਈ। ਕਾਮੇਡੀ ਨਾਲ ਭਰਪੂਰ ਇਸ ਫਿਲਮ ਦੇ ਹਰ ਪਾਸੇ ਸ਼ੋਅ ਹਾਊਸਫੁੱਲ ਰਹੇ। ਹਾਲਾਂਕਿ ਕੋਰੋਨਾ ਵਾਇਰਸ ਕਰਕੇ 13 ਮਾਰਚ ਨੂੰ ਰਿਲੀਜ਼ ਹੋਈ ਇਹ ਫਿਲਮ 15 ਮਾਰਚ ਤੋਂ ਸਿਨੇਮਾਘਰ ਬੰਦ ਹੋਣ ਕਾਰਨ ਹਟਾ ਦਿੱਤੀ ਗਈ। ਫਿਲਮ ’ਚ ਅਮਰਿੰਦਰ ਗਿੱਲ, ਗੈਰੀ ਸੰਧੂ, ਸਿਮੀ ਚਾਹਲ, ਇਫਤਿਖਾਰ ਠਾਕੁਰ, ਨਾਸਿਰ ਚਿਨੌਟੀ, ਅਕਰਮ ਉਦਾਸ, ਜ਼ਫਰੀ ਖ਼ਾਨ, ਹਰਦੀਪ ਗਿੱਲ, ਗੁਰਸ਼ਬਦ, ਰੂਬੀ ਅਨੁਮ ਤੇ ਨਿਰਮਲ ਰਿਸ਼ੀ ਨੇ ਅਹਿਮ ਕਿਰਦਾਰ ਨਿਭਾਏ ਸਨ। ਫਿਲਮ ਦੀ ਕਹਾਣੀ ਤੇ ਡਾਇਲਾਗਸ ਰਾਕੇਸ਼ ਧਵਨ ਵਲੋਂ ਲਿਖੇ ਗਏ ਸਨ, ਜਦਕਿ ਇਸ ਨੂੰ ਡਾਇਰੈਕਟ ਜਨਜੋਤ ਸਿੰਘ ਨੇ ਕੀਤਾ ਸੀ। ਫਿਲਮ ਸੁਪਰਹਿੱਟ ਸਾਬਿਤ ਹੋਈ।

### 10. ਇੱਕੋ-ਮਿੱਕੇ (13 ਮਾਰਚ, 2020)




13 ਮਾਰਚ ਨੂੰ ਹੀ ‘ਚੱਲ ਮੇਰਾ ਪੁੱਤ 2’ ਦੇ ਨਾਲ ਪੰਜਾਬੀ ਫਿਲਮ ‘ਇੱਕੋ-ਮਿੱਕੇ’ ਰਿਲੀਜ਼ ਹੋਈ। ਫਿਲਮ ’ਚ ਸਤਿੰਦਰ ਸਰਤਾਜ ਤੇ ਅਦਿਤੀ ਸ਼ਰਮਾ ਨੇ ਮੁੱਖ ਭੂਮਿਕਾ ਨਿਭਾਈ ਸੀ। ਪਿਆਰ ਨਾਲ ਭਰਪੂਰ ਇਸ ਫਿਲਮ ਨੂੰ ਵੀ ਦਰਸ਼ਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਸੀ। ਸਰਤਾਜ ਤੇ ਅਦਿਤੀ ਤੋਂ ਇਲਾਵਾ ਫਿਲਮ ’ਚ ਸਰਦਾਰ ਸੋਹੀ, ਮਾਹਾਬੀਰ ਭੁੱਲਰ, ਸ਼ਿਵਾਨੀ ਸੈਣੀ, ਵੰਦਨਾ ਸ਼ਰਮਾ, ਬੇਗੋ ਬਲਵਿੰਦਰ, ਵਿਜੇ ਕੁਮਾਰ, ਨਵਦੀਪ ਕਲੇਰ, ਮਨਿੰਦਰ ਵੈਲੇ, ਰਾਜ ਧਾਲੀਵਾਲ, ਨੂਰ ਚਾਹਲ ਤੇ ਉਮੰਗ ਸ਼ਰਮਾ ਨੇ ਅਹਿਮ ਕਿਰਦਾਰ ਨਿਭਾਏ ਸਨ। ਫਿਲਮ ਨੂੰ ਪੰਕਜ ਵਰਮਾ ਨੇ ਡਾਇਰੈਕਟ ਕੀਤਾ ਸੀ, ਜਦਕਿ ਇਸ ਦੀ ਕਹਾਣੀ, ਸਕ੍ਰੀਨਪਲੇਅ ਤੇ ਡਾਇਲਾਗਸ ਵੀ ਖ਼ੁਦ ਪੰਕਜ ਵਰਮਾ ਨੇ ਲਿਖੇ ਸਨ। ਫਿਲਮ ਦੇ ਜ਼ਿਆਦਾਤਰ ਸ਼ੋਅਜ਼ ਹਾਊਸਫੁੱਲ ਰਹੇ।

# ਉੱਡਣਾ ਸਿੱਖ ਮਿਲਖਾ ਸਿੰਘ

**- ਦਰਸ਼ਨ ਸਿੰਘ**

ਸਿਰੜ, ਦ੍ਰਿੜ ਇਰਾਦਾ, ਸਖ਼ਤ ਮਿਹਨਤ ਸਫਲਤਾ ਦੀ ਨਿਸ਼ਾਨੀ ਹਨ। ਜੇ ਦੁਖਦਾਈ ਘੜੀਆਂ ਨਿਰਾਸ਼ਾ ਪੈਦਾ ਕਰਦੀਆਂ ਹਨ ਤਾਂ ਜਿਊਣ ਦੀ ਇੱਛਾ ਸ਼ਕਤੀ ਸੁੱਖ ਦੀਆਂ ਘੜੀਆਂ ਵੀ ਲਿਆਉਂਦੀ ਹੈ। ਜਿਸ ਉੱਪਰ ਛੋਟੀ ਉਮਰੇ ਦੁੱਖਾਂ ਦਾ ਪਹਾੜ ਲੱਦਿਆ ਗਿਆ ਸੀ, ਮਿਹਨਤ ਨੇ ਉਸ ਦੀ ਜ਼ਿੰਦਗੀ 'ਚ ਸੁੱਖਾਂ ਦਾ ਉਜਾਲਾ ਕੀਤਾ। ਇਸ ਮਹਾਨ ਅਥਲੀਟ ਨੂੰ ਦੁਨੀਆ 'ਉੱਡਣਾ ਸਿੱਖ' ਮਿਲਖਾ ਸਿੰਘ ਦੇ ਨਾਂ ਨਾਲ ਜਾਣਦੀ ਹੈ। ਮਿਲਖਾ ਸਿੰਘ ਨੇ 80 ਅੰਤਰਰਾਸ਼ਟਰੀ ਦੌੜਾਂ ਵਿੱਚੋਂ 77 ਦੌੜਾਂ ਜਿੱਤੀਆਂ। ਉਸ ਨੇ 400 ਮੀਟਰ ਦੌੜ 'ਚ ਨਵੇਂ ਕੀਰਤੀਮਾਨ ਸਥਾਪਤ ਕੀਤੇ। ਪਾਕਿਸਤਾਨ ਨੇ ਉਸ ਨੂੰ 'ਫਲਾਇੰਗ ਸਿੱਖ' ਦੇ ਖ਼ਿਤਾਬ ਨਾਲ ਨਿਵਾਜਿਆ। ਮਿਲਖਾ ਸਿੰਘ ਦਾ ਜਨਮ ਮਾਤਾ ਚਾਵਲੀ ਕੌਰ ਤੇ ਪਿਤਾ ਸੰਪੂਰਨ ਸਿੰਘ ਦੇ ਘਰ ਪਿੰਡ ਗੋਬਿੰਦਪੁਰਾ, ਤਹਿਸੀਲ ਕੋਟ ਅੱਦੂ, ਜ਼ਿਲਾ ਮੁਜ਼ੱਫ਼ਰਗੜ (ਪਾਕਿਸਤਾਨ) ਵਿਖੇ 20 ਨਵੰਬਰ, 1932 ਨੂੰ ਹੋਇਆ। ਉਨਾਂ ਦੇ ਭੈਣਾਂ-ਭਰਾਵਾਂ ਦੀ ਗਿਣਤੀ 8 ਸੀ। ਅਮੀਰ, ਦੌਲਤ ਤੇ ਮੱਖਣ ਵੱਡੇ ਭਰਾ ਸਨ, ਮੱਖਣੀ, ਹੁੰਦੀ ਤੇ ਈਸ਼ਰ ਵੱਡੀਆਂ ਭੈਣਾਂ ਸਨ ਜਦਕਿ ਗੋਬਿੰਦ ਸਭ ਤੋਂ ਛੋਟਾ ਭਰਾ ਸੀ। ਪਿਤਾ ਸੰਪੂਰਨ ਸਿੰਘ ਕਿਸਾਨ ਸਨ।

**ਹਾਲਾਤ ਨੇ ਬਣਾਇਆ ਦੌੜਾਕ**

ਮਿਲਖਾ ਸਿੰਘ ਨੂੰ ਨਾਲ ਦੇ ਪਿੰਡ ਮਾਸਟਰ ਮੌਲਵੀ ਗ਼ੁਲਾਮ ਮੁਹੰਮਦ ਕੋਲ ਪੜਨੇ ਪਾਇਆ ਗਿਆ। ਪੰਜਵੀਂ ਜਮਾਤ ਤੋਂ ਬਾਅਦ ਮਿਲਖਾ ਸਿੰਘ ਨੂੰ ਕੋਟ ਅੱਦੂ ਦੇ ਸਰਕਾਰੀ ਸਕੂਲ 'ਚ ਦਾਖ਼ਲ ਕਰਵਾਇਆ ਗਿਆ, ਜੋ ਗੋਬਿੰਦਪੁਰਾ ਤੋਂ 7 ਮੀਲ ਦੂਰ ਸੀ। ਘਰ ਤੋਂ ਸਕੂਲ ਤਕ ਲਗਭਗ ਦੋ ਘੰਟੇ ਲੱਗ ਜਾਂਦੇ ਸਨ। ਸਿਆਲਾਂ 'ਚ ਠੰਢ ਨਾਲ ਹੱਥ-ਪੈਰ ਸੁੰਨ ਹੋ ਜਾਂਦੇ ਤੇ ਕਈ ਵਾਰ ਧੁੰਦ ਨਾਲ ਡੰਡੀ ਹੀ ਭੁੱਲ ਜਾਂਦੇ ਅਤੇ ਗਰਮੀਆਂ 'ਚ ਜਦ ਸੂਰਜ ਅੱਗ ਵਰਾਉਂਦਾ ਤਾਂ ਧੁੱਪ ਤੋਂ ਬਚਣ ਲਈ ਇਕ ਦਰੱਖਤ ਤੋਂ ਭੱਜ ਕੇ ਦੂਜੇ ਦਰੱਖਤ ਹੇਠ ਜਾਣਾ, ਪੈਰਾਂ ਦੀਆਂ ਤਲੀਆਂ 'ਤੇ ਛਾਲੇ ਪੈ ਜਾਣੇ। ਅਸਲ ਵਿਚ ਇਹੀ ਮਿਲਖਾ ਸਿੰਘ ਦੀਆਂ ਦੌੜਾਂ ਦਾ ਆਰੰਭ ਸੀ।

ਮਿਲਖਾ ਸਿੰਘ ਲਈ ਸਭ ਤੋਂ ਵੱਧ ਭਿਆਨਕ ਸਮਾਂ 15 ਅਗਸਤ, 1947 ਦਾ ਸੀ, ਜਦੋਂ ਦੇਸ਼ ਦੀ ਵੰਡ ਹੋਈ। ਉਨਾਂ ਦੇ ਪਿੰਡ ਦੇ 1500 ਵਿਅਕਤੀ ਮਾਰੇ ਗਏ, ਜਿਨਾਂ 'ਚ ਉਨਾਂ ਦੇ ਪਰਿਵਾਰ ਦੇ ਵੀ ਬਹੁਤ ਸਾਰੇ ਜੀਅ ਸਨ। ਉਸ ਸਮੇਂ ਦਮ ਤੋੜ ਰਹੇ ਮਿਲਖਾ ਸਿੰਘ ਦੇ ਪਿਤਾ ਦੇ ਮੂੰਹੋਂ ਨਿਕਲੀਆਂ ਆਵਾਜ਼ਾਂ 'ਭਾਗ ਮਿਲਖਾ ਭਾਗ' ਅੱਜ ਵੀ ਉਨਾਂ ਦੇ ਕੰਨਾਂ 'ਚ ਗੂੰਜਦੀਆਂ ਹਨ। ਕਦੇ ਦੌੜਦਾ, ਕਦੇ ਤੁਰਦਾ, ਲੁਕਦਾ-ਛਿਪਦਾ, ਜ਼ਿੰਦਗੀ ਨੂੰ ਬਚਾਉਂਦਾ ਮਿਲਖਾ ਸਿੰਘ ਮਸਾਂ ਹੀ ਸਟੇਸ਼ਨ 'ਤੇ ਪੁੱਜਾ ਤੇ ਲਹੂ ਨਾਲ ਲੱਥਪੱਥ ਮੁਲਤਾਨ ਜਾਣ ਵਾਲੀ ਰੇਲ ਗੱਡੀ 'ਤੇ ਚੜਿਆ। ਮੁਲਤਾਨ ਵੀ ਜਦ ਸੁਰੱਖਿਅਤ ਨਾ ਰਿਹਾ ਤਾਂ ਸਰਕਾਰੀ ਹੁਕਮ ਆ ਗਿਆ ਕਿ ਹਿੰਦੂ-ਸਿੱਖ ਫ਼ੌਜੀਆਂ ਦੇ ਪਰਿਵਾਰਾਂ ਨੂੰ ਫ਼ੌਰਨ ਭਾਰਤ ਭੇਜਿਆ ਜਾਵੇ। ਮਿਲਖਾ ਸਿੰਘ ਦਾ ਭਰਾ ਮੱਖਣ ਸਿੰਘ ਫ਼ੌਜ 'ਚ ਸੀ। ਹੋਰਨਾਂ ਪਰਿਵਾਰਾਂ ਨਾਲ ਮਿਲਖਾ ਸਿੰਘ, ਉਨਾਂ ਦੇ ਭਰਾ ਮੱਖਣ ਸਿੰਘ ਦੀ ਪਤਨੀ ਜੀਤ ਵੀ ਫ਼ੌਜੀ ਟਰੱਕ 'ਚ ਬੈਠ ਕੇ ਹੁਸੈਨੀਵਾਲਾ ਫ਼ਿਰੋਜ਼ਪੁਰ ਸਰਹੱਦ ਵੱਲ ਚੱਲ ਪਏ। ਇਹ ਬੜਾ ਭਿਆਨਕ ਸਫ਼ਰ ਸੀ।

**ਫ਼ੌਜ ਦੀ ਨੌਕਰੀ**

1952 ਵਿਚ ਮਿਲਖਾ ਸਿੰਘ ਫ਼ੌਜ 'ਚ ਭਰਤੀ ਹੋ ਗਿਆ। ਤਨਖ਼ਾਹ 39 ਰੁਪਏ ਮਹੀਨਾ ਸੀ। 1953 'ਚ ਜਦ ਫ਼ੌਜ ਵਿਚ ਛੇ ਮੀਲ ਦੀ ਦੌੜ ਲਗਵਾਈ ਗਈ ਤਾਂ ਮਿਲਖਾ ਸਿੰਘ ਛੇਵੀਂ ਥਾਂ 'ਤੇ ਆਇਆ। ਇਹ ਦੌੜ ਹਰ ਰੋਜ਼ ਲਗਵਾਈ ਜਾਂਦੀ ਸੀ। ਛੇ ਹਫ਼ਤੇ ਬਾਅਦ ਕਰਾਸ-ਕੰਟਰੀ ਦੌੜ 'ਚ



ਮਿਲਖਾ ਸਿੰਘ ਦੂਜੇ ਨੰਬਰ 'ਤੇ ਆਇਆ। ਉਸ ਨੇ ਪਹਿਲੀ ਵਾਰ 400 ਮੀਟਰ ਦੌੜ 63 ਸਕਿੰਟਾਂ 'ਚ ਪੂਰੀ ਕੀਤੀ। ਰੋਜ਼ ਅਭਿਆਸ ਨਾਲ ਇਹ ਸਮਾਂ ਘਟ ਕੇ ਇਕ ਮਿੰਟ ਤੋਂ ਵੀ ਹੇਠਾਂ ਆ ਗਿਆ। ਮਿਲਖਾ ਸਿੰਘ ਦਾ ਰੰਗਰੂਟੀ ਸਮੇਂ ਸਾਰਾ ਦਿਨ ਪਰੇਡ 'ਚ ਲੰਘ ਜਾਂਦਾ ਤੇ ਰਾਤ ਨੂੰ ਉਹ ਖਾਣਾ ਆਪਣੀ ਬੈਰਕ 'ਚ ਲੁਕੋ ਦਿੰਦਾ। ਜਦ ਸਾਰੇ ਸਾਥੀ ਸੌਂ ਰਹੇ ਹੁੰਦੇ ਤਾਂ ਉਹ ਚੁੱਪ-ਚਾਪ ਮੈਦਾਨ 'ਚ ਜਾ ਕੇ ਅਭਿਆਸ ਕਰਦਾ। ਮੈਦਾਨ ਵਿਚ ਪੰਜ-ਛੇ ਚੱਕਰ ਪੂਰੇ ਕਰ ਕੇ ਉਹ ਬੈਰਕ 'ਚ ਆਉਂਦਾ, ਨਹਾਉਂਦਾ ਤੇ ਰਾਤ ਦੀ ਰੋਟੀ ਖਾਂਦਾ।

**ਕੀਰਤੀਮਾਨ**

ਉੱਡਣੇ ਸਿੱਖ ਨੂੰ ਜ਼ਿੰਦਗੀ ਦੀਆਂ ਦੋ ਘਟਨਾਵਾਂ ਹਮੇਸ਼ਾ ਦਿਲਗੀਰ ਕਰੀ ਰੱਖਦੀਆਂ ਹਨ - ਦੇਸ਼ ਦੀ ਵੰਡ ਦੌਰਾਨ ਪਰਿਵਾਰ ਦਾ ਕਤਲੇਆਮ ਤੇ ਰੋਮ 'ਚ ਆਪਣੀ ਹਾਰ। ਰਿਟਾਇਰ ਹੋਣ ਤੋਂ ਬਾਅਦ ਮਿਲਖਾ ਸਿੰਘ ਨੇ ਐਲਾਨ ਕੀਤਾ ਕਿ ਜਿਹੜਾ ਅਥਲੀਟ ਉਸ ਦਾ 45.6 ਸਕਿੰਟ ਦਾ ਓਲੰਪਿਕ ਰਿਕਾਰਡ ਤੋੜੇਗਾ, ਉਹ ਉਸ ਨੂੰ ਦੋ ਲੱਖ ਰੁਪਏ ਦਾ ਇਨਾਮ ਦੇਵੇਗਾ।

**ਵਿਆਹ ਤੇ ਪਰਿਵਾਰਕ ਜੀਵਨ**

ਮਿਲਖਾ ਸਿੰਘ ਦਾ ਵਿਆਹ 4 ਮਈ, 1963 ਨੂੰ ਨਿੰਮੀ ਨਾਲ ਹੋਇਆ। ਉਸ ਸਮੇਂ ਮਿਲਖਾ ਸਿੰਘ ਖੇਡ ਮਹਿਕਮੇ ਦਾ ਡਿਪਟੀ ਡਾਇਰੈਕਟਰ ਤੇ ਨਿੰਮੀ ਸਹਾਇਕ ਡਾਇਰੈਕਟਰ ਦੇ ਅਹੁਦੇ 'ਤੇ ਸੀ। ਇਨਾਂ ਦਾ ਵਿਚੋਲਾ ਤਤਕਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਸਨ। ਨਿੰਮੀ ਭਾਰਤੀ ਮਹਿਲਾ ਵਾਲੀਬਾਲ ਟੀਮ ਦੀ ਕਪਤਾਨ ਸੀ। ਇਨਾਂ ਦਾ ਮੇਲ ਪਹਿਲੀ ਵਾਰ 1956 ਨੂੰ ਕੋਲੰਬੋ ਵਿਖੇ ਹੋਇਆ। ਉਨਾਂ ਦੀਆਂ ਧੀਆਂ ਅਲੀਜ਼ਾ ਤੇ ਮੋਨਾ ਵਧੀਆ ਤੈਰਾਕ ਰਹੀਆਂ ਹਨ, ਸੋਨੀਆ ਕਮਾਲ ਦੀ ਟੈਨਿਸ ਖਿਡਾਰਨ ਰਹੀ ਹੈ ਤੇ ਬੇਟਾ ਜੀਵ ਮਿਲਖਾ ਸਿੰਘ ਚੰਗਾ ਦੌੜਾਕ ਤੇ ਸਕੂਲ ਦੀ ਕ੍ਰਿਕਟ ਟੀਮ ਦਾ ਜਿੱਥੇ ਕਪਤਾਨ ਰਿਹਾ ਹੈ ਉੱਥੇ ਗੋਲਫ਼ ਦਾ ਕੌਮਾਂਤਰੀ ਖਿਡਾਰੀ ਹੈ। ਜੀਵ ਨੂੰ ਸੰਨ 1999 ਵਿਚ ਅਰਜੁਨ ਐਵਾਰਡ ਤੇ 2007 ਵਿਚ ਪਦਮਸ਼੍ਰੀ ਮਿਲਿਆ।

ਉੱਡਣਾ ਸਿੱਖ ਮਿਲਖਾ ਸਿੰਘ ਆਪਣੇ ਪਰਿਵਾਰ ਸਮੇਤ ਪੋਤੇ, ਦੋਹਤੇ-ਦੋਹਤੀਆਂ ਵਾਲਾ ਖ਼ੁਸ਼ਹਾਲ ਜੀਵਨ ਬਤੀਤ ਕਰ ਰਿਹਾ ਹੈ। ਉਨਾਂ ਨੇ ਚੰਡੀਗੜ ਵਿਚ 'ਮਿਲਖਾ ਸਿੰਘ ਚੈਰੀਟੇਬਲ ਟਰੱਸਟ' ਖੋਲਿਆ ਹੋਇਆ ਹੈ ਅਤੇ ਲੋੜਵੰਦਾਂ, ਗ਼ਰੀਬਾਂ ਤੇ ਖ਼ਾਸ ਕਰਕੇ ਗ਼ਰੀਬ ਖਿਡਾਰੀਆਂ ਨੂੰ ਮਾਨਵੀ ਸੇਵਾਵਾਂ ਮੁਹੱਈਆ ਕਰਵਾ ਰਹੇ ਹਨ। ਅਸੀਂ ਉਨਾਂ ਦੀ ਲੰਬੀ ਉਮਰ ਦੀ ਕਾਮਨਾ ਕਰਦੇ ਹਾਂ।

# ਕੌਮਾਂਤਰੀ ਮੈਦਾਨ ਵਿਚ ਨਿੱਤਰਨ ਵਾਲੇ ਸੰਸਾਰਪੁਰ ਦੇ ਹਾਕੀ ਖਿਡਾਰੀ

**- ਸੁਖਵਿੰਦਰਜੀਤ ਸਿੰਘ ਮਨੌਲੀ**

ਹਾਕੀ ਖੇਡ ਨਾਲ ਨਹੁੰ-ਮਾਸ ਦਾ ਰਿਸ਼ਤਾ ਰੱਖਣ ਵਾਲੇ ਸੰਸਾਰਪੁਰ ਦੇ ਹਾਕੀ ਖਿਡਾਰੀ ਸੰਸਾਰ ਪੱਧਰ 'ਤੇ ਹਾਕੀ ਦਾ ਝੰਡਾਬਰਦਾਰ ਕਹੇ ਜਾ ਸਕਦੇ ਹਨ। ਦੇਸ਼-ਵਿਦੇਸ਼ ਦੇ ਹਾਕੀ ਪ੍ਰਸੰਸਕਾਂ ਨੂੰ ਇਸ ਪਿੰਡ ਦੇ ਦੋ ਦਰਜਨ ਤੋਂ ਵੱਧ ਹਾਕੀ ਓਲੰਪੀਅਨਾਂ 'ਤੇ ਸਦਾ ਮਾਣ ਰਹੇਗਾ। ਕਈ ਅਜਿਹੇ ਮੌਕੇ ਵੀ ਆਏ ਜਦੋਂ ਕੌਮਾਂਤਰੀ ਮੈਦਾਨ ਵਿਚ ਨਿੱਤਰਨ ਵਾਲੇ ਸੰਸਾਰਪੁਰ ਦੇ ਸੱਤ-ਅੱਠ ਖਿਡਾਰੀਆਂ ਦੀ ਸ਼ਮੂਲੀਅਤ ਹੁੰਦੀ ਸੀ।

**ਓਲੰਪੀਅਨ ਬਿੰਦੀ ਸਿੰਘ ਕੁਲਾਰ**

ਕੈਨੇਡਾ ਦੀ ਹਾਕੀ ਦੀ ਚਰਚਾ ਛਿੜਨ 'ਤੇ ਸੰਸਾਰਪੁਰ ਦੇ ਓਲੰਪੀਅਨ ਬਿੰਦੀ ਸਿੰਘ ਕੁਲਾਰ ਦਾ ਨਾਂ ਸਾਹਮਣੇ ਆਉਂਦਾ ਹੈ। ਕੈਨੇਡੀਅਨ ਹਾਕੀ ਓਲੰਪੀਅਨ ਬਿੰਦੀ ਸਿੰਘ ਕੁਲਾਰ ਦਾ ਕਿਸੇ ਸਮੇਂ ਵਿਸ਼ਵ ਹਾਕੀ ਵਿਚ ਕੋਈ ਤੋੜ ਨਹੀਂ ਸੀ। ਉਹ ਹਾਕੀ ਖੇਡਦਾ ਕਦੇ ਦਬਾਅ 'ਚ ਨਹੀਂ ਸੀ ਆਉਂਦਾ, ਨਾ ਕਦੇ ਝਿਜਕਦਾ।

ਬਿੰਦੀ ਸਿੰਘ 2005 ਵਿਚ ਕੈਨੇਡਾ ਤੋਂ ਜਲੰਧਰ 'ਚ ਸੁਰਜੀਤ ਸਿੰਘ ਯਾਦਗਾਰੀ ਹਾਕੀ ਟੂਰਨਾਮੈਂਟ ਖੇਡਣ ਆਇਆ ਤਾਂ ਉਸ ਨੂੰ ਮਿਲਣ ਦਾ ਮੌਕਾ ਮਿਲਿਆ। ਬਿੰਦੀ ਦਾ ਜਨਮ 11 ਜੁਲਾਈ, 1976 ਨੂੰ ਕੈਨੇਡਾ ਦੇ ਰਿਚਮੰਡ ਸ਼ਹਿਰ 'ਚ ਕੈਨੇਡੀਅਨ ਹਾਕੀ ਟੀਮ ਦੇ ਕੌਮਾਂਤਰੀ ਖਿਡਾਰੀ ਪ੍ਰਿਤਪਾਲ ਸਿੰਘ ਕੁਲਾਰ ਤੇ ਮਾਤਾ ਗੁਰਬਖ਼ਸ਼ ਕੌਰ ਦੇ ਘਰ ਹੋਇਆ। ਬਿੰਦੀ ਤੋਂ ਇਲਾਵਾ ਉਸ ਦੀਆਂ ਦੋ ਛੋਟੀਆਂ ਭੈਣਾਂ ਸਰੀਨਾ ਕੌਰ ਕੁਲਾਰ ਤੇ ਰੀਨਾ ਕੌਰ ਕੁਲਾਰ ਹਨ। ਬਿੰਦੀ ਕੁਲਾਰ ਦੀ ਜੀਵਨ ਸਾਥਣ ਦਾ ਨਾਂ ਕਵਿਤਾ ਕੌਰ ਸੈਣੀ ਹੈ।

ਬਿੰਦੀ ਦੇ ਪਿਤਾ ਪ੍ਰਿਤਪਾਲ ਸਿੰਘ ਕੁਲਾਰ ਨੇ ਸਪੋਰਟਸ ਸਕੂਲ ਜਲੰਧਰ ਤੋਂ ਹਾਕੀ ਖੇਡਣ ਦੀ ਸ਼ੁਰੂਆਤ ਕੀਤੀ। ਸਕੂਲ ਤੋਂ ਹੀ ਪ੍ਰਿਤਪਾਲ ਸਿੰਘ ਨੂੰ ਪੰਜਾਬ ਪੁਲਿਸ ਨੇ ਆਪਣੀ ਹਾਕੀ ਟੀਮ ਨਾਲ ਜੋੜ ਲਿਆ। 1971 ਵਿਚ ਉਹ ਕੈਨੇਡਾ ਜਾ ਵਸੇ। ਇੱਥੇ ਪ੍ਰਿਤਪਾਲ ਸਿੰਘ ਨੇ 'ਇੰਡੀਆ ਹਾਕੀ ਕਲੱਬ' ਦਾ ਪੱਲਾ ਫੜਿਆ ਤੇ 1972 ਤੋਂ 1990 ਤਕ ਅਠਾਰਾਂ ਸਾਲ ਇਸ ਕਲੱਬ ਲਈ ਕੈਨੇਡੀਅਨ ਹਾਕੀ ਲੀਗ ਖੇਡਿਆ। ਇਸ ਤੋਂ ਮਗਰੋਂ ਬਿੰਦੀ ਕੁਲਾਰ ਵੀ ਇਸ ਕਲੱਬ ਦੀ ਟੀਮ ਨਾਲ ਜੁੜ ਗਿਆ।

ਅੱਠ ਸਾਲ ਦੀ ਉਮਰ 'ਚ ਬਿੰਦੀ ਸਕੂਲ ਦੀ ਅੰਡਰ-12 ਟੀਮ ਲਈ ਫ਼ੀਲਡ ਹਾਕੀ ਖੇਡਿਆ। ਅੰਡਰ-14, ਅੰਡਰ-16 ਤੇ ਅੰਡਰ-18 ਵਰਗ 'ਚ ਉਸ ਨੇ ਧਮਾਕੇਦਾਰ ਖੇਡ ਦਾ ਪ੍ਰਦਰਸ਼ਨ ਕਰ ਕੇ ਕੈਨੇਡਾ ਵਾਸੀਆਂ ਦੇ ਦਿਲ ਜਿੱਤਣੇ ਸ਼ੁਰੂ ਕਰ ਦਿੱਤੇ। 16 ਸਾਲ ਦੀ ਉਮਰ 'ਚ ਬਿੰਦੀ ਨੇ ਕੈਨੇਡਾ ਦੀ ਜੂਨੀਅਰ ਟੀਮ ਲਈ ਖੇਡਣਾ ਸ਼ੁਰੂ ਕੀਤਾ। ਉਸ ਦਾ ਕੈਨੇਡਾ ਦੀ ਸੀਨੀਅਰ ਟੀਮ ਨਾਲ ਖੇਡਣ ਦਾ ਸੀਜ਼ਨ 1998 ਦੇ ਐਟਰੈਖਟ (ਹਾਲੈਂਡ) 'ਚ ਖੇਡੇ ਗਏ 9ਵੇਂ ਆਲਮੀ ਹਾਕੀ ਕੱਪ ਤੋਂ ਸ਼ੁਰੂ ਹੋਇਆ। 1998 'ਚ ਉਸ ਨੇ ਰਾਸ਼ਟਰਮੰਡਲ ਖੇਡਾਂ 'ਚ ਹਿੱਸਾ ਲਿਆ। ਸਿਡਨੀ-2000 ਵਿਚ ਓਲੰਪਿਕ ਹਾਕੀ 'ਚ ਹਿੱਸਾ ਲੈ ਕੇ ਉਹ ਓਲੰਪੀਅਨ ਬਣਿਆ। 2002 ਵਿਚ ਉਹ ਕਾਮਨਵੈਲਥ ਹਾਕੀ ਖੇਡਿਆ। ਵਿਨੀਪੈਗ 'ਚ 1999



ਵਿਚ ਹੋਈ ਪੈਨ ਅਮਰੀਕੀ ਹਾਕੀ ਚੈਂਪੀਅਨਸ਼ਿਪ ਵਿਚ ਆਪਣੀ ਟੀਮ ਨੂੰ ਚੈਂਪੀਅਨ ਬਣਾਉਣ 'ਚ ਉਸ ਨੇ ਅਹਿਮ ਰੋਲ ਨਿਭਾਇਆ। ਹਾਲੈਂਡ ਦੇ ਐਮਸਤਲਵੀਨ ਜੀਸੀ ਹਾਕੀ ਕਲੱਬ ਵੱਲੋਂ ਪੇਸ਼ੇਵਾਰਾਨਾ ਹਾਕੀ ਖੇਡਣ ਵਾਲਾ ਬਿੰਦੀ ਕੁਲਾਰ ਸੈਂਟਰ ਫਾਰਵਰਡ ਪੁਜ਼ੀਸ਼ਨ 'ਤੇ ਖੇਡਦਾ ਸੀ।

**ਓਲੰਪੀਅਨ ਸੁਖਵਿੰਦਰ ਸਿੰਘ ਗੱਬਰ**

ਕੈਨੇਡਾ ਦੀ ਹਾਕੀ ਟੀਮ 'ਚ ਖੇਡਣ ਵਾਲਾ ਸੁਖਵਿੰਦਰ ਸਿੰਘ ਉਨਾਂ ਵਿਦੇਸ਼ੀ ਪੰਜਾਬੀ ਖਿਡਾਰੀਆਂ ਵਿਚ ਸ਼ਾਮਲ ਹੋਇਆ, ਜਿਨਾਂ ਨੇ ਬੇਗਾਨੇ ਦੇਸ਼ਾਂ ਦੀਆਂ ਟੀਮਾਂ ਨੂੰ ਵਿਸ਼ਵ-ਵਿਆਪੀ ਜਿੱਤਾਂ ਦਿਵਾਉਣ 'ਚ ਵੱਡਾ ਯੋਗਦਾਨ ਪਾਇਆ ਹੈ। 'ਗੱਬਰ' ਅੱਲ ਨਾਲ ਜਾਣੇ ਜਾਂਦੇ ਕੈਨੇਡੀਅਨ ਓਲੰਪੀਅਨ ਸੁਖਵਿੰਦਰ ਸਿੰਘ ਦਾ ਜਨਮ ਗੁਰਦਾਸਪੁਰ ਜ਼ਿਲੇ ਦੇ ਪਿੰਡ ਬਹਾਦਰ ਹੁਸੈਨ ਵਿਖੇ ਸ. ਬਚਨ ਸਿੰਘ ਦੇ ਗ੍ਰਹਿ ਵਿਖੇ 15 ਨਵੰਬਰ, 1978 ਨੂੰ ਹੋਇਆ। ਮੁਹਾਲੀ ਦੇ ਸ਼ਿਵਾਲਿਕ ਸਕੂਲ 'ਚ ਪੜਨ ਸਮੇਂ ਗੱਬਰ ਨੂੰ ਹਾਕੀ ਖੇਡਣ ਦਾ ਸ਼ੌਕ ਜਾਗਿਆ ਤੇ ਉਸ ਨੇ ਵਿਸ਼ਵ ਹਾਕੀ ਦੇ ਗਲਿਆਰੀਆਂ 'ਚ ਆਪਣੀ ਪਛਾਣ ਬਣਾਈ। ਗੱਬਰ ਦੀਆਂ ਖੇਡ ਛਮਕਾਂ ਨਾਲ ਭੰਨੀਆਂ ਬਹੁਤੀਆਂ ਵਿਰੋਧੀ ਟੀਮਾਂ ਕੱਖੋਂ ਹੌਲੀਆਂ ਹੋਈਆਂ। ਅੱਜ ਗੱਬਰ ਦਾ ਨਾਂ ਵਿਸ਼ਵ ਹਾਕੀ ਦੇ ਚੋਟੀ ਦੇ ਖਿਡਾਰੀਆਂ ਵਿਚ ਸ਼ੁਮਾਰ ਹੈ। ਸੁਖਵਿੰਦਰ ਗੱਬਰ ਕੈਨੇਡਾ ਦੀ ਕੌਮੀ ਟੀਮ ਨਾਲ ਦੋ ਵਾਰ ਹਾਕੀ ਟੂਰਨਾਮੈਂਟ ਖੇਡਣ ਲਈ ਭਾਰਤ ਦੇ ਹਾਕੀ ਮੈਦਾਨਾਂ ਵਿਚ ਦਸਤਕ ਦੇ ਚੁੱਕਾ ਹੈ। ਦਿੱਲੀ ਵਿਸ਼ਵ ਹਾਕੀ ਕੱਪ-2010 ਤੇ ਦਿੱਲੀ 'ਚ ਹੀ 2011 ਦੇ ਲੰਡਨ ਓਲੰਪਿਕ ਹਾਕੀ ਕੁਆਲੀਫਾਈਰ ਟੂਰਨਾਮੈਂਟ 'ਚ ਉਸ ਨੇ ਹਿੱਸਾ ਲਿਆ।

ਸੁਖਵਿੰਦਰ ਨੇ 2004 ਵਿਚ ਕੈਨੇਡਾ ਦੀ ਟੀਮ ਲਈ ਜਰਮਨ ਤੇ ਦੱਖਣੀ ਅਫ਼ਰੀਕੀ ਹਾਕੀ ਟੀਮ ਨਾਲ ਟੈਸਟ ਲੜੀਆਂ ਖੇਡ ਕੇ ਖੇਡ ਸਫ਼ਰ ਸ਼ੁਰੂ ਕੀਤਾ। ਉਹ ਬ੍ਰਾਜ਼ੀਲ 'ਚ 2007 ਵਿਚ ਪੈਨ ਅਮਰੀਕੀ ਗੇਮਜ਼ ਖੇਡਿਆ, ਜਿਸ 'ਚ ਕੈਨੇਡਾ ਨੂੰ ਚੈਂਪੀਅਨ ਬਣਾਉਣ 'ਚ ਉਸ ਨੇ ਅਹਿਮ ਭੂਮਿਕਾ ਨਿਭਾਈ। ਪੇਈਚਿੰਗ-2008 ਓਲੰਪਿਕ 'ਚ ਉਸ ਨੇ ਕੈਨੇਡਾ ਦੀ ਟੀਮ ਦੀ ਪ੍ਰਤੀਨਿਧਤਾ ਕੀਤੀ।

**ਓਲੰਪੀਅਨ ਰਵਿੰਦਰ ਸਿੰਘ ਕਾਹਲੋਂ**

ਰਵੀ ਕਾਹਲੋਂ ਦੇ ਨਾਂ ਨਾਲ ਪ੍ਰਸਿੱਧ ਕੈਨੇਡੀਅਨ ਹਾਕੀ ਓਲੰਪੀਅਨ ਰਵਿੰਦਰ ਸਿੰਘ ਕਾਹਲੋਂ ਦਾ ਪਿਛੋਕੜ ਜ਼ਿਲਾ ਗੁਰਦਾਸਪੁਰ ਨਾਲ ਜੁੜਦਾ ਹੈ। 15 ਮਈ 1979 ਨੂੰ ਵਿਕਟੋਰੀਆ, ਬ੍ਰਿਟਿਸ਼ ਕੋਲੰਬੀਆ 'ਚ ਜਨਮੇ ਰਵੀ ਨੂੰ ਹਾਕੀ ਖੇਡ ਦੀ ਗੁੜਤੀ ਉਸ ਦੇ ਪਿਤਾ ਨੇ ਦਿੱਤੀ। ਉਸ ਨੇ 12 ਸਾਲ ਦੀ ਉਮਰ 'ਚ ਵਿਕਟੋਰੀਆ ਹਾਕੀ ਲੀਗ ਖੇਡ ਕੇ ਫ਼ੀਲਡ ਹਾਕੀ 'ਚ ਕਦਮ ਰੱਖਣ ਤੋਂ ਬਾਅਦ ਕੈਨੇਡਾ ਦੀ ਕੌਮੀ ਟੀਮ ਨਾਲ ਓਲੰਪਿਕ ਤੇ ਵਿਸ਼ਵ ਹਾਕੀ ਖੇਡਣ ਦਾ ਸਫ਼ਰ ਤਹਿ ਕੀਤਾ।

41 ਸਾਲਾ ਰਵੀ ਕਾਹਲੋਂ ਨੂੰ 1999 ਵਿਚ ਕੈਨੇਡਾ ਦੀ ਜੂਨੀਅਰ ਹਾਕੀ ਟੀਮ ਵੱਲੋਂ ਕੌਮਾਂਤਰੀ ਪੱਧਰ 'ਤੇ ਖੇਡਣ ਦਾ ਮੌਕਾ ਮਿਲਿਆ। ਯੂਨਾਈਟਿਡ ਹਾਕੀ ਕਲੱਬ ਦੀ ਟੀਮ ਦੀ ਕੈਨੇਡੀਅਨ ਲੀਗ 'ਚ ਪ੍ਰਤੀਨਿਧਤਾ ਕਰਨ ਵਾਲੇ ਰਵੀ ਨੂੰ ਜੂਨੀਅਰ ਹਾਕੀ ਟੀਮ ਦੀ ਕਪਤਾਨੀ ਕਰਨ ਦਾ ਹੱਕ ਵੀ ਹਾਸਲ ਹੋਇਆ। ਵਿਕਟੋਰੀਆ ਦੇ ਕੈਮੋਸਨ ਕਾਲਜ ਦਾ ਸਟੂਡੈਂਟ ਰਹੇ ਰਵੀ ਨੂੰ 2000 ਵਿਚ ਕੌਮਾਂਤਰੀ ਹਾਕੀ ਖੇਡਣ ਲਈ ਸੀਨੀਅਰ ਹਾਕੀ ਟੀਮ 'ਚ ਸ਼ਾਮਲ ਕੀਤਾ ਗਿਆ। ਉਸ ਨੇ ਬਰੱਸਲਜ਼ 'ਚ ਮਲੇਸ਼ੀਆ ਵਿਰੁੱਧ ਪਹਿਲਾ ਕੌਮਾਂਤਰੀ ਮੈਚ ਖੇਡਣ ਤੋਂ ਇਲਾਵਾ ਸਿਡਨੀ-2000 ਓਲੰਪਿਕ ਵਿਚ ਕੈਨੇਡਾ ਦੀ ਟੀਮ ਦੀ ਨੁਮਾਇੰਦਗੀ ਕੀਤੀ। ਰਵੀ ਨੂੰ ਈਡਨਬਰਗ-2001 ਵਿਸ਼ਵ ਹਾਕੀ ਕੱਪ ਕੁਆਲੀਫਾਇਰ ਟੂਰਨਾਮੈਂਟ ਖੇਡਣ ਦਾ ਮਾਣ ਹਾਸਲ ਹੋਇਆ। ਸਾਂਤੋ ਡੋਮਿੰਗੋ-2004 ਪੈਨ ਅਮਰੀਕਨ ਗੇਮਜ਼ 'ਚ ਸਿਲਵਰ ਮੈਡਲ ਜਿੱਤਣ ਵਾਲੀ ਕੈਨੇਡੀਅਨ ਟੀਮ ਨਾਲ ਉਹ ਮੈਦਾਨ 'ਚ ਨਿੱਤਰਿਆ। ਸਿਡਨੀ-2000 ਤੇ ਬੀਜਿੰਗ-2008 ਓਲੰਪਿਕ ਹਾਕੀ 'ਚ ਕੈਨੇਡਾ ਦੀ ਪ੍ਰਤੀਨਿਧਤਾ ਕਰਦੇ ਹੋਏ ਉਹ ਓਲੰਪੀਅਨ ਖਿਡਾਰੀ ਬਣਿਆ। ਮੈਲਬਰਨ-2006 'ਚ ਕਾਮਨਵੈਲਥ ਗੇਮਜ਼ 'ਚ ਹਿੱਸਾ ਲੈਣ ਵਾਲੇ ਰਵੀ ਕਾਹਲੋਂ ਨੇ ਬੀਜਿੰਗ-2008 ਓਲੰਪਿਕ ਖੇਡਣ ਤੋਂ ਬਾਅਦ ਆਪਣੀ ਹਾਕੀ ਕਿੱਲੀ 'ਤੇ ਟੰਗ ਦਿੱਤੀ। ਕੈਨੇਡੀਅਨ ਕੁੜੀ ਲਿਲੀ ਨੂੰ ਜੀਵਨ ਸਾਥੀ ਚੁਣਨ ਵਾਲੇ ਰਵੀ ਨੂੰ 2013 ਵਿਚ 'ਡੈਲਟਾ ਸਪੋਰਟਸ ਹਾਲ ਆਫ ਫੇਮ' ਸਨਮਾਨ ਨਾਲ ਨਿਵਾਜਿਆ ਗਿਆ।

**ਓਲੰਪੀਅਨ ਰਣਜੀਵ ਸਿੰਘ ਦਿਓਲ**

ਕੈਨੇਡੀਅਨ ਹਾਕੀ ਓਲੰਪੀਅਨ ਰਣਜੀਵ ਸਿੰਘ ਦਿਓਲ ਦਾ ਜਨਮ 19 ਅਕਤੂਬਰ, 1976 'ਚ ਓਨਟਾਰੀਓ, ਕੈਨੇਡਾ ਵਿਚ ਸਾਬਕਾ ਹਾਕੀ ਓਲੰਪੀਅਨ ਸੁਰਜੀਤ ਸਿੰਘ ਦਿਓਲ ਦੇ ਗ੍ਰਹਿ ਵਿਖੇ ਹੋਇਆ। ਰਣਜੀਵ ਦੇ ਪਿਤਾ ਸੁਰਜੀਤ ਸਿੰਘ ਨੇ ਤਿੰਨ ਓਲੰਪਿਕ ਹਾਕੀ ਐਡੀਸ਼ਨਾਂ 'ਚ ਹਿੱਸਾ ਲਿਆ। ਰਣਜੀਵ ਦਿਓਲ ਨੂੰ ਕਾਮਨਵੈਲਥ ਗੇਮਜ਼ ਕੁਆਲਾਲੰਪੁਰ-1998 ਖੇਡਣ ਲਈ ਕੈਨੇਡਾ ਹਾਕੀ ਟੀਮ ਵਿਚ ਬਰੇਕ ਮਿਲੀ। ਇਡਨਬਰਗ-2001 'ਚ ਵਿਸ਼ਵ ਹਾਕੀ ਕੱਪ ਕੁਆਲੀਫਾਈ ਮੁਕਾਬਲਾ ਖੇਡਣ ਵਾਲੇ ਰਣਜੀਵ ਨੂੰ ਮਾਨਚੈਸਟਰ-2002 ਰਾਸ਼ਟਰਮੰਡਲ ਖੇਡਾਂ 'ਚ ਕੈਨੇਡੀਅਨ ਟੀਮ ਦੀ ਪ੍ਰਤੀਨਿਧਤਾ ਕਰਨ ਦਾ ਮਾਣ ਹਾਸਲ ਹੋਇਆ। ਰਣਜੀਵ ਦਿਓਲ ਨੇ ਮੈਡਰਿਡ 'ਚ ਖੇਡੇ ਗਏ ਏਥਨਜ਼ ਓਲੰਪਿਕ ਕੁਆਲੀਫਾਈ ਟੂਰਨਾਮੈਂਟ 'ਚ ਕੌਮੀ ਟੀਮ ਦੀ ਨੁਮਾਇੰਦਗੀ ਕੀਤੀ। ਲੰਡਨ-2004 ਪੈਨ-ਅਮਰੀਕੀ ਹਾਕੀ ਕੱਪ ਵਿਚ ਸਿਲਵਰ ਮੈਡਲ ਜਿੱਤਣ ਵਾਲੀ ਟੀਮ ਵੱਲੋਂ ਖੇਡਣ ਵਾਲੇ ਰਣਜੀਵ ਦੀ ਚੋਣ ਮਲੇਸ਼ੀਆ 'ਚ ਖੇਡੇ ਜਾਣ ਵਾਲੇ ਸੁਲਤਾਨ ਅਜ਼ਲਾਨ ਸ਼ਾਹ ਹਾਕੀ ਕੱਪ ਖੇਡਣ ਵਾਲੀ ਕੌਮੀ ਟੀਮ ਵਿਚ ਕੀਤੀ ਗਈ। ਕੈਨੇਡਾ ਹਾਕੀ ਟੀਮ ਦੇ ਚੋਣਕਾਰਾਂ ਵੱਲੋਂ ਬੀਜਿੰਗ-2008 ਓਲੰਪਿਕ ਹਾਕੀ ਖੇਡਣ ਵਾਲੀ ਕੌਮੀ ਟੀਮ ਦੇ ਦਸਤੇ 'ਚ ਉਸ ਨੂੰ ਜਗਾ ਦਿੱਤੀ ਗਈ। ਅਰਜਨਟੀਨਾ ਦੇ ਸ਼ਹਿਰ ਸਾਲਟਾ-2009 'ਚ ਚੈਂਪੀਅਨ ਚੈਲੇਂਜ ਹਾਕੀ ਕੱਪ ਖੇਡਣ ਤੇ ਪੈਨ-ਅਮਰੀਕੀ ਕੱਪ ਵਿਚ ਸੋਨ ਤਗਮਾ ਜੇਤੂ ਟੀਮ ਦੀ ਨੁਮਾਇੰਦਗੀ ਕਰਨ ਵਾਲੇ ਰਣਜੀਵ ਸਿੰਘ ਨੂੰ ਨਵੀਂ ਦਿੱਲੀ-2010 ਵਿਸ਼ਵ ਹਾਕੀ ਕੱਪ ਖੇਡਣ ਦਾ ਹੱਕ ਹਾਸਲ ਹੋਇਆ।

ਜ਼ਿਲਾ ਲੁਧਿਆਣਾ ਦੇ ਪਿੰਡ ਬੋਪਾਰਾਏ ਕਲਾਂ ਨਾਲ ਸਬੰਧਤ ਰਣਜੀਵ ਨੇ ਹਾਲੈਂਡ ਦੇ ਹਾਕੀ ਕਲੱਬ ਕੋਸਟ ਕਿੰਗਜ਼ ਵੱਲੋਂ ਪੇਸ਼ੇਵਾਰਾਨਾ ਖੇਡ ਦਾ ਆਗਾਜ਼ ਕੀਤਾ। ਇਸ ਸਮੇਂ ਆਸਟ੍ਰੇਲੀਅਨ ਵੁੱਡ ਵਿਲੇ ਹਾਕੀ ਕਲੱਬ ਵੱਲੋਂ ਖੇਡਣ ਵਾਲੇ ਰਣਜੀਵ ਨੂੰ ਡੱਚ ਹਾਕੀ ਲੀਗ 'ਚ ਹੋਟਰਡਮ ਹਾਕੀ ਕਲੱਬ, ਐੱਮਓਪੀ ਹਾਕੀ ਕਲੱਬ ਤੇ ਡੇਨ ਬੋਸਚ ਹਾਕੀ ਕਲੱਬ ਦੀਆਂ ਟੀਮਾਂ ਨਾਲ ਹਾਕੀ ਲੀਗ ਖੇਡਣ ਲਈ ਸਮਝੌਤੇ ਸਾਈਨ ਕਰਨ ਦੇ ਮੌਕੇ ਨਸੀਬ ਹੋਏ।


Sir Speedy Tustin Printers to the Community
SUBWAY eat fresh.
OPEN 24 HOURS
7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Nº 1001
Receipt Books
Customized with your information and design. 2 part carbonless with numbering and perforation.
Call for Price
Leve
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
SHER BESAN SUPER FINE
SHER BESAN SUPER FINE
www.sherbrarmills.com